# ANNEXURE
**To**
# PUNJAB VIDHAN SABHA
# DEBATES

***Monday, the 25th February, 2019***

Vol. VII- No. 9

**OFFICIAL REPORT**

## CONTENTS


| | Page |
|---|---|
| Unstarred Questions (Converted as such from being Starred Questions) and Answers | (9) 1 |
| Appendix | (i-v) |


**Punjab Vidhan Sabha Secretariat, Chandigarh**

Price : Rs.________

**PUNJAB VIDHAN SABHA**

***Monday, the 25th Februrary, 2019***

**ANNEXURE**

*This Annexure contains Unstarred Questions (Converted as such from being Starred Questions) and Answers for the meeting dated 25th February, 2019)*

------

**UNSTARRED QUESTIONS (CONVERTED AS SUCH FROM BEING STARRED QUESTIONS) AND ANSWERS**

**ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਮਨਜ਼ੂਰ ਹੋਈਆਂ ਪੇਂਡੂ ਲਿੰਕ ਸੜਕਾਂ ਦੀ ਗਿਣਤੀ**

***1711. (ਸੀ.ਯੂ.) ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਕੀ ਲੋਕ ਨਿਰਮਾਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਅੰਦਰ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਜਨਵਰੀ, 2017 ਤੋਂ ਮਿਤੀ ਬੱਧ ਤੱਕ ਕਿੰਨੀਆਂ ਨਵੀਆਂ ਪੇਂਡੂ ਲਿੰਕ ਸੜਕਾਂ ਮਨਜ਼ੂਰ ਹੋਈਆਂ ਹਨ ਅਤੇ ਇਨ੍ਹਾਂ ਵਿੱਚੋਂ ਜਿਹੜੀਆਂ ਸੜਕਾਂ ਚੌੜਾਈ ਘੱਟ ਹੋਣ ਕਾਰਨ ਇਸ ਸਕੀਮ ਅਧੀਨ ਮਨਜ਼ੂਰ ਨਹੀਂ ਹੋ ਸਕੀਆਂ, ਉਨ੍ਹਾਂ ਨੂੰ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਤਹਿਤ ਮਨਜ਼ੂਰ ਕਰਵਾਉਣ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ?

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** ਸ਼੍ਰੀਮਾਨ ਜੀ, ਪੀ.ਐਮ.ਜੀ.ਐਸ.ਵਾਈ. ਸਕੀਮ ਅਧੀਨ ਜਨਵਰੀ, 2017 ਤੋਂ ਹੁਣ ਤੱਕ ਕੋਈ ਨਵੀਆਂ ਪੇਂਡੂ ਲਿੰਕ ਸੜਕਾਂ ਮਨਜ਼ੂਰ ਨਹੀਂ ਹੋਈਆਂ।

------

## ਕਿਸਾਨਾਂ ਨੂੰ ਕੀੜੇਮਾਰ ਅਤੇ ਰਸਾਇਣਕ ਦਵਾਈਆਂ ਦਾ ਸਹੀ ਇਸਤੇਮਾਲ ਕਰਨ ਬਾਰੇ ਜਾਣਕਾਰੀ ਦੇਣਾ

***1713. (ਸੀ.ਯੂ.). ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਅੰਦਰ ਕੀੜੇਮਾਰ ਅਤੇ ਰਸਾਇਣਕ ਦਵਾਈਆਂ ਦੀ ਲੋੜ ਤੋਂ ਵੱਧ ਮਿਕਦਾਰ ਵਿੱਚ ਵਰਤੋਂ ਕਾਰਨ ਇਹ ਮਾਤਰਾ ਹੁਣ ਖਤਰੇ ਵਾਲੀ ਸੀਮਾ ਤੱਕ ਪਹੁੰਚ ਗਈ ਹੈ ਅਤੇ ਇਨ੍ਹਾਂ ਦਵਾਈਆਂ ਕੈਮੀਕਲਜ਼ ਦੇ ਰੈਜੀਡਿਊ (residue) ਨੇ ਧਰਤੀ ਹੇਠਲੇ ਪਾਣੀ ਨੂੰ ਬਹੁਤ ਪ੍ਰਦੂਸ਼ਿਤ ਕਰ ਦਿੱਤਾ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਕਿਸਾਨਾਂ ਨੂੰ ਇਨ੍ਹਾਂ ਦਵਾਈਆਂ ਦਾ ਸਹੀ ਇਸਤੇਮਾਲ ਕਰਨ ਅਤੇ ਇਨ੍ਹਾਂ ਦੀ ਵਰਤੋਂ ਦੀ ਮਾਤਰਾ ਨੂੰ ਘਟਾਉਣ ਵਾਸਤੇ ਕੀ ਉਪਰਾਲੇ ਕਰ ਰਹੀ ਹੈ?

**ਕੈਪਟਨ ਅਮਰਿੰਦਰ ਸਿੰਘ:** ਨਹੀਂ ਜੀ, ਰਾਜ ਵਿੱਚ ਕੀੜੇਮਾਰ ਅਤੇ ਰਸਾਇਣਕ ਦਵਾਈਆਂ ਦੀ ਵਰਤੋਂ ਨੇ ਖਤਰੇ ਵਾਲੀ ਸੀਮਾ ਪਾਰ ਨਹੀਂ ਕੀਤੀ ਹੈ। ਇਨ੍ਹਾਂ ਦਵਾਈਆਂ ਦੇ ਰੈਜੀਡਿਊ ਨਾਲ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਿਤ ਕਰਨ ਦੀ ਕੋਈ ਰਿਪੋਰਟ ਨਹੀਂ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਾਲ 2007-08 ਅਤੇ 2008-09 ਦੌਰਾਨ ਜ਼ਿਲ੍ਹਾ ਅੰਮ੍ਰਿਤਸਰ, ਲੁਧਿਆਣਾ ਅਤੇ ਪਟਿਆਲਾ ਵਿੱਚ ਕੀਤੀ ਸਟੱਡੀ ਦੌਰਾਨ ਧਰਤੀ ਹੇਠਲੇ ਲਏ ਕਿਸੇ ਵੀ ਸੈਂਪਲ ਵਿੱਚ ਪੈਸਟੀਸਾਈਡ ਦੇ ਅੰਸ਼ ਨਹੀਂ ਪਾਏ ਗਏ। ਫਿਰ ਵੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੂੰ ਤਾਜ਼ਾ ਸਟੱਡੀ ਕਰਨ ਲਈ ਕਿਹਾ ਗਿਆ ਹੈ। ਮੁੱਦੇ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦਿਆਂ ਖੇਤੀਬਾੜੀ ਵਿਭਾਗ ਵੱਲੋਂ ਲਗਾਤਾਰ ਕਿਸਾਨ ਸਿਖਲਾਈ ਕੈਂਪ ਲਗਾ ਕੇ ਕੀੜੇਮਾਰ ਜ਼ਹਿਰਾਂ ਦੀ ਸੰਜਮ, ਲੋੜ ਅਨੁਸਾਰ ਅਤੇ ਸੁਰੱਖਿਅਤ ਵਰਤੋਂ ਸਬੰਧੀ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

------

## ਨਵੇਂ ਭਰਤੀ ਹੋਏ ਕਰਮਚਾਰੀਆਂ ਦਾ ਪਰਖ-ਕਾਲ ਦਾ ਸਮਾਂ ਘਟਾਉਣਾ

***1715. (ਸੀ.ਯੂ.) ਠੇਕੇਦਾਰ ਮਦਨ ਲਾਲ ਜਲਾਲਪੁਰ:** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨਵੇਂ ਭਰਤੀ ਹੋਏ ਕਰਮਚਾਰੀਆਂ ਦਾ ਪਰਖ-ਕਾਲ ਸਮਾਂ, ਜੋ ਪਹਿਲਾਂ 2 ਸਾਲਾਂ ਦਾ ਹੁੰਦਾ ਸੀ ਅਤੇ ਹੁਣ 3 ਸਾਲਾਂ ਦਾ ਕਰ ਦਿੱਤਾ ਗਿਆ ਹੈ, ਨੂੰ ਦੁਬਾਰਾ ਘਟਾ ਕੇ 2 ਸਾਲ ਕਰਨ ਸਬੰਧੀ ਕੋਈ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਕੈਪਟਨ ਅਮਰਿੰਦਰ ਸਿੰਘ :** ਨਹੀਂ ਜੀ।

------

## ਪਟਿਆਲਾ-ਸਰਹਿੰਦ ਸੜਕ ਤੇ ਚਿੱਟੀ ਲਾਈਨ ਲਗਾਉਣਾ

***1716. (ਸੀ.ਯੂ.) ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਟਿਆਲਾ-ਸਰਹਿੰਦ ਸੜਕ ਤੇ ਚਿੱਟੀ ਲਾਈਨ ਲਗਾਉਣ ਦਾ ਵਿਚਾਰ ਰੱਖਦੀ ਹੈ ਕਿਉਂਕਿ ਇਹ ਲਾਈਨ ਨਾ ਦਿੱਸਣਯੋਗ ਹੋਣ ਕਾਰਨ ਇਸ ਤੇ ਪਿਛਲੇ ਦਿਨਾਂ ਵਿੱਚ ਬਹੁਤ ਹਾਦਸੇ ਹੋ ਚੁੱਕੇ ਹਨ ਅਤੇ ਸ਼ਹੀਦੀ ਜੋੜ ਮੇਲੇ ਜਾਣ ਵਿੱਚ ਵੀ ਸੰਗਤਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਹੈ; ਜੇਕਰ ਹਾਂ ਤਾਂ ਇਹ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਪਟਿਆਲਾ-ਸਰਹਿੰਦ ਸੜਕ ਉੱਪਰ ਕਿ:ਮੀ: 1.25 ਤੋਂ ਕਿ:ਮੀ: 8.03 (ਗੁਰਦੁਆਰਾ ਦੁਖ ਨਿਵਾਰਨ ਸਾਹਿਬ ਪਟਿਆਲਾ ਤੋਂ ਪਿੰਡ ਬਾਰਨ) ਤੱਕ ਚਿੱਟੀ ਲਾਈਨ ਲਗਾ ਦਿੱਤੀ ਗਈ ਹੈ। ਕਿ:ਮੀ: 8.03 ਤੋਂ 29551 (ਪਿੰਡ ਬਾਰਨ ਤੋਂ ਮਾਧੋਪੁਰ ਜੰਕਸ਼ਨ) ਤੱਕ ਮਿਤੀ 28.02.2019 ਤੱਕ ਚਿੱਟੀ ਲਾਈਨ ਲਗਾਉਣ ਦਾ ਕੰਮ ਕਰ ਦਿੱਤਾ ਜਾਵੇਗਾ।

------

## ਹਲਕਾ ਘਨੌਰ ਦੀਆਂ ਸਹਿਕਾਰੀ ਸਭਾਵਾਂ ਸਬੰਧੀ

***1718. (ਸੀ.ਯੂ.) ਠੇਕੇਦਾਰ ਮਦਨ ਲਾਲ ਜਲਾਲਪੁਰ:** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਹਲਕਾ ਘਨੌਰ ਦੀਆਂ ਕਿਹੜੀਆਂ ਸਹਿਕਾਰੀ ਸਭਾਵਾਂ ਲਾਭ ਵਿੱਚ ਜਾ ਰਹੀਆਂ ਹਨ ਤੇ ਕਿਹੜੀਆਂ ਘਾਟੇ ਵਿੱਚ ਜਾ ਰਹੀਆਂ ਹਨ ਅਤੇ ਇਨ੍ਹਾਂ ਦੇ ਘਾਟੇ ਵਿੱਚ ਜਾਣ ਦੇ ਕੀ ਕਾਰਨ ਹਨ;

(ਅ) ਕੀ ਇਹ ਘਾਟੇ ਵਿੱਚ ਜਾਣ ਵਾਲੀਆਂ ਸਹਿਕਾਰੀ ਸਭਾਵਾਂ ਦੀ ਪੜਤਾਲ ਸਮਾਂ-ਬੱਧ ਕਰਵਾਈ ਜਾਵੇਗੀ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ?

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** (ੳ) ਲਾਭ ਵਾਲੀਆਂ ਸਹਿਕਾਰੀ ਸਭਾਵਾਂ, ਘਾਟੇ ਵਾਲੀਆਂ ਸਹਿਕਾਰੀ ਸਭਾਵਾਂ ਅਤੇ ਘਾਟੇ ਵਿੱਚ ਜਾਣ ਦੇ ਕਾਰਨ ਕ੍ਰਮਵਾਰ ਅਨੁਲੱਗ ੳ, ਅ ਅਤੇ ੲ ਤੇ ਰੱਖੇ ਜਾਂਦੇ ਹਨ।

ਅ) ਘਾਟੇ ਵਿੱਚ ਚੱਲ ਰਹੀਆਂ ਸਹਿਕਾਰੀ ਸਭਾਵਾਂ ਦਾ ਨਿਰੀਖਣ ਹਲਕਾ ਨਿਰੀਖਕ ਅਤੇ ਨਿਰੀਖਕ ਪੜਤਾਲ ਵੱਲੋਂ ਸਮਾਂ-ਬੱਧ ਕੀਤਾ ਜਾਂਦਾ ਹੈ।ਪੜਤਾਲ ਦੌਰਾਨ ਜੋ ਤਰੁੱਟੀਆਂ ਪਾਈਆਂ ਜਾਂਦੀਆਂ ਹਨ, ਉਨ੍ਹਾਂ ਦੀ ਪਾਲਣਾ ਲਈ ਦੋਸ਼ੀ ਵਿਅਕਤੀਆਂ/ਕਰਮਚਾਰੀਆਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਂਦੀ ਹੈ।

## ਅਨੁਲੱਗ-ੳ

## ਲਾਭ ਵਾਲੀਆਂ ਸਭਾਵਾਂ ਦੀ ਸੂਚੀ

**ਲੜੀ ਨੰ: ਸਭਾਵਾਂ ਦੇ ਨਾਮ**

**ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾਵਾਂ**

1 ਦੀ ਨਿਆਮਤਪੁਰ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਨਿਆਮਤਪੁਰ।

2 ਦੀ ਮੰਜੋਲੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਐਟ ਘਨੌਰ।

3 ਦੀ ਸਲੇਮਪੁਰ ਜੱਟਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ: ਸਲੇਮਪੁਰ ਜੱਟਾਂ।

4 ਦੀ ਜੰਡ ਮੰਗੋਲੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ: ਜੰਡ ਮੰਗੋਲੀ।

5 ਦੀ ਉਲਾਨਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਉਲਾਨਾ।

6 ਦੀ ਲੋਹ ਸਿੰਬਲੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਲੋਹ ਸਿੰਬਲੀ।

7 ਦੀ ਸੰਭੂ ਕਲਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਸੰਭੂ ਕਲਾਂ।

8 ਦੀ ਨੋਗਾਵਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਨੋਗਾਵਾਂ।

9 ਦੀ ਸਿਆਲੂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਸਿਆਲੂ।

10 ਦੀ ਬਠੋਣੀਆਂ ਕਲਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ: ਬਠੋਣੀਆਂ।

11 ਦੀ ਰਾਏਪੁਰ ਨਨਹੇੜੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਰਾਏਪੁਰ ਨਨਹੇੜੀ।

12 ਦੀ ਪਬਰੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਪਬਰੀ।

13 ਸੇਹਰਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਸੇਹਰਾ।

14 ਦੀ ਭੱਦਕ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਭੱਦਕ।

15 ਦੀ ਆਕੜ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਆਕੜ।

16 ਦੀ ਨੰਦਗੜ੍ਹ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ: ਐਟ ਖੇੜੀਗੁਰਨਾ।

17 ਦੀ ਬੂਹਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਬੂਹਾ।

18 ਦੀ ਭੇਡਵਾਲ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਭੇਡਵਾਲ।

**ਦੁੱਧ ਉਤਪਾਦਕ ਸਹਿਕਾਰੀ ਸਭਾਵਾਂ**

1 ਦੀ ਖਾਨਪੁਰ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ:ਖਾਨਪੁਰ।

2 ਦੀ ਸੇਹਰੀ ਦੁੱਧ ਉਤਪਾਦਕ,ਸਹਿਕਾਰੀ ਸਭਾ ਲਿ: ਸੇਹਰੀ।

3 ਦੀ ਚੰਗੇਰਾ ਦੁੱਧ ਉਤਪਾਦਕ,ਸਹਿਕਾਰੀ ਸਭਾ ਲਿ: ਚੰਗੇਰਾ।

4 ਦੀ ਰਾਮ ਨਗਰ ਵੈਦਵਾਨ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ:ਰਾਮਨਗਰ ਵੈਦਵਾਨ।

5 ਦੀ ਨੰਦਗੜ੍ਹ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਨੰਦਗੜ੍ਹ।

6 ਦੀ ਚਮਾਰੂ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਚਮਾਰੂ।

7 ਦੀ ਖੇੜੀਗੁਰਨਾ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ:ਖੇੜੀਗੁਰਨਾ।

8 ਦੀ ਪਹਿਰ ਖੁਰਦ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਪਹਿਰ ਖੁਰਦ।

9 ਦੀ ਬੂਹਾ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਬੂਹਾ।

10 ਦੀ ਲੂਹੰਡ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਲੂਹੰਡ।

11 ਦੀ ਮੋਹੀ ਖੁਰਦ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਮੋਹੀ ਖੁਰਦ।

12 ਦੀ ਬੱਲ ਮਾਜਰਾ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਬੱਲ ਮਾਜਰਾ।

13 ਦੀ ਢਕਾਨਸੂ ਕਲਾਂ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਢਕਾਨਸੂ ਕਲਾਂ।

14 ਦੀ ਘੜਾਮਾ ਖੁਰਦ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਘੜਾਮਾ ਖੁਰਦ।

15 ਦੀ ਜਨਸੂਈ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਜਨਸੂਈ।

[ਸਹਿਕਾਰਤਾ ਮੰਤਰੀ]

16 ਦੀ ਫਤਿਹਪੁਰ ਗੜ੍ਹੀ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਫਤਿਹਗੜ੍ਹ।

17 ਦੀ ਕੋਹਲੇ ਮਾਜਰਾ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ:ਕੋਹਲੇ ਮਾਜਰਾ।

18 ਦੀ ਰਾਮਪੁਰ ਖੁਰਦ ਦੁੱਧ ਉਤਪਾਦਕ ਸ/ਸ,ਲਿ:ਰਾਮਪੁਰ ਖੁਰਦ।

19 ਦੀ ਆਕੜ ਦੁੱਧ ਉਤਪਾਦਕ ,ਸ/ਸ,ਲਿ:ਆਕੜ।

20 ਦੀ ਜਲਾਲਪੁਰ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ:ਜਲਾਲਪੁਰ।

21 ਦੀ ਸੋਗਲਪੁਰ ਦੁੱਧ ਉਤਪਾਦਕ ਸਕਿਹਾਰੀ ਸਭਾ ਲਿ:ਸੋਗਲਪੁਰ।

22 ਦੀ ਜੰਡ ਮੰਗੋਲੀ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਜੰਡ ਮੰਗੋਲੀ।

23 ਦੀ ਸੀਲ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਸੀਲ।

24 ਦੀ ਘੱਗਰ ਸਰਾਏ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਘੱਗਰ ਸਰਾਏ

25 ਦੀ ਹਾਸਮ੍ਹਪੁਰ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਹਾਸਮਪੁਰ।

26 ਦੀ ਮਰਦਾਂਪੁਰ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਮਰਦਾਂਪੁਰ।

27 ਦੀ ਘੁਮਾਣਾ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਘੁਮਾਣਾ।

28 ਦੀ ਸ਼ੰਭੂ ਕਲਾਂ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਸੰਭੂ ਕਲਾਂ।

29 ਦੀ ਬੀਪੁਰ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਬੀਪੁਰ।

30 ਦੀ ਸੋਟਾਂ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਸੋਟਾਂ।

31 ਦੀ ਚੱਪੜ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਚੱਪੜ।

32 ਦੀ ਅਲੀਮਾਜਰਾ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਅਲੀਮਾਜਰਾ।

33 ਦੀ ਨੋਗਾਵਾਂ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ:ਨੋਗਾਵਾਂ।

34 ਦੀ ਸਰਾਲਾਂ ਖੁਰਦ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ:ਸਰਾਲਾਂ ਖੁਰਦ।

35 ਦੀ ਸਰਾਲਾਂ ਕਲਾਂ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ:ਸਰਾਲਾਂ ਕਲਾਂ।

36 ਦੀ ਰਾਮਪੁਰ(ਔਰਤਾਂ) ਦੁੱਧ ਉਤਪਾਦਕ ਸ/ਸ,ਲਿ:ਰਾਮਪੁਰ।

37 ਦੀ ਲਾਛੜੂ ਕਲਾਂ(ਔਰਤਾਂ) ਦੁੱਧ ਉਤਪਾਦਕ ਸ/ਸ,ਲਿ:ਲਾਛੜੂ ਕਲਾਂ।

38 ਦੀ ਮੋਹੀ ਕਲਾਂ(ਔਰਤਾਂ) ਦੁੱਧ ਉਤਪਾਦਕ ਸ/ਸ,ਲਿ:ਮੋਹੀ ਕਲਾਂ।

39 ਦੀ ਸਲੇਮਪੁਰ ਨੰਗਲ(ਔਰਤਾਂ) ਦੁੱਧ ਉਤਪਾਦਕ ਸ/ਸ,ਲਿ:ਸਲੇਮਪੁਰ ਨੰਗਲ।

40 ਦੀ ਬੂਹਾ(ਔਰਤਾਂ) ਦੁੱਧ ਉਤਪਾਦਕ ਸ/ਸ,ਲਿ:ਬੂਹਾ।

41 ਦੀ ਸਮਸ਼ਪੁਰ ਉਟਸਰ (ਔਰਤਾਂ) ਦੁੱਧ ਉਤਪਾਦਕ,ਸ/ਸ,ਲਿ:ਸਮਸ਼ਪੁਰ।

42 ਦੀ ਘੱਗਰ ਸਰਾਏ(ਔਰਤਾਂ) ਦੁੱਧ ਉਤਪਾਦਕ ਸ/ਸ,ਲਿ:ਘੱਗਰ ਸਰਾਏ।

43 ਦੀ ਖੇੜੀਗੁਰਨਾ(ਔਰਤਾਂ) ਦੁੱਧ ਉਤਪਾਦਕ ਸ/ਸ ਲਿ:ਖੇੜੀਗੁਰਨਾ।

44 ਦੀ ਭੂਰੀਮਾਜਰਾ (ਔਰਤਾਂ) ਦੁੱਧ ਉਤਪਾਦਕ ਸਹਿਕਾਰੀ ਸਭਾ ਲਿ:ਭੂਰੀ ਮਾਜਰਾ।

45 ਦੀ ਚੱਪੜ(ਔਰਤਾਂ) ਦੁੱਧ ਉਤਪਾਦਕ ਸ/ਸ,ਲਿ:ਚੱਪੜ।

46 ਦੀ ਲੱਖੋਮਾਜਰਾ(ਔਰਤਾਂ) ਦੁੱਧ ਉਤਪਾਦਕ ਸਹਿਕਾਰੀ ਸਭਾ ਲਿ:ਲੱਖੋਮਾਜਰਾ।

47 ਦੀ ਮਰਦਾਂਪੁਰ(ਔਰਤਾਂ) ਦੁੱਧ ਉਤਪਾਦਕ ਸਹਿਕਾਰੀ ਸਭਾ ਲਿ:ਮਰਦਾਂਪੁਰ।

**ਐਸ.ਸੀ.ਐਲ.ਓ. ਸਭਾਵਾਂ**

1 ਦੀ ਕਾਮੀ ਕਲਾਂ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਕਾਮੀ ਕਲਾਂ।

2 ਦੀ ਹਰੀ ਮਾਜਰਾ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਹਰੀਮਾਜਰਾ।

3 ਦੀ ਸਨੋਲਿਆਂ 1 ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਸਨੋਲਿਆਂ।

4 ਦੀ ਸਨੋਲਿਆਂ 2 ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ:ਸਨੋਲਿਆਂ।

5 ਦੀ ਜੰਡ ਮੰਗੋਲੀ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਜੰਡ ਮੰਗੋਲੀ।

6 ਦੀ ਉਲਾਣਾ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ:ਸੁਸਾਇਟੀ ਲਿ:ਉਲਾਣਾ।

7 ਦੀ ਲਾਛੜੂ ਖੁਰਦ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਲਾਛੜੂ ਕਲਾਂ।

8 ਦੀ ਘੁਮਾਣਾ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਘੁਮਾਣਾ।

9 ਦੀ ਲਾਛੜੂ ਕਲਾਂ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਲਾਛੜੂ ਕਲਾਂ।

10 ਦੀ ਮੰਡੋਲੀ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਮੰਡੋਲੀ।

11 ਦੀ ਲੋਹ ਸਿੰਬਲੀ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਲੋਹ ਸਿੰਬਲੀ।

12 ਦੀ ਹਰਪਾਲਾਂ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਹਰਪਾਲਾਂ।

13 ਦੀ ਜੱਬੋਮਾਜਰਾ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਜੱਬੋਮਾਜਰਾ।

14 ਦੀ ਸਰਾਏ ਮੁਗਲ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਸਰਾਏ ਮੁਗਲ।

15 ਦੀ ਫਰੀਦਪੁਰ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਫਰੀਦਪੁਰ।

16 ਦੀ ਚੱਪੜ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਚੱਪੜ।

17 ਦੀ ਸੀਲ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਸੀਲ।

18 ਦੀ ਸਿਆਲੂ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਸਿਆਲੂ।

19 ਦੀ ਹਰੀਪੁਰ ਝੁੰਗੀਆਂ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਹਰੀਪੁਰ ਝੁੰਗੀਆਂ।

20 ਦੀ ਮਰਦਾਪੁਰ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਮਰਦਾਂਪੁਰ।

21 ਦੀ ਸੰਧਾਰਸੀ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ:ਸੁਸਾਇਟੀ ਲਿ: ਸੰਧਾਰਸੀ।

22 ਦੀ ਪਬਰੀ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਪਬਰੀ।

23 ਦੀ ਅਬਦਲਪੁਰ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਅਬਦਲਪੁਰ।

24 ਦੀ ਸੇਹਰੀ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਸੇਹਰੀ।

25 ਦੀ ਬੂਹਾ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਬੂਹਾ।

26 ਦੀ ਖੈਰਪੁਰ ਜੱਟਾਂ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਖੈਰਪੁਰ ਜ਼ੱਟਾਂ।

27 ਦੀ ਜਖੇਪਲ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਜਖੇਪਲ।

28 ਦੀ ਨਨਹੇੜੀ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਨਨੇਹੜੀ।

29 ਦੀ ਮੋਹੀ ਕਲਾਂ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਮੋਹੀ ਕਲਾਂ।

30 ਦੀ ਉਟਸਰ ਸ਼ਡਿਊਲਡ ਕਾਸਟ ਲੈਂਡ ਓਨਰਜ਼ ਕੋਆ: ਸੁਸਾਇਟੀ ਲਿ: ਉਟਸਰ

**ਜੁਆਇੰਟ ਫਾਰਮਿੰਗ**

1 ਦੀ ਸਰਾਏ ਮੁਗਲ (ਜੁਆਟਿੰਟ ਫਾਰਮਿੰਗ) ਸਹਿਕਾਰੀ ਸਭਾ ਲਿ: ਸਰਾਏ ਮੁਗਲ।

**ਮਕਾਨ ਉਸਾਰੀ**

1 ਦੀ ਜਖੇਪਲ ਮਕਾਨ ਉਸਾਰੀ ਸਹਿਕਾਰੀ ਸਭਾ ਲਿ: ਜਖੇਪਲ।

**ਕਿਰਤ ਤੇ ਉਸਾਰੀ ਸਹਿਕਾਰੀ ਸਭਾ**

1 ਦੀ ਸ਼ਾਮਦੂ ਕਿਰਤ ਤੇ ਉਸਾਰੀ ਸਹਿਕਾਰੀ ਸਭਾ ਲਿ: ਸ਼ਾਮਦੂ।

2 ਦੀ ਨੀਲਪੁਰ ਕਿਰਤ ਤੇ ਉਸਾਰੀ ਸਹਿਕਾਰੀ ਸਭਾ ਲਿ: ਰਾਜਪੁਰਾ।

3 ਦੀ ਨਰੜੂ ਕਿਰਤ ਤੇ ਉਸਾਰੀ ਸਹਿਕਾਰੀ ਸਭਾ ਲਿ:ਨਰੜੂ।

4 ਦੀ ਢਕਾਨਸੂ ਕਲਾਂ ਕਿਰਤ ਤੇ ਉਸਾਰੀ ਸਹਿਕਾਰੀ ਸਭਾ ਲਿਮ:।

**ਉਦਯੋਗਿਕ**

1 ਦੀ ਪਹਿਰ ਫਰਨੀਚਰ W.C.I.S ਲਿਮ: ਪਹਿਰ।

2 ਦੀ ਸਰਦਾਰਗੜ੍ਹ ਪਰੋਡਕਸ਼ਨ ਕਮ ਸੇਲ W.C.I.S ਲਿਮ:ਲਿ:ਭੱਦਕ।

3 ਦੀ ਹੇਮ ਕੁੰਟ ਪੋਲਟਰੀ ਉਦਯਗਿਕ ਸਹਿਕਾਰੀ ਸਭਾ ਲਿ:ਖਾਨਪੁਰ ਬੜਿੰਗ।

## ਅਨੁਲੱਗ-ਅ

## ਘਾਟੇ ਵਾਲੀਆਂ ਸਭਾਵਾਂ ਦੀ ਸੂਚੀ

**ਲੜੀ ਨੰ.** **ਸਭਾਵਾਂ ਦੇ ਨਾਮ**

**ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ**

1 ਦੀ ਅਜਰੌਰ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਅਜਰੌਰ।

2 ਦੀ ਮੰਡੋਲੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਮੰਡੋਲੀ।

3 ਦੀ ਲਾਛੜੂ ਕਲਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਲਾਛੜੂ ਕਲਾਂ।

4 ਦੀ ਕੁੱਥਾ ਖੇੜੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਕੁੱਥਾ ਖੇੜੀ।

5 ਦੀ ਹਰਪਾਲਪੁਰ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਹਰਪਾਲਪੁਰ।

6 ਦੀ ਕਪੂਰੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ: ਕਪੂਰੀ (ਫੋਕਲ ਪੁਆਇੰਟ)

7 ਦੀ ਰਾਮਪੁਰ ਖੁਰਦ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਰਾਮਪੁਰ।

8 ਦੀ ਸਰਾਲਾ ਕਲਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਸਰਾਲਾ ਕਲਾਂ।

9 ਦੀ ਤੇਪਲਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਤੇਪਲਾ।

10 ਦੀ ਚੱਪੜ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਚੱਪੜ।

11 ਦੀ ਪੰਡਤਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਪੰਡਤਾਂ।

12 ਦੀ ਬਪਰੌਰ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਐਟ ਮਰਦਾਂਪੁਰ।

13 ਦੀ ਸੰਧਾਰਸੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ ਸੰਧਾਰਸੀ।

14 ਦੀ ਖੰਡੋਲੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਖੰਡੋਲੀ।

15 ਦੀ ਰਾਮਪੁਰ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਰਾਮਪੁਰ।

16 ਦੀ ਨੱਥੂਮਾਜਰਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਨੱਥੂਮਾਜਰਾ।

17 ਦੀ ਜਾਰਿਕਪੁਰ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ: ਜਾਰਿਕਪੁਰ।

18 ਦੀ ਮੋਹੀ ਕਲਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:।

19 ਦੀ ਭੱਟਮਾਜਰਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:।

**ਪੀ.ਏ.ਡੀ.ਬੀ**

1 ਪ੍ਰਾਇਮਰੀ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਲਿਮ:ਘਨੌਰ।

**ਦੁੱਧ ਉਤਪਾਦਕ ਸਭਾਵਾਂ**

1 ਦੀ ਢੀਂਡਸਾ ਦੁੱਧ ਉਤਪਾਦਕ,ਸਹਿਕਾਰੀ ਸਭਾ ਲਿ:ਢੀਂਡਸਾ ।

2 ਦੀ ਖੈਰਪੁਰ ਜੱਟਾਂ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਖੈਰਪੁਰ ਜੱਟਾਂ।

3 ਦੀ ਨਨਹੇੜੀ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਨਨਹੇੜੀ।

4 ਦੀ ਕੁੱਥਾ ਖੇੜੀ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ:ਕੁੱਥਾਖੇੜੀ।

5 ਦੀ ਚਮਾਰੂ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਚਮਾਰੂ।

6 ਦੀ ਹਰਪਾਲਾਂ(ਔਰਤਾਂ) ਦੁੱਧ ਉਤਪਾਦਕ ਸ/ਸ ਲਿਮ:ਹਰਪਾਲਾਂ।

7 ਦੀ ਰੁੜਕੀ(ਔਰਤਾਂ) ਦੁੱਧ ਉਤਪਾਦਕ ਸ/ਸ,ਲਿ:ਰੁੜਕੀ।

8 ਦੀ ਰੁੜਕਾ(ਔਰਤਾਂ) ਦੁੱਧ ਉਤਪਾਦਕ ਸ/ਸ,ਲਿ:ਰੁੜਕਾ।

9 ਦੀ ਕਾਮੀ ਖੁਰਦ(ਔਰਤਾਂ) ਦੁੱਧ ਉਤਪਾਦਕ ਸ/ਸ,ਲਿ ਕਾਮੀ ਖੁਰਦ।

10 ਦੀ ਕਾਮੀ ਕਲਾਂ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਕਾਮੀ ਕਲਾਂ।

11 ਦੀ ਮੰਜੋਲੀ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਮੰਜੋਲੀ।

**ਅਨੁਲੱਗ-ੲ**

**ਸਭਾਵਾਂ ਦੇ ਘਾਟੇ ਵਿੱਚ ਜਾਣ ਦੇ ਕਾਰਨ**

| ਲੜੀ ਨੰ: | ਘਾਟੇ ਵਾਲੀਆਂ ਸਭਾਵਾਂ ਦੇ ਨਾਮ | ਘਾਟੇ ਵਿਚ ਜਾਣ ਦੇ ਕਾਰਨ |
|---|---|---|
| **ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾਵਾਂ** | | |
| 1 | ਦੀ ਮੰਡੋਲੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਮੰਡੋਲੀ | ਇੰਮਬੈਲੰਸ,ਗਬਨ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ |

[ਸਹਿਕਾਰਤਾ ਮੰਤਰੀ]

| | | |
|---|---|---|
| 2 | ਦੀ ਅਜਰੌਰ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਅਜਰੌਰ | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ |
| 3 | ਦੀ ਲਾਛੜੂ ਕਲਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਲਾਛੜੂ ਕਲਾਂ | ਇੰਮਬੈਲੰਸ,ਗਰੈਚੂਟੀ,ਗਬਨ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ। |
| 4 | ਦੀ ਕੁੱਥਾ ਖੇੜੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਕੁੱਥਾ ਖੇੜੀ | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |
| 5 | ਦੀ ਹਰਪਾਲਪੁਰ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਹਰਪਾਲਪੁਰ | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |
| 6 | ਦੀ ਕਪੂਰੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ: ਕਪੂਰੀ (ਫੋਕਲ ਪੁਆਇੰਟ) | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |
| 7 | ਦੀ ਰਾਮਪੁਰ ਖੁਰਦ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਰਾਮਪੁਰ | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |
| 8 | ਦੀ ਸਰਾਲਾ ਕਲਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਸਰਾਲਾ ਕਲਾਂ | ਇੰਮਬੈਲੰਸ,ਨੋਟਬੰਦੀ,ਗਰੈਚੂਟੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |
| 9 | ਦੀ ਤੇਪਲਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਤੇਪਲਾ | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |
| 10 | ਦੀ ਚੱਪੜ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਚੱਪੜ | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |

| | | |
|---|---|---|
| 11 | ਦੀ ਪੰਡਤਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਪੰਡਤਾਂ | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |
| 12 | ਦੀ ਬਪਰੌਰ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਐਟ ਮਰਦਾਂਪੁਰ | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |
| 13 | ਦੀ ਸੰਧਾਰਸੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ ਸੰਧਾਰਸੀ | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |
| 14 | ਦੀ ਖੰਡੋਲੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਖੰਡੋਲੀ | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |
| 15 | ਦੀ ਰਾਮਪੁਰ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਰਾਮਪੁਰ | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |
| 16 | ਦੀ ਨੱਥੂਮਾਜਰਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ:ਨੱਥੂਮਾਜਰਾ | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |
| 17 | ਦੀ ਜਾਰਿਕਪੁਰ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ: ਜਾਰਿਕਪੁਰ | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |
| 18 | ਦੀ ਮੋਹੀ ਕਲਾਂ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ: | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |
| 19 | ਦੀ ਭੱਟਮਾਜਰਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ: | ਇੰਮਬੈਲੰਸ,ਨੋਟਬੰਦੀ ਅਤੇ ਕਰਜ਼ਾ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ |

**ਪੀ.ਏ.ਡੀ.ਬੀ.**

| | | |
|---|---|---|
| 1 | ਪ੍ਰਾਇਮਰੀ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਲਿਮ:ਘਨੌਰ | ਨੋਟਬੰਦੀ ਅਤੇ ਕਰਜ਼ੇ ਦੀ ਮੁਆਫੀ ਦੀ ਆਸ ਕਾਰਨ ਰਿਕਵਰੀ ਘੱਟ ਹੋਣ ਕਾਰਨ,ਕਿਸਾਨਾਂ ਦੀ ਮਾੜੀ ਫਸਲ ਦਾ ਹੋਣਾ। |

**ਦੁੱਧ ਉਤਪਾਦਕ ਸਹਿਕਾਰੀ ਸਭਾਵਾਂ**

| | | |
|---|---|---|
| 1 | ਦੀ ਢੀਂਡਸਾ ਦੁੱਧ ਉਤਪਾਦਕ, ਸਹਿਕਾਰੀ ਸਭਾ ਲਿ: ਢੀਡਸਾ | ਸਭਾ ਕੰਮ ਨਹੀਂ ਕਰ ਰਹੀ। |
| 2 | ਦੀ ਖੈਰਪੁਰ ਜੱਟਾਂ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਖੈਰਪੁਰ ਜੱਟਾਂ | ਸਭਾ ਕੰਮ ਨਹੀਂ ਕਰ ਰਹੀ। |
| 3 | ਦੀ ਨਨਹੇੜੀ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਨਨਹੇੜੀ | ਸਭਾ ਕੰਮ ਨਹੀਂ ਕਰ ਰਹੀ। |
| 4 | ਦੀ ਕੁੱਥਾ ਖੇੜੀ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ:ਕੁੱਥਾਖੇੜੀ | ਸਭਾ ਕੰਮ ਨਹੀਂ ਕਰ ਰਹੀ। |
| 5 | ਦੀ ਚਮਾਰੂ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਚਮਾਰੂ | ਸਭਾ ਕੰਮ ਨਹੀਂ ਕਰ ਰਹੀ। |
| 6 | ਦੀ ਹਰਪਾਲਾਂ (ਔਰਤਾਂ) ਦੁੱਧ ਉਤਪਾਦਕ ਸ/ਸ | ਸਭਾ ਕੰਮ ਨਹੀਂ ਕਰ ਰਹੀ। |
| 7 | ਦੀ ਰੁੜਕੀ (ਔਰਤਾਂ) ਦੁੱਧ ਉਤਪਾਦਕ ਸ/ਸ,ਲਿ: | ਸਭਾ ਕੰਮ ਨਹੀਂ ਕਰ ਰਹੀ। |
| 8 | ਦੀ ਰੁੜਕਾ(ਔਰਤਾਂ) ਦੁੱਧ ਉਤਪਾਦਕ ਸ/ਸ,ਲਿ: | ਸਭਾ ਕੰਮ ਨਹੀਂ ਕਰ ਰਹੀ। |
| 9 | ਦੀ ਕਾਮੀ ਖੁਰਦ (ਔਰਤਾਂ) ਦੁੱਧ ਉਤਪਾਦਕ ਸ/ਸ, ਲਿ: ਕਾਮੀ ਖੁਰਦ | ਸਭਾ ਕੰਮ ਨਹੀਂ ਕਰ ਰਹੀ। |

| | | |
|---|---|---|
| 10 | ਦੀ ਕਾਮੀ ਕਲਾਂ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਕਾਮੀ ਕਲਾਂ | ਸਭਾ ਕੰਮ ਨਹੀਂ ਕਰ ਰਹੀ। |
| 11 | ਦੀ ਮੰਜੋਲੀ ਦੁੱਧ ਉਤਪਾਦਕ ਸਹਿਕਾਰੀ ਸਭਾ ਲਿ: ਮੰਜੋਲੀ | ਸਭਾ ਕੰਮ ਨਹੀਂ ਕਰ ਰਹੀ। |

------

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘਨੌਰ ਦੇ ਮੈਟ੍ਰਿਕ ਅਤੇ +2 ਦੇ ਨਤੀਜਿਆਂ ਬਾਰੇ

***1719. (ਸੀ.ਯੂ.) ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਘਨੌਰ, ਜ਼ਿਲ੍ਹਾ ਪਟਿਆਲਾ ਦਾ ਪਿਛਲੇ ਪੰਜ ਸਾਲਾਂ ਦਾ ਮੈਟ੍ਰਿਕ ਅਤੇ +2 ਕਲਾਸਾਂ ਦਾ ਨਤੀਜਾ ਲਗਾਤਾਰ ਘੱਟ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰੀ ਸੀਨੀਅਰ ਸੈਕੰਡਰੀ, ਘਨੌਰ, ਜ਼ਿਲ੍ਹਾ ਪਟਿਆਲਾ ਦੇ ਪਿਛਲੇ ਪੰਜ ਸਾਲਾਂ ਦੇ ਮੈਟ੍ਰਿਕ ਅਤੇ +2 ਕਲਾਸਾਂ ਦੇ ਘੱਟ ਰਹੇ ਰਿਜ਼ਲਟਾਂ ਦੇ ਕੀ ਕਾਰਨ ਹਨ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਨਹੀਂ ਜੀ।

------

## ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਿੰਡੀਕੇਟ ਵੱਲੋਂ ਮੁਲਾਜ਼ਮਾਂ ਦੀ ਸੇਵਾ ਮੁਕਤੀ ਦੀ ਉਮਰ ਬਾਰੇ

***1721. (ਸੀ.ਯੂ.) ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਉਚੇਰੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਿੰਡੀਕੇਟ ਵੱਲੋਂ ਮੁਲਾਜ਼ਮਾਂ ਦੀ ਸੇਵਾ ਮੁਕਤੀ ਦੀ ਉਮਰ ਕੀ ਹੈ ਅਤੇ ਮੌਜੂਦਾ ਸਥਿਤੀ ਵਿੱਚ ਉਸ ਉਮਰ ਦੇ ਉੱਪਰ ਕਿੰਨੇ ਮੁਲਾਜ਼ਮ ਇਸ ਸਮੇਂ ਕੰਮ ਕਰ ਰਹੇ ਹਨ;

(ਅ) ਇਹ ਵਾਧਾ ਦੇਣ ਦੇ ਕੀ ਕਾਰਨ ਹਨ ਤੇ ਅਜਿਹੇ ਵਾਧੇ ਨਾਲ ਹੇਠਾਂ ਕਿੰਨਿਆਂ ਕਰਮਚਾਰੀਆਂ ਦੀਆਂ ਤਰੱਕੀਆਂ ਪ੍ਰਭਾਵਿਤ ਹੋਈਆਂ ਹਨ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** (ੳ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਮੁਲਾਜ਼ਮਾਂ ਦੀ ਸੇਵਾ ਮੁਕਤੀ ਦੀ ਉਮਰ 60 ਸਾਲ ਹੈ ਅਤੇ ਮੌਜੂਦਾ ਸਥਿਤੀ ਵਿੱਚ ਇਸ ਉਮਰ ਦੇ ਉੱਪਰ 34 ਮੁਲਾਜ਼ਮ ਇਸ ਸਮੇਂ ਕੰਮ ਕਰ ਰਹੇ ਹਨ।

(ਅ) ਇਹ ਵਾਧੇ ਦਾ ਕਾਰਨ ਸਿੰਡੀਕੇਟ ਦੀ ਮਿਤੀ 26 ਮਾਰਚ, 2008 ਦੀ ਇਕੱਤਰਤਾ ਵਿੱਚ ਅਧਿਆਪਕਾਂ ਲਈ ਰਿਟਾਇਰਮੈਂਟ ਉਪਰੰਤ ਸਵੈ-ਇੱਛਤ ਮੁੜ ਨਿਯੁਕਤੀ ਸਕੀਮ ਲਾਗੂ ਕਰਨ ਦਾ ਫੈਸਲਾ ਲੈਣਾ ਸੀ। ਅਜਿਹੇ ਵਾਧੇ ਨਾਲ ਕਿਸੇ ਕਰਮਚਾਰੀ ਦੀ ਤਰੱਕੀ ਪ੍ਰਭਾਵਿਤ ਨਹੀਂ ਹੋਈ ਹੈ।

------

## ਸਿਵਲ ਹਸਪਤਾਲ, ਘਨੌਰ ਨੂੰ ਅਪਗ੍ਰੇਡ ਕਰਨਾ

***1722. (ਸੀ.ਯੂ.) ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਬਜਟ ਸਾਲ 2018-19 ਵਿੱਚ ਐਲਾਨੇ ਗਏ ਸਿਵਲ ਹਸਪਤਾਲ, ਘਨੌਰ ਨੂੰ ਅਪਗ੍ਰੇਡ ਕਰਨ ਦਾ ਕੰਮ ਸ਼ੁਰੂ ਨਾ ਕਰਨ ਦੇ ਕੀ ਕਾਰਨ ਹਨ, ਇਹ ਹਸਪਤਾਲ ਕਦੋਂ ਤੱਕ ਟਾਈਮ ਬਾਊਂਡ ਕਰਕੇ ਅਪਗ੍ਰੇਡ ਕੀਤਾ ਜਾਵੇਗਾ ਤੇ ਸਟਾਫ ਸਮੇਤ ਸਾਰੀਆਂ ਸਹੂਲਤਾਂ ਮੁਹੱਈਆ ਕਰਵਾ ਦਿੱਤੀਆਂ ਜਾਣਗੀਆਂ?

**ਸ਼੍ਰੀ ਬ੍ਰਹਮ ਮਹਿੰਦਰਾ :** ਹਾਂ ਜੀ, ਕਮਿਊਨਿਟੀ ਹੈਲਥ ਸੈਂਟਰ (ਸੀ.ਐਚ.ਸੀ.), ਘਨੌਰ ਨੂੰ 30 ਬੈਡਿਡ ਤੋਂ 50 ਬੈਡਿਡ ਹਸਪਤਾਲ ਤੱਕ ਅਪਗ੍ਰੇਡ ਕਰਨ ਦੀ ਤਜਵੀਜ਼ ਹੈ। ਸਿਵਲ ਕਾਰਜਾਂ ਲਈ 5 ਕਰੋੜ ਰੁਪਏ ਦਾ ਅਨੁਮਾਨ ਤਿਆਰ ਕੀਤਾ ਗਿਆ ਹੈ। ਨਵੀਆਂ ਅਸਾਮੀਆਂ ਦੀ ਪ੍ਰਵਾਨਗੀ ਲਈ ਵੀ ਕੇਸ ਤਿਆਰ ਕੀਤਾ ਗਿਆ ਹੈ। ਵਿੱਤ ਵਿਭਾਗ ਦੀ ਪ੍ਰਵਾਨਗੀ ਮਿਲਣ ਤੋਂ ਬਾਅਦ, ਕੰਮ ਅਗਲੇ ਵਿੱਤੀ ਵਰ੍ਹੇ ਵਿੱਚ ਸ਼ੁਰੂ ਕੀਤਾ ਜਾਵੇਗਾ।

------

## ਘਨੌਰ ਸਬ-ਤਹਿਸੀਲ ਨੂੰ ਤਹਿਸੀਲ ਦਾ ਦਰਜਾ ਦੇਣ ਲਈ ਨੋਟੀਫਿਕੇਸ਼ਨ ਜਾਰੀ ਕਰਨਾ

***1723. (ਸੀ.ਯੂ.) ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਮਾਲ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਲੋਕਾਂ ਦੀ ਭਖਵੀਂ ਮੰਗ ਦੇ ਆਧਾਰ ਤੇ ਘਨੌਰ ਸਬ-ਤਹਿਸੀਲ ਨੂੰ ਪੂਰਨ ਤਹਿਸੀਲ ਦਾ ਦਰਜਾ ਦੇਣ ਲਈ ਸਰਕਾਰ ਕਦੋਂ ਤੱਕ ਨੋਟੀਫਿਕੇਸ਼ਨ ਕਰ ਦੇਵੇਗੀ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਹਾਂ ਜੀ। ਸਬ-ਤਹਿਸੀਲ ਘਨੌਰ ਨੂੰ ਤਹਿਸੀਲ ਦਾ ਦਰਜਾ ਦੇਣ ਲਈ ਤਜਵੀਜ਼ ਅਜੇ ਵਿਚਾਰ ਅਧੀਨ ਹੈ, ਪਰੰਤੂ ਇਸ ਲਈ ਕੋਈ ਸਮਾਂ ਸੀਮਾ ਨਿਰਧਾਰਤ ਨਹੀਂ ਹੈ।

------

## ਪਿੰਡਾਂ ਲਈ ਲਿਫਟ ਸਿੰਚਾਈ ਸਕੀਮ ਦੇ ਪ੍ਰਾਜੈਕਟ ਨੂੰ ਮੁੜ ਬਣਾਉਣਾ

***1725 (ਸੀ.ਯੂ.). ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਜਲ ਸਰੋਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਪਿੰਡ ਕਮਾਲਪੁਰ ਹਲਕਾ ਘਨੌਰ ਦੇ ਪਿੰਡ ਕਪੂਰੀ, ਕਮਾਲਪੁਰ, ਲੋਹ ਸਿੰਬਲੀ ਅਤੇ ਹੋਰ ਪਿੰਡਾਂ ਲਈ ਲਿਫਟ ਸਿੰਚਾਈ ਸਕੀਮ ਦੇ ਪ੍ਰਾਜੈਕਟ, ਜਿਸ ਦਾ ਨੀਂਹ ਪੱਥਰ ਸਾਬਕਾ ਉਪ ਮੁੱਖ ਮੰਤਰੀ, ਪੰਜਾਬ ਵੱਲੋਂ ਮਿਤੀ 10.09.2006 ਨੂੰ ਰੱਖਿਆ ਗਿਆ ਸੀ, ਨੂੰ ਮੁੜ ਬਣਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਨਹੀਂ ਜੀ।

------

## ਨਰਵਾਣਾ ਬ੍ਰਾਂਚ ਅਤੇ ਘੱਗਰ ਦਰਿਆ ਦਾ ਮੋੜ ਕੱਢਣ ਲਈ ਪ੍ਰਾਜੈਕਟ ਮੁੜ ਚਾਲੂ ਕਰਨਾ

***1726 (ਸੀ.ਯੂ.). ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਜਲ ਸਰੋਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਪਿੰਡ ਸਰਾਲਾ ਕਲਾਂ, ਹਲਕਾ ਘਨੌਰ ਨੇੜੇ ਨਰਵਾਣਾ ਬ੍ਰਾਂਚ ਅਤੇ ਘੱਗਰ ਦਰਿਆ ਦਾ ਮੋੜ ਕੱਢਣ ਲਈ ਜਿਸ ਪ੍ਰਾਜੈਕਟ ਦਾ ਨੀਂਹ ਪੱਥਰ ਸਾਬਕਾ ਮੁੱਖ ਮੰਤਰੀ, ਪੰਜਾਬ ਵੱਲੋਂ ਸਾਲ 1996 ਵਿੱਚ ਰੱਖਿਆ ਗਿਆ ਸੀ, ਨੂੰ ਮੁੜ ਬਣਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਹਾਂ ਜੀ, ਪਿੰਡ ਸਰਾਲਾ ਖੁਰਦ ਦੇ ਸਾਹਮਣੇ ਦਰਿਆ ਘੱਗਰ ਦੇ ਮੋੜ ਨੂੰ ਸਿੱਧਾ ਕਰਨ ਲਈ ਪ੍ਰੋਜੈਕਟ ਸਰਕਾਰ ਦੇ ਵਿਚਾਰ ਅਧੀਨ ਹੈ। ਪ੍ਰੋਜੈਕਟ ਲਈ ਭੌਂ ਪ੍ਰਾਪਤੀ ਦੀ ਲੋੜ ਹੈ, ਇਸ ਲਈ ਉਸਾਰੀ ਇਸ ਉਪਰੰਤ ਹੀ ਹੋ ਸਕਦੀ ਹੈ।

------

## ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਟੀਚਿੰਗ ਸਟਾਫ ਅਤੇ ਨਾਨ-ਟੀਚਿੰਗ ਸਟਾਫ ਦੀਆਂ ਬਦਲੀਆਂ ਦਾ ਕਰਾਈਟੇਰੀਆ

***1727 (ਸੀ.ਯੂ.). ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਸਾਲ 2018 ਤੋਂ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਦਾ ਬਦਲੀਆਂ ਕਰਨ ਦਾ ਕੀ ਕਰਾਈਟੇਰੀਆ ਅਪਣਾਇਆ ਗਿਆ ਹੈ;

(ਅ) ਇਨ੍ਹਾਂ ਬਦਲੀਆਂ ਨਾਲ ਕਿੰਨੇ ਕਾਲਜਾਂ ਵਿੱਚ ਵਿਸ਼ਾਵਾਰ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਅਨੁਪਾਤ ਨਾਰਮ ਪ੍ਰਭਾਵਿਤ ਹੋਇਆ ਹੈ ਤੇ ਨਾਰਮ ਕਿਹੜੇ ਕਿਹੜੇ ਹਨ;

(ੲ) ਇਨ੍ਹਾਂ ਕਾਲਜਾਂ ਵਿੱਚ ਵਿਸ਼ਾਵਾਰ ਵਿਦਿਆਰਥੀ ਅਤੇ ਅਧਿਆਪਕਾਂ ਦੀ ਗਿਣਤੀ ਦੇ ਵੇਰਵੇ ਕੀ ਹਨ?

**ਸ਼੍ਰੀਮਤੀ ਰਜ਼ੀਆ ਸੁਲਤਾਨਾ :** (ੳ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸਾਲ 2018 ਤੋਂ ਟੀਚਿੰਗ ਸਟਾਫ ਦੀਆਂ ਬਦਲੀਆਂ ਦਾ ਕਰਾਈਟੇਰੀਆ ਵਿਦਿਆਰਥੀਆਂ ਦੀ ਗਿਣਤੀ ਦੇ ਮੱਦੇਨਜ਼ਰ ਅਪਣਾਇਆ ਗਿਆ ਅਤੇ ਨਾਨ-ਟੀਚਿੰਗ ਸਟਾਫ ਦੀਆਂ ਬਦਲੀਆਂ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਯੂਨੀਵਰਸਿਟੀ ਦੇ ਉੱਚ ਅਧਿਕਾਰੀਆਂ ਦੇ ਆਦੇਸ਼ਾਂ ਅਨੁਸਾਰ ਕੀਤੀਆਂ ਗਈਆਂ ਹਨ।

(ਅ) ਇਨ੍ਹਾਂ ਬਦਲੀਆਂ ਨਾਲ ਯੂਨੀਵਰਸਿਟੀ ਦੇ ਕਿਸੇ ਵੀ ਕਾਲਜ ਵਿੱਚ ਵਿਸ਼ਾਵਾਰ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਅਨੁਪਾਤ ਨਾਰਮ ਪ੍ਰਭਾਵਿਤ ਨਹੀਂ ਹੋਏ ਹਨ। ਨਾਰਮ ਅਨੁਲੱਗ-1 ** ਤੇ ਹਨ।

(ੲ) ਇਨ੍ਹਾਂ ਕਾਲਜਾਂ ਦੀ ਵਿਸ਼ਾਵਾਰ ਵਿਦਿਆਰਥੀ ਅਤੇ ਅਧਿਆਪਕਾਂ ਦੀ ਗਿਣਤੀ ਦੇ ਵੇਰਵੇ ਅਨੁਲੱਗ-2** ਤੇ ਹਨ।

------

## ਨਰਵਾਣਾ ਬ੍ਰਾਂਚ ਤੇ ਬੁਰਜੀ ਨੰ: 136 ਅਤੇ 14450 ਦੇ ਸਾਈਫਨ ਨਵੇਂ ਬਣਾਉਣਾ

***1728. (ਸੀ.ਯੂ.). ਠੇਕੇਦਾਰ ਮਦਨ ਲਾਲ ਜਲਾਲਪੁਰ :** ਕੀ ਜਲ ਸਰੋਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

---

**Placed in the Revisor's Branch.

(ੳ) ਨਰਵਾਣਾ ਬ੍ਰਾਂਚ ਤੇ ਬੁਰਜੀ ਨੰਬਰ 136 ਅਤੇ 14450 ਦੇ ਸਾਈਫਨ ਨਵੇਂ ਬਣਾਉਣ ਲਈ ਵਿਭਾਗ ਵੱਲੋਂ ਮਿਤੀ 24 ਜੂਨ, 2016 ਨੂੰ ਤਕਨੀਕੀ ਸਲਾਹਕਾਰ, ਮੁੱਖ ਮੰਤਰੀ, ਪੰਜਾਬ ਨੂੰ ਭੇਜੇ ਗਏ ਕੇਸ ਦੀ ਤਾਜ਼ਾ ਸਥਿਤੀ ਕੀ ਹੈ;

(ਅ) ਕੀ ਬੁਰਜੀ ਨੰਬਰ 54769 ਨਰਵਾਣਾ ਬ੍ਰਾਂਚ ਉੱਪਰ ਸਾਈਫਨ ਚੌੜਾ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** (ੳ) ਨਰਵਾਣਾ ਬ੍ਰਾਂਚ ਦੀ ਬੁਰਜੀ 136000 ਅਤੇ 144500 ਹੇਠ ਐਡੀਸ਼ਨਲ ਸਾਈਫਨ ਬਣਾਉਣ ਸਬੰਧੀ ਪ੍ਰਾਜੈਕਟ ਤਕਨੀਕੀ ਸਲਾਹਕਾਰ, ਮੁੱਖ ਮੰਤਰੀ, ਪੰਜਾਬ ਵੱਲੋਂ ਕੁਝ ਪ੍ਰੇਖਣਾਂ ਸਹਿਤ ਮਿਤੀ 25.08.2018 ਨੂੰ ਵਾਪਸ ਭੇਜ ਦਿੱਤਾ ਗਿਆ ਸੀ। ਹੁਣ ਇਹ ਪ੍ਰਾਜੈਕਟ ਇਨ੍ਹਾਂ ਪ੍ਰੇਖਣਾਂ ਦੀ ਪੂਰਤੀ ਲਈ ਜਲ ਸਰੋਤ ਵਿਭਾਗ ਦੀ ਸੈਂਟਰਲ ਡਿਜ਼ਾਈਨ ਸੰਸਥਾ ਵਿੱਚ ਰੀਚੈਕਿੰਗ ਅਧੀਨ ਹੈ ਅਤੇ ਦੋ ਮਹੀਨੇ ਅੰਦਰ ਦੁਬਾਰਾ ਤਕਨੀਕੀ ਸਲਾਹਕਾਰ ਨੂੰ ਭੇਜ ਦਿੱਤਾ ਜਾਵੇਗਾ।

(ਅ) ਨਹੀਂ ਜੀ।

------

## ਪਿੰਡ ਡੱਲੇਵਾਲ ਤੋਂ ਰੁੜਕੀ ਸੜਕ ਪੱਕੀ ਕਰਨਾ

***1731 (ਸੀ.ਯੂ.). ਸਰਦਾਰ ਜੈ ਕ੍ਰਿਸ਼ਨ ਸਿੰਘ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਡੱਲੇਵਾਲ ਤੋਂ ਰੁੜਕੀ ਨੂੰ ਜਾਣ ਲਈ ਕੋਈ ਪੱਕੀ ਸੜਕ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਹ ਸੜਕ ਬਣਾਉਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ, ਹਾਲ ਦੀ ਘੜੀ ਪਿੰਡ ਡੱਲੇਵਾਲ ਤੋਂ ਰੁੜਕੀ ਨੂੰ ਆਪਸ ਵਿੱਚ ਪੱਕੀ ਸੜਕ ਨਾਲ ਜੋੜਨ ਦੀ ਤਜਵੀਜ਼ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

------

## ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਸ਼ੂ ਮੰਡੀ ਬਣਾਉਣਾ

***1732 (ਸੀ.ਯੂ.). ਸਰਦਾਰ ਜੈ ਕ੍ਰਿਸ਼ਨ ਸਿੰਘ:** ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਕੋਈ ਪਸ਼ੂ ਮੰਡੀ ਸਥਿਤ ਹੈ; ਜੇਕਰ ਹੈ ਤਾਂ ਕਿਸ ਸਥਾਨ ਤੇ ਅਤੇ ਜੇਕਰ ਨਹੀਂ ਹੈ ਤਾਂ ਕੀ ਅਜਿਹੀ ਪਸ਼ੂ ਮੰਡੀ ਗੜ੍ਹਸ਼ੰਕਰ ਖੇਤਰ ਵਿੱਚ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, ਹਾਂ ਜੀ, ਜ਼ਿਲ੍ਹਾ ਹੁਸ਼ਿਆਰਪੁਰ ਦੇ ਬਲਾਕ ਟਾਂਡਾ ਵਿੱਚ ਪਸ਼ੂ ਮੰਡੀ ਹੈ। ਬਲਾਕ ਗੜ੍ਹਸ਼ੰਕਰ ਵਿਖੇ ਪਸ਼ੂ ਮੰਡੀ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

-----

## ਸੜਕਾਂ ਨੂੰ ਗੜ੍ਹਸ਼ੰਕਰ ਤੋਂ ਬਾਹਰੋਂ-ਬਾਹਰ ਹੁਸ਼ਿਆਰਪੁਰ ਚੰਡੀਗੜ੍ਹ ਸੜਕ ਨਾਲ ਜੋੜਨਾ

***1733 (ਸੀ.ਯੂ.). ਸਰਦਾਰ ਜੈ ਕ੍ਰਿਸ਼ਨ ਸਿੰਘ:** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਬੰਗਾ-ਗੜ੍ਹਸ਼ੰਕਰ ਸੜਕ, ਨਵਾਂ ਸ਼ਹਿਰ-ਗੜ੍ਹਸ਼ੰਕਰ ਸੜਕ ਅਤੇ ਨੰਗਲ-ਗੜ੍ਹਸ਼ੰਕਰ ਸੜਕ ਨੂੰ ਹੁਸ਼ਿਆਰਪੁਰ-ਚੰਡੀਗੜ੍ਹ ਸੜਕ ਨਾਲ ਗੜ੍ਹਸ਼ੰਕਰ ਸ਼ਹਿਰ ਤੋਂ ਬਾਹਰ ਕਿਸੇ ਥਾਂ ਤੇ ਜੋੜਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਹਾਲ ਦੀ ਘੜੀ, ਬੰਗਾ-ਗੜ੍ਹਸ਼ੰਕਰ, ਨਵਾਂਸ਼ਹਿਰ-ਗੜ੍ਹਸ਼ੰਕਰ ਸੜਕ ਅਤੇ ਨੰਗਲ-ਗੜ੍ਹਸ਼ੰਕਰ ਸੜਕ ਨੂੰ ਹੁਸ਼ਿਆਰਪੁਰ-ਚੰਡੀਗੜ੍ਹ ਸੜਕ ਨਾਲ ਗੜ੍ਹਸ਼ੰਕਰ ਸ਼ਹਿਰ ਤੋਂ ਬਾਹਰ ਕਿਸੇ ਥਾਂ ਤੇ ਜੋੜਨ ਦੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

-----

## ਗੜ੍ਹਸ਼ੰਕਰ ਤੋਂ ਨਵਾਂਸ਼ਹਿਰ ਸੜਕ ਦੀ ਰੀਕਾਰਪੈਟਿੰਗ

***1734 (ਸੀ.ਯੂ.). 1. ਸਰਦਾਰ ਜੈ ਕ੍ਰਿਸ਼ਨ ਸਿੰਘ**
**2. ਸ਼੍ਰੀ ਅੰਗਦ ਸਿੰਘ** } : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜੋ ਸੜਕ ਨਵਾਂ ਸ਼ਹਿਰ ਤੋਂ ਗੜ੍ਹਸ਼ੰਕਰ

ਨੂੰ ਜੋੜਦੀ ਹੈ ਅਤੇ ਜਿਸਦੀ ਲੰਬਾਈ ਤਕਰੀਬਨ 10 ਕਿਲੋਮੀਟਰ ਹੈ, ਇਹ ਸੜਕ ਪਿੰਡ ਅਲਾਚੌਰ (ਨਵਾਂ ਸ਼ਹਿਰ) ਤੋਂ ਗੜ੍ਹਸ਼ੰਕਰ ਤੱਕ ਬਹੁਤ ਹੀ ਖਰਾਬ ਹੈ, ਇਹ ਸੜਕ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨਾਲ ਆਪਸ ਵਿਚ ਜੋੜਦੀ ਹੈ; ਜੇਕਰ ਅਜਿਹਾ ਹੋਵੇ ਤਾਂ ਗੜ੍ਹਸ਼ੰਕਰ ਤੋਂ ਨਵਾਂ ਸ਼ਹਿਰ ਸੜਕ ਦੀ ਮੁਰੰਮਤ/ਰੀਕਾਰਪੈਟਿੰਗ ਕਦੋਂ ਤੱਕ ਕਰਵਾਏ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਹਾਂ ਜੀ। ਗੜ੍ਹਸ਼ੰਕਰ ਤੋਂ ਨਵਾਂ ਸ਼ਹਿਰ ਸੜਕ ਦੀ ਹਾਲਤ ਬਹੁਤ ਖਸਤਾ ਹੈ। ਪੰਜਾਬ ਸਰਕਾਰ ਨੇ ਇਸ ਸੜਕ ਨੂੰ ਰਿਪੇਅਰ ਲਈ ਰੁਪਏ 586.00 ਲੱਖ ਦੀ ਪ੍ਰਸ਼ਾਸਕੀ ਪ੍ਰਵਾਨਗੀ ਜਾਰੀ ਕਰ ਦਿੱਤੀ ਹੈ। ਇਸ ਸੜਕ ਦੀ ਰਿਪੇਅਰ ਲਈ ਟੈਂਡਰ 27.02.2019 ਨੂੰ ਸੱਦੇ ਗਏ ਹਨ। ਇਸ ਤੋਂ ਬਾਅਦ ਇਸ ਸੜਕ ਦੀ ਰਿਪੇਅਰ ਦਾ ਕੰਮ ਹੱਥਾਂ ਵਿੱਚ ਲਿਆ ਜਾਵੇਗਾ ਅਤੇ ਜੂਨ, 2019 ਤੱਕ ਮੁਕੰਮਲ ਕਰ ਲਿਆ ਜਾਵੇਗਾ।

------

## ਪਿੰਡ ਕੁਨੈਲ ਅਤੇ ਚੱਕ ਰੌਂਤਾ ਦੇ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਅਧਿਆਪਕ ਨਿਯੁਕਤ ਕਰਨਾ

***1735 (ਸੀ.ਯੂ.). ਸਰਦਾਰ ਜੈ ਕ੍ਰਿਸ਼ਨ ਸਿੰਘ:** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਤਹਿਸੀਲ ਗੜ੍ਹਸ਼ੰਕਰ ਦੇ ਬਲਾਕ-2 ਦੇ ਦੋ ਪਿੰਡਾਂ ਕੁਨੈਲ ਅਤੇ ਚੱਕ ਰੌਂਤਾ ਵਿਖੇ ਸਰਕਾਰੀ ਐਲੀਮੈਂਟਰੀ ਸਕੂਲਾਂ ਵਿੱਚ ਕੋਈ ਵੀ ਅਧਿਆਪਕ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਸਕੂਲਾਂ ਵਿੱਚ ਕਦੋਂ ਤੱਕ ਅਧਿਆਪਕ ਨਿਯੁਕਤ ਕਰ ਦਿੱਤੇ ਜਾਣਗੇ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਨਹੀਂ ਜੀ। ਤਹਿਸੀਲ ਗੜ੍ਹਸ਼ੰਕਰ ਦੇ ਬਲਾਕ-2 ਦੇ ਦੋ ਪਿੰਡਾਂ ਵਿੱਚ ਸਥਿਤ ਸਰਕਾਰੀ ਐਲੀਮੈਂਟਰੀ ਸਕੂਲ ਚੱਕ ਰੌਂਤਾ ਵਿੱਚ ਇਸ ਵੇਲੇ 49 ਵਿਦਿਆਰਥੀ ਪੜ੍ਹਦੇ ਹਨ ਅਤੇ 02 ਅਧਿਆਪਕ ਤਾਇਨਾਤ ਹਨ। ਸਰਕਾਰੀ ਐਲੀਮੈਂਟਰੀ ਸਕੂਲ, ਕੁਨੈਲ ਵਿੱਚ 04 ਵਿਦਿਆਰਥੀ ਪੜ੍ਹਦੇ ਹਨ ਅਤੇ ਇਸ ਸਕੂਲ ਵਿੱਚ ਇੱਕ ਅਧਿਆਪਕ ਤਾਇਨਾਤ ਹੈ। ਇਸ ਵੇਲੇ ਇਨ੍ਹਾਂ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਦੇ ਸਨਮੁੱਖ ਅਧਿਆਪਕਾਂ ਦੀ ਗਿਣਤੀ ਪੂਰੀ ਹੈ।

------

## ਸਰਕਾਰੀ ਹਸਪਤਾਲ, ਗੜ੍ਹਸ਼ੰਕਰ ਵਿੱਚ ਦਵਾਈਆਂ ਅਤੇ ਡਾਕਟਰਾਂ ਦੀ ਘਾਟ ਬਾਰੇ

***1736 (ਸੀ.ਯੂ.). ਸਰਦਾਰ ਜੈ ਕ੍ਰਿਸ਼ਨ ਸਿੰਘ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸਰਕਾਰੀ ਹਸਪਤਾਲ, ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਦਵਾਈਆਂ ਦੀ ਲੋੜ ਅਨੁਸਾਰ ਪੂਰੀ ਸਪਲਾਈ ਨਹੀਂ ਕੀਤੀ ਜਾ ਰਹੀ; ਜੇਕਰ ਅਜਿਹਾ ਹੋਵੇ ਤਾਂ ਦਵਾਈਆਂ ਦੀ ਘਾਟ ਕਦੋਂ ਤੱਕ ਪੂਰੀ ਕਰ ਦਿੱਤੀ ਜਾਵੇਗੀ;

(ਅ) ਕੀ ਇਹ ਵੀ ਠੀਕ ਹੈ ਕਿ ਉਕਤ ਹਸਪਤਾਲ ਵਿੱਚ ਔਰਤ ਰੋਗਾਂ ਦੇ ਮਾਹਿਰ ਡਾਕਟਰ ਅਤੇ ਰੇਡੀਓਲੋਜਿਸਟ ਦੀਆਂ ਪੋਸਟਾਂ ਕਾਫੀ ਸਮੇਂ ਤੋਂ ਖਾਲੀ ਪਈਆਂ ਹਨ; ਜੇਕਰ ਅਜਿਹਾ ਹੈ ਤਾਂ ਇਹ ਪੋਸਟਾਂ ਕਦੋਂ ਤੱਕ ਭਰ ਲਈਆਂ ਜਾਣਗੀਆਂ;

(ੲ) ਕੀ ਇਹ ਵੀ ਠੀਕ ਹੈ ਕਿ ਉਕਤ ਹਸਪਤਾਲ ਵਿੱਚ ਐਮਰਜੈਂਸੀ ਵਿੱਚ ਸਿਰਫ ਇੱਕ ਡਾਕਟਰ ਉਪਲਬਧ ਹੈ ਜਦਕਿ ਮਨਜ਼ੂਰਸ਼ੁਦਾ ਅਸਾਮੀਆਂ 7 ਹਨ, ਜੇਕਰ ਅਜਿਹਾ ਹੋਵੇ ਤਾਂ ਇਹ ਅਸਾਮੀਆਂ ਕਦੋਂ ਤੱਕ ਪੂਰੀਆਂ ਕਰ ਲਈਆਂ ਜਾਣਗੀਆਂ;

(ਸ) ਕੀ ਇਹ ਵੀ ਠੀਕ ਹੈ ਕਿ ਉਕਤ ਹਸਪਤਾਲ ਵਿੱਚ ਲੱਗਾ ਟਿਊਬਵੈੱਲ ਡੇਢ ਸਾਲ ਤੋਂ ਖਰਾਬ ਹੈ ਅਤੇ ਉਸ ਲਈ ਪੰਜ ਲੱਖ ਰੁਪਏ ਜਮ੍ਹਾਂ ਕਰਵਾਉਣ ਦੇ ਬਾਵਜੂਦ ਨਵਾਂ ਬੋਰ ਨਹੀਂ ਕੀਤਾ ਗਿਆ; ਜੇਕਰ ਅਜਿਹਾ ਹੈ ਤਾਂ ਇਸ ਦੇ ਕੀ ਕਾਰਨ ਹਨ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, (ੳ) ਜੀ ਨਹੀਂ, ਸਰਕਾਰੀ ਹਸਪਤਾਲ, ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਜ਼ਰੂਰੀ ਦਵਾਈਆਂ ਦੀ ਸਪਲਾਈ ਨਿਯਮਿਤ ਤੌਰ ਤੇ ਕੀਤੀ ਜਾ ਰਹੀ ਹੈ। ਹਾਲ ਦੀ ਘੜੀ ਪੰਜਾਬ ਸਰਕਾਰ ਦੁਆਰਾ ਜ਼ਰੂਰੀ ਦਵਾਈਆਂ ਦੀ ਸੂਚੀ ਅਧੀਨ 227 ਦਵਾਈਆਂ ਰਾਜ ਦੇ ਵੱਖ ਵੱਖ ਹਸਪਤਾਲਾਂ ਵਿੱਚ ਮੁਫਤ ਉਪਲਬਧ ਕਰਵਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚੋਂ 190 ਦਵਾਈਆਂ ਲਈ ਰੇਟ ਕੰਟਰੈਕਟ ਉਪਲਬਧ ਹਨ। 60 ਦਵਾਈਆਂ ਸਰਕਾਰੀ ਹਸਪਤਾਲ, ਗੜ੍ਹਸ਼ੰਕਰ ਵਿਖੇ ਉਪਲਬਧ ਹਨ। ਸਿਵਲ ਸਰਜਨ ਸਟੋਰ, ਹੁਸ਼ਿਆਰਪੁਰ ਵੱਲੋਂ ਸਿਵਲ ਹਸਪਤਾਲ, ਗੜ੍ਹਸ਼ੰਕਰ ਨੂੰ ਦਵਾਈਆਂ ਉਪਲਬਧ ਕਰਵਾਈਆਂ ਜਾਂਦੀਆਂ ਹਨ। ਇਸ ਸਮੇਂ ਸਿਵਲ

ਸਰਜਨ ਸਟੋਰ, ਹੁਸ਼ਿਆਰਪੁਰ ਵਿਖੇ 80 ਦਵਾਈਆਂ ਅਤੇ 47 ਕੰਜ਼ਿਊਮੇਏਬਲਜ਼ ਉਪਲਬਧ ਹਨ। ਇਸ ਤੋਂ ਇਲਾਵਾ ਸਿਵਲ ਸਰਜਨਾਂ ਨੂੰ ਵੀ ਆਪਣੇ ਪੱਧਰ ਤੇ ਲੋੜੀਂਦੀਆਂ ਦਵਾਈਆਂ ਅਤੇ ਹੋਰ ਸਮਾਨ ਖਰੀਦਣ ਸਬੰਧੀ ਅਧਿਕਾਰ ਦਿੱਤੇ ਗਏ ਹਨ।

(ਅ) ਹਾਂ ਜੀ, ਹਾਲ ਦੀ ਘੜੀ ਉਕਤ ਹਸਪਤਾਲ ਵਿੱਚ ਔਰਤ ਰੋਗਾਂ ਦੇ ਮਾਹਿਰ ਡਾਕਟਰ ਅਤੇ ਰੇਡੀਓਲੋਜਿਸਟ ਦੀਆਂ ਪੋਸਟਾਂ ਖਾਲੀ ਹਨ। ਪਰ ਹਸਪਤਾਲ ਵਿੱਚ ਰੇਡੀਓਲੋਜਿਸਟ ਦੀਆਂ ਸੇਵਾਵਾਂ ਆਊਟਸੋਰਸ ਕੀਤੀਆਂ ਹੋਈਆਂ ਹਨ। ਸਰਕਾਰ ਵੱਲੋਂ ਰਾਜ ਵਿੱਚ ਸਿਹਤ ਸੰਸਥਾਵਾਂ ਵਿਖੇ ਸਪੈਸ਼ਲਿਸਟ/ਮੈਡੀਕਲ ਅਫਸਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਲਗਾਤਾਰ ਜਾਰੀ ਹੈ ਅਤੇ ਸਰਕਾਰੀ ਹਸਪਤਾਲ ਗੜ੍ਹਸ਼ੰਕਰ ਵਿਖੇ ਸਪੈਸ਼ਲਿਸਟ/ਡਾਕਟਰਾਂ ਦੀਆਂ ਅਸਾਮੀਆਂ ਜਲਦ ਹੀ ਭਰ ਦਿੱਤੀਆਂ ਜਾਣਗੀਆਂ।

(ੲ) ਨਹੀਂ ਜੀ, ਉਕਤ ਹਸਪਤਾਲ ਵਿੱਚ ਇਸ ਸਮੇਂ ਐਮਰਜੈਂਸੀ ਵਿੱਚ 3 ਡਾਕਟਰ ਉਪਲਬਧ ਹਨ ਅਤੇ 4 ਅਸਾਮੀਆਂ ਖਾਲੀ ਹਨ। ਸਰਕਾਰ ਵੱਲੋਂ ਰਾਜ ਵਿੱਚ ਸਿਹਤ ਸੰਸਥਾਵਾਂ ਵਿਖੇ ਡਾਕਟਰਾਂ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਲਗਾਤਾਰ ਜਾਰੀ ਹੈ। ਇਸ ਹਸਪਤਾਲ ਵਿਖੇ ਡਾਕਟਰਾਂ ਦੀਆਂ ਅਸਾਮੀਆਂ ਜਲਦ ਹੀ ਭਰ ਦਿਤੀਆਂ ਜਾਣਗੀਆਂ।

(ਸ) ਜੀ ਹਾਂ, ਇਹ ਠੀਕ ਹੈ ਕਿ ਸਰਕਾਰੀ ਹਸਪਤਾਲ, ਗੜ੍ਹਸ਼ੰਕਰ ਵਿੱਚ ਲੱਗੇ ਟਿਊਬਵੈੱਲ ਦੇ ਨਵੇਂ ਬੋਰ ਕਰਵਾਉਣ ਲਈ ਪੰਜ ਲੱਖ ਰੁਪਏ ਪ੍ਰਾਪਤ ਹੋਏ ਸਨ, ਰਾਸ਼ੀ ਪ੍ਰਾਪਤ ਹੋਣ ਉਪਰੰਤ ਟੈਂਡਰ ਪ੍ਰਕਿਰਿਆ ਤਕਰੀਬਨ ਛੇ ਵਾਰ ਆਰੰਭੀ ਗਈ ਪਰੰਤੂ ਕਿਸੇ ਵੀ ਏਜੰਸੀ ਵੱਲੋਂ ਟੈਂਡਰ ਨਹੀਂ ਭਰੇ ਗਏ। ਇਸ ਕੰਮ ਦਾ ਤਖਮੀਨਾ ਰਿਵਾਈਜ਼ ਕੀਤਾ ਜਾ ਰਿਹਾ ਹੈ ਅਤੇ ਅਗਲੇ 45 ਦਿਨਾਂ ਤੱਕ ਕੰਮ ਸ਼ੁਰੂ ਹੋਣ ਦੀ ਸੰਭਾਵਨਾ ਹੈ। ਹਾਲ ਦੀ ਘੜੀ ਪਾਣੀ ਦੀ ਸਪਲਾਈ ਮਿਊਂਸਿਪਲ ਕਾਰਪੋਰੇਸ਼ਨ, ਗੜ੍ਹਸ਼ੰਕਰ ਵੱਲੋਂ ਦਿੱਤੀ ਜਾ ਰਹੀ ਹੈ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1737 (ਸੀ.ਯੂ)****

------

** For Starred Question No. 1737 (C.U.) and reply thereto, please see Appendix to Annexure to this Debates.

## ਅਹਿਮਦਗੜ੍ਹ ਵਿਖੇ ਸਰਕਾਰੀ ਹਾਈ ਸਕੂਲ ਦੀ ਇਮਾਰਤ ਦੀ ਉਸਾਰੀ

***1738 (ਸੀ.ਯੂ.). ਸਰਦਾਰ ਸੁਰਜੀਤ ਸਿੰਘ ਧੀਮਾਨ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਅਹਿਮਦਗੜ੍ਹ (ਸੰਗਰੂਰ) ਵਿਖੇ ਸਰਕਾਰੀ ਹਾਈ ਸਕੂਲ ਦੀ ਇਮਾਰਤ ਦੀ ਉਸਾਰੀ ਦਾ ਕੰਮ ਲੰਮੇ ਸਮੇਂ ਤੋਂ ਰੁਕਿਆ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਨ ਕੀ ਹਨ;

(ਅ) ਉਪਰੋਕਤ ਇਮਾਰਤ ਦੀ ਉਸਾਰੀ ਦਾ ਕੰਮ ਮੁਕੰਮਲ ਕਰਨ ਲਈ ਸਰਕਾਰ ਦੁਆਰਾ ਚੁੱਕੇ ਜਾਣ ਵਾਲੇ ਕਦਮ ਕੀ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਓਮ ਪ੍ਰਕਾਸ਼ ਸੋਨੀ :** (ੳ) ਹਾਂ ਜੀ, ਇਹ ਠੀਕ ਹੈ। ਸਰਕਾਰੀ ਹਾਈ ਸਕੂਲ ਅਹਿਮਦਗੜ੍ਹ (ਸੰਗਰੂਰ) ਵਿੱਚ ਇਮਾਰਤ ਦੀ ਉਸਾਰੀ ਲਈ ਪੰਜਾਬ ਇਨਫਰਾਸਟਰੱਕਚਰ ਡਿਵੈੱਲਪਮੈਂਟ ਬੋਰਡ (PIDB) ਵੱਲੋਂ 181.23 ਲੱਖ ਰੁਪਏ ਦੀ ਰਾਸ਼ੀ ਮਿਤੀ 21.12.16 ਨੂੰ ਮਨਜ਼ੂਰ ਕੀਤੀ ਗਈ ਸੀ। ਇਸ ਮਨਜ਼ੂਰਸ਼ੁਦਾ ਰਾਸ਼ੀ ਵਿੱਚੋਂ 25% (49.92 ਲੱਖ ਰੁਪਏ) ਜਾਰੀ ਕੀਤੇ ਜਾ ਚੁੱਕੇ ਹਨ। ਇਸ ਰਕਮ ਨਾਲ ਬਿਲਡਿੰਗ ਦੀ ਉਸਾਰੀ ਦਾ ਕੰਮ 45% ਹੋ ਚੁੱਕਿਆ ਹੈ। ਇਹ ਕੰਮ ਫੰਡਾਂ ਦੀ ਘਾਟ ਕਾਰਨ ਰੁਕ ਗਿਆ ਸੀ।

(ਅ) ਪੰਜਾਬ ਸਰਕਾਰ ਵੱਲੋਂ ਸਾਲ 2018-19 ਦੇ ਬਜਟ ਐਸਟੀਮੇਟ ਵਿੱਚ 2 ਕਰੋੜ ਰੁਪਏ ਸਰਕਾਰੀ ਹਾਈ ਸਕੂਲ ਅਹਿਮਦਗੜ੍ਹ ਲਈ ਉਪਬੰਧ ਕੀਤਾ ਜਾਣਾ ਹੈ। ਕਾਰਜਕਾਰੀ ਇੰਜੀਨੀਅਰ P.W.D. (B & R) ਮਲੇਰਕੋਟਲਾ (ਸੰਗਰੂਰ) ਅਨੁਸਾਰ ਇਸ ਕੰਮ ਦਾ ਟੈਂਡਰ ਕਾਰਵਾਈ ਅਧੀਨ ਹੈ। ਟੈਂਡਰ ਪ੍ਰਕਿਰਿਆ ਪੂਰੀ ਹੋਣ ਉਪਰੰਤ 2 ਹਫਤੇ ਦੇ ਅੰਦਰ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

------

## ਨਾਭਾ-ਮਲੇਰਕੋਟਲਾ ਰੋਡ ਤੇ ਬਾਈਪਾਸ ਬਣਾਉਣਾ

***1739 (ਸੀ.ਯੂ.). ਸਰਦਾਰ ਸੁਰਜੀਤ ਸਿੰਘ ਧੀਮਾਨ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਸੰਗਰੂਰ ਵਿੱਚ ਕਸਬਾ ਅਮਰਗੜ੍ਹ ਦੇ ਬਾਹਰਲੇ ਪਾਸੇ ਨਾਭਾ-ਮਲੇਰਕੋਟਲਾ ਰੋਡ ਤੇ ਬਾਈਪਾਸ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਉਪਰੋਕਤ ਬਾਈਪਾਸ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਨਹੀਂ ਜੀ।

------

## ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਮਿਲਣ ਵਾਲੀ ਵਰਦੀ ਦਾ ਵੇਰਵਾ

***1741 (ਸੀ.ਯੂ.). ਸ਼੍ਰੀ ਅਮਨ ਅਰੋੜਾ :** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਵੱਲੋਂ ਪਹਿਲੀ ਤੋਂ ਅੱਠਵੀਂ ਤੱਕ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਹਰ ਸਾਲ ਵਰਦੀ ਦੇਣ ਦਾ ਪ੍ਰਾਵਧਾਨ/ਸਕੀਮ ਹੈ; ਜੇਕਰ ਹੈ ਤਾਂ ਪਿਛਲੇ 2 ਸਾਲਾਂ 2017-18 ਅਤੇ 2018-19 ਵਿੱਚ ਸਰਦੀ ਦੀਆਂ ਵਰਦੀਆਂ ਲਈ ਕਿੰਨੀ ਗ੍ਰਾਂਟ ਜਾਰੀ ਕੀਤੀ ਗਈ ਹੈ ਅਤੇ ਕੀ 2018-19 ਸਾਲ ਦੀਆਂ ਵਰਦੀਆਂ ਵਿਦਿਆਰਥੀਆਂ ਨੂੰ ਮਿਲ ਚੁੱਕੀਆਂ ਹਨ?

**ਸ਼੍ਰੀ ਵਿਜੈ ਇੰਦਰ ਸਿੰਗਲਾ**: ਜੀ ਹਾਂ। ਸਾਲ 2017-18 ਦੌਰਾਨ ਵਰਦੀਆਂ ਲਈ 35.52 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ। ਸਾਲ 2018-19 ਦੌਰਾਨ ਭਾਰਤ ਸਰਕਾਰ ਵਲੋਂ 86.52 ਕਰੋੜ ਰੁਪਏ ਦੀ ਗ੍ਰਾਂਟ ਪ੍ਰਵਾਨ ਕੀਤੀ ਗਈ। ਸਾਲ 2018-19 ਦੀਆਂ ਵਰਦੀਆਂ ਵਿਦਿਆਰਥੀਆਂ ਨੂੰ ਮਿਲ ਚੁੱਕੀਆਂ ਹਨ। ਸਿਰਫ ਕੁਝ ਵਰਦੀਆਂ ਦੇ ਸਾਈਜ਼ ਵਿਦਿਆਰਥੀਆਂ ਦੇ ਮਾਪ ਅਨੁਸਾਰ ਨਾ ਹੋਣ ਕਾਰਨ ਇਹ ਵਰਦੀਆਂ ਸਬੰਧਿਤ ਫਰਮਾਂ ਵੱਲੋਂ ਬਦਲੀਆਂ ਜਾ ਰਹੀਆਂ ਹਨ।

------

## ਆਸ਼ੀਰਵਾਦ ਸਕੀਮ ਦੇ ਬਕਾਇਆ ਕੇਸਾਂ ਦਾ ਵੇਰਵਾ

***1742 (ਸੀ.ਯੂ.). ਸ਼੍ਰੀ ਅਮਨ ਅਰੋੜਾ:** ਕੀ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਇਸ ਸਮੇਂ ਪੂਰੇ ਪੰਜਾਬ ਵਿੱਚ 2017-18 ਅਤੇ 2018-19 ਦੇ ਆਸ਼ੀਰਵਾਦ (ਸ਼ਗਨ ਸਕੀਮ) ਦੇ ਕਿੰਨੇ ਕੇਸ ਬਕਾਇਆ ਹਨ;

(ਅ) ਕੀ ਸਰਕਾਰ ਬਕਾਇਆ ਪਏ ਕੇਸਾਂ ਦਾ ਨਿਪਟਾਰਾ ਕਰਨ ਦੀ ਕੋਈ ਮਨਸ਼ਾ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ ਬਕਾਏ ਦਾ ਨਿਪਟਾਰਾ ਕਰ ਦਿੱਤਾ ਜਾਵੇਗਾ;

(ੲ) ਕੀ ਸਰਕਾਰ ਦੀ ਆਸ਼ੀਰਵਾਦ ਸਕੀਮ ਦੇ ਤਹਿਤ ਲਾਭ ਲੈਣ ਲਈ ਸਲਾਨਾ ਆਮਦਨ ਦੀ ਮੌਜੂਦਾ ਹੱਦ 32,790/-ਰੁਪਏ ਨੂੰ ਵਧਾਉਣ ਦੀ ਕੋਈ ਤਜਵੀਜ਼ ਹੈ ਕਿਉਂਕਿ ਮੌਜੂਦਾ ਆਮਦਨ ਹੱਦ ਕਾਰਨ ਬਹੁਤ ਸਾਰੇ ਲਾਭਪਾਤਰੀ ਸਕੀਮ ਤੋਂ ਵਾਂਝੇ ਰਹਿ ਜਾਂਦੇ ਹਨ;

(ਸ) ਕੀ ਹਰ ਬੀ.ਪੀ.ਐਲ. ਕਾਰਡ ਧਾਰਕ ਆਸ਼ੀਰਵਾਦ ਸਕੀਮ ਦੇ ਲਾਭ ਲੈਣ ਦਾ ਹੱਕਦਾਰ ਹੈ?

**ਸਰਦਾਰ ਸਾਧੂ ਸਿੰਘ :** (ੳ) ਪੰਜਾਬ ਰਾਜ ਵਿੱਚ ਮਹੀਨਾ ਦਸੰਬਰ, 2018 ਤੱਕ ਦੇ ਕੋਈ ਯੋਗ ਕੇਸ ਬਕਾਇਆ ਨਹੀਂ ਹਨ।

(ਅ) ਮਹੀਨਾ ਜਨਵਰੀ, 2019 ਦੇ 6452 ਕੇਸ ਅਦਾਇਗੀ ਲਈ ਬਕਾਇਆ ਹਨ, ਜਿਨ੍ਹਾਂ ਦਾ ਨਿਪਟਾਰਾ ਸਰਕਾਰ ਵੱਲੋਂ ਫੰਡਜ਼ ਰਿਲੀਜ਼ ਕੀਤੇ ਜਾਣ ਤੇ ਕਰ ਦਿੱਤਾ ਜਾਵੇਗਾ।

(ੲ) ਸਾਲਾਨਾ ਆਮਦਨ ਦੀ ਮੌਜੂਦਾ ਹੱਦ 32,790/- ਰੁਪਏ ਤੋਂ ਵਧਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

(ਸ) ਨਹੀਂ ਜੀ।

------

## ਸਿਵਲ ਹਸਪਤਾਲ, ਸਿੰਘਪੁਰ ਦੀ ਇਮਾਰਤ ਦੀ ਮੁਰੰਮਤ ਕਰਵਾਉਣਾ

***1745 (ਸੀ.ਯੂ.). ਸਰਦਾਰ ਅਮਰਜੀਤ ਸਿੰਘ ਸੰਦੋਆ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਹਸਪਤਾਲ ਸਿੰਘਪੁਰ, ਜ਼ਿਲ੍ਹਾ ਰੂਪਨਗਰ ਦੀ ਇਮਾਰਤ ਦੀ ਹਾਲਤ ਬਹੁਤ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਦੀ ਮੁਰੰਮਤ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, ਨਹੀਂ ਜੀ। ਸਰਕਾਰੀ ਹਸਪਤਾਲ ਸਿੰਘਪੁਰ, ਜ਼ਿਲ੍ਹਾ ਰੂਪਨਗਰ ਦੀ ਇਮਾਰਤ ਦੀ ਹਾਲਤ ਖਸਤਾ ਨਹੀਂ ਹੈ ਪਰ ਇਸ ਇਮਾਰਤ ਦੀ ਮਾਈਨਰ ਰਿਪੇਅਰ, ਰੰਗ ਰੋਗਣ ਅਤੇ ਹੋਰ ਮੈਂਨਟੀਨੈਂਸ ਦੇ ਕੰਮ ਹੋਣ ਵਾਲੇ ਹਨ। ਹਾਲ ਦੀ ਘੜੀ ਇਸ ਇਮਾਰਤ ਦੀ ਮੁਰੰਮਤ ਅਤੇ ਸਾਂਭ-ਸੰਭਾਲ ਲਈ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

------

## ਰੂਪਨਗਰ ਤੋਂ ਬਲਾਚੌਰ ਨੂੰ ਜਾਣ ਵਾਲੀ ਬਾਈਪਾਸ ਸੜਕ ਦੀ ਰੀਕਾਰਪੈਟਿੰਗ ਕਰਵਾਉਣਾ

***1746 (ਸੀ.ਯੂ.). ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰੂਪਨਗਰ ਤੋਂ ਬਲਾਚੌਰ ਨੂੰ ਜਾਣ ਵਾਲੀ ਬਾਈਪਾਸ ਸੜਕ (ਪੁਲਿਸ ਲਾਈਨ ਰੂਪਨਗਰ ਤੋਂ ਲੈ ਕੇ ਸਤਲੁਜ

ਦਰਿਆ ਤੇ ਬਣੇ ਪੁਲ ਤੱਕ) ਦੀ ਹਾਲਤ ਬਹੁਤ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸੜਕ ਦੀ ਰਿਪੇਅਰ/ਰੀਕਾਰਪੈਟਿੰਗ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਹਾਂ ਜੀ, ਰੂਪਨਗਰ ਤੋਂ ਬਲਾਚੌਰ ਨੂੰ ਜਾਣ ਵਾਲੀ ਬਾਈਪਾਸ ਸੜਕ (ਪੁਲਿਸ ਲਾਈਨ ਰੂਪਨਗਰ ਤੋਂ ਸਤਲੁਜ ਦਰਿਆ ਤੇ ਬਣੇ ਪੁਲ ਤੱਕ) ਦੀ ਰਿਪੇਅਰ ਕਰਨ ਦੀ ਜ਼ਰੂਰਤ ਹੈ। ਇਸ ਸੜਕ ਨੂੰ ਰਿਪੇਅਰ/ਰੀਕਾਰਪੈਟਿੰਗ ਕਰਨ ਦਾ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ।

------

## ਅਨੰਦਪੁਰ ਸਾਹਿਬ ਤੋਂ ਕਾਹਨਪੁਰ ਖੂਹੀ ਵਾਇਆ ਝੱਜ ਚੌਂਕ ਸੜਕ ਬਣਾਉਣਾ

***1747 (ਸੀ.ਯੂ.). ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਨੰਦਪੁਰ ਸਾਹਿਬ ਤੋਂ ਕਾਹਨਪੁਰ ਖੂਹੀ ਵਾਇਆ ਝੱਜ ਚੌਂਕ ਸੜਕ ਦੀ ਹਾਲਤ ਬਹੁਤ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਨੂੰ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਹਾਂ ਜੀ। ਇਹ ਸੜਕ ਰਿਪੇਅਰ ਯੋਗ ਹੈ ਅਤੇ ਇਸ ਨੂੰ ਰਿਪੇਅਰ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

------

## ਸਰਕਾਰੀ ਹਸਪਤਾਲ ਸਿੰਘਪੁਰਾ ਵਿਖੇ ਡਾਕਟਰਾਂ ਦੀਆਂ ਅਸਾਮੀਆਂ ਭਰਨਾ

***1748 (ਸੀ.ਯੂ.). ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ–

(ੳ) ਸਰਕਾਰੀ ਹਸਪਤਾਲ, ਸਿੰਘਪੁਰਾ, ਜ਼ਿਲ੍ਹਾ ਰੂਪਨਗਰ ਵਿਖੇ ਡਾਕਟਰ ਅਤੇ ਹੋਰ ਸਟਾਫ ਦੀਆਂ ਮਨਜ਼ੂਰਸ਼ੁਦਾ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ;

(ਅ) ਉਪਰੋਕਤ ਭਾਗ (ੳ) ਅਨੁਸਾਰ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, ਪੀ.ਐਚ.ਸੀ. ਨੂਰਪੁਰ ਬੇਦੀ ਜੋ ਕਿ ਪਿੰਡ ਸਿੰਘਪੁਰਾ, ਜ਼ਿਲ੍ਹਾ ਰੂਪਨਗਰ ਵਿਖੇ ਬਣੀ ਹੋਈ ਹੈ, ਵਿੱਚ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਦੀ ਸੂਚੀ ਅਨੁਲੱਗ-ੳ ਤੇ ਨੱਥੀ ਹੈ।

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

ਅਨੁਲੱਗ-ੳ ਅਨੁਸਾਰ ਪੀ.ਐਚ.ਸੀ. ਨੂਰਪੁਰ ਬੇਦੀ (ਸਿੰਘਪੁਰਾ) ਜ਼ਿਲ੍ਹਾ ਰੂਪਨਗਰ ਵਿਖੇ ਡਾਕਟਰਾਂ ਅਤੇ ਹੋਰ ਸਟਾਫ ਦੀਆਂ ਕੁੱਲ 47 ਅਸਾਮੀਆਂ ਮਨਜ਼ੂਰਸ਼ੁਦਾ ਹਨ, ਜਿਨ੍ਹਾਂ ਵਿੱਚੋਂ 28 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 19 ਅਸਾਮੀਆਂ ਖਾਲੀ ਹਨ। ਸਿਹਤ ਵਿਭਾਗ, ਪੰਜਾਬ ਵੱਲੋਂ ਖਾਲੀ ਪਈ ਅਸਾਮੀ ਨੂੰ ਜਲਦੀ ਹੀ ਨਵੀਂ ਭਰਤੀ/ਆਮ ਬਦਲੀਆਂ ਰਾਹੀਂ ਭਰ ਦਿੱਤਾ ਜਾਵੇਗਾ।

## ਅਨੁਲੱਗ-ੳ

| ਲੜੀ ਨੰ: | ਅਸਾਮੀ ਦਾ ਨਾਮ | ਸੰਸਥਾ ਦਾ ਨਾਮ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|---|
| 1 | ਸੀਨੀਅਰ ਮੈਡੀਕਲ ਅਫਸਰ | | 1 | 1 | 0 |
| 2 | ਮੈਡੀਕਲ ਅਫਸਰ | | 6 | 5 | 1 |
| 3 | ਮੈਡੀਕਲ ਅਫਸਰ (ਡੈਂਟਲ) | | 1 | 0 | 1 |
| 4 | ਚੀਫ ਫਾਰਮਾਸਿਸਟ | ਪੀ.ਐਚ.ਸੀ. ਨੂਰਪੁਰ ਬੇਦੀ (ਸਿੰਘਪੁਰਾ) ਜ਼ਿਲ੍ਹਾ ਰੂਪਨਗਰ | 1 | 1 | 0 |
| 5 | ਫਾਰਮਾਸਿਸਟ | | 2 | 1 | 1 |
| 6 | ਨਰਸਿੰਗ ਸਿਸਟਰ | | 1 | 1 | 0 |
| 7 | ਸਟਾਫ ਨਰਸ | | 6 | 5 | 1 |
| 8 | ਐਮ.ਐਲ.ਟੀ. (ਗ੍ਰੇਡ-1) | | 2 | 2 | 0 |
| 9 | ਐਮ.ਐਲ.ਟੀ. (ਗ੍ਰੇਡ-2) | | 1 | 0 | 1 |
| 10 | ਰੇਡਿਓਗ੍ਰਾਫਰ | | 1 | 0 | 1 |
| 11 | ਸੀਨੀਅਰ ਸਹਾਇਕ | | 1 | 1 | 0 |
| 12 | ਸਟੈਨੋ | | 1 | 1 | 0 |
| 13 | ਕਲਰਕ | | 2 | 1 | 1 |
| 14 | ਕੰਪਿਊਟਰ | | 1 | 0 | 1 |
| 15 | ਬੀ.ਈ.ਈ. | | 1 | 1 | 0 |
| 16 | ਅਪਥਾਲਮਿਕ ਅਫਸਰ | | 1 | 0 | 1 |
| 17 | ਡਰਾਈਵਰ | | 2 | 0 | 2 |
| 18 | ਟਰੇਂਡ ਦਾਈ | | 2 | 1 | 1 |
| 19 | ਕਲਾਸ-4 | | 12 | 5 | 7 |
| 20 | ਸਵੀਪਰ | | 2 | 2 | 0 |
| | **ਕੁੱਲ ਜੋੜ** | | **47** | **28** | **19** |

------

## ਨੂਰਪੁਰ ਬੇਦੀ ਨੂੰ ਸਬ-ਡਵੀਜ਼ਨ ਬਣਾਉਣਾ

***1749 (ਸੀ.ਯੂ). ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਮਾਲ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਬ-ਤਹਿਸੀਲ ਨੂਰਪੁਰ ਬੇਦੀ, ਜ਼ਿਲ੍ਹਾ ਰੂਪਨਗਰ ਨੂੰ ਸਬ-ਡਵੀਜ਼ਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਨਹੀਂ ਜੀ।

------

## ਪੰਜਾਬ ਦੇ ਬਾਰਡਰ ਏਰੀਏ ਵਿੱਚ ਸਰਕਾਰੀ ਜ਼ਮੀਨ ਦਾ ਵੇਰਵਾ

***1752 (ਸੀ.ਯੂ.). ਸਰਦਾਰ ਦਵਿੰਦਰ ਸਿੰਘ ਘੁਬਾਇਆ:** ਕੀ ਮਾਲ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਦੇ ਬਾਰਡਰ ਏਰੀਏ ਵਿੱਚ ਕਿੰਨੀ ਸਰਕਾਰੀ ਜ਼ਮੀਨ ਹੈ ਅਤੇ ਸਰਕਾਰੀ ਜ਼ਮੀਨ ਅਲਾਟ ਕਰਨ ਦੀਆਂ ਕਿੰਨੀਆਂ ਅਰਜ਼ੀਆਂ ਆਈਆਂ ਹਨ;

(ਅ) ਇਹ ਜ਼ਮੀਨ ਕਿੰਨੇ ਸਮੇਂ ਵਿੱਚ ਅਲਾਟ ਕੀਤੀ ਜਾਵੇਗੀ;

(ੲ) ਅਲਾਟ ਨਾ ਹੋਣ ਦੀ ਸੂਰਤ ਵਿੱਚ ਇਸ ਦੇ ਕਾਰਨ ਵੇਰਵੇ ਸਹਿਤ ਦੱਸੇ ਜਾਣ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** (ੳ) ਪੰਜਾਬ ਦੇ ਬਾਰਡਰ ਏਰੀਏ ਵਿੱਚ ਕੁੱਲ 15823 ਏਕੜ 2 ਕਨਾਲ 2 ਮਰਲੇ ਜ਼ਮੀਨ ਹੈ। ਅੱਜ ਦੀ ਤਰੀਕ ਵਿੱਚ ਅਜਿਹੀ ਜ਼ਮੀਨ ਦੀ ਅਲਾਟਮੈਂਟ ਸਬੰਧੀ ਕੋਈ ਪਾਲਿਸੀ ਨਹੀਂ ਹੈ।

(ਅ) ਸਰਕਾਰ ਵੱਲੋਂ ਅਲਾਟਮੈਂਟ ਸਬੰਧੀ ਨਵੀਂ ਪਾਲਿਸੀ ਆਉਣ ਉਪਰੰਤ ਹੀ ਸਮਾਂ-ਸੀਮਾ ਦੱਸੀ ਜਾ ਸਕਦੀ ਹੈ।

(ੲ) ਕੋਈ ਪਾਲਿਸੀ ਨਹੀਂ ਹੈ।

------

## ਲਾਧੂਕਾ ਡਿਸਟ੍ਰੀਬਿਊਟਰੀ ਅਤੇ ਮਮਦੋਟ ਮਾਈਨਰ ਲਈ ਫੰਡਾਂ ਦਾ ਵੇਰਵਾ

***1753. (ਸੀ.ਯੂ.). ਸਰਦਾਰ ਦਵਿੰਦਰ ਸਿੰਘ ਘੁਬਾਇਆ:** ਕੀ ਜਲ ਸਰੋਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਇਸ ਸਾਲ ਲਾਧੂਕਾ ਡਿਸਟ੍ਰੀਬਿਊਟਰੀ ਅਤੇ ਮਮਦੋਟ ਮਾਈਨਰ ਵਾਸਤੇ ਸਰਕਾਰ ਵੱਲੋਂ ਸਾਫ-ਸਫਾਈ ਕਰਨ ਲਈ ਕਿੰਨੇ ਪੈਸੇ ਅਲਾਟ ਹੋਏ ਹਨ; ਵੇਰਵੇ ਸਹਿਤ ਦੱਸਿਆ ਜਾਵੇ;

(ਅ) ਕੀ ਅਲਾਟ ਕੀਤੇ ਫੰਡ ਸਹੀ ਵਰਤੋਂ ਵਿੱਚ ਆ ਚੁੱਕੇ ਹਨ ਅਤੇ ਵੇਰਵੇ ਸਹਿਤ ਦੱਸਿਆ ਜਾਵੇ ਕਿ ਕਿੱਥੇ ਕਿੱਥੇ ਕੀ ਕੀ ਕੰਮ ਕੀਤਾ ਗਿਆ ਹੈ;

(ੲ) ਕੀ ਇਨ੍ਹਾਂ ਦੋਨਾਂ ਨਹਿਰਾਂ ਦਾ ਪਾਣੀ ਟੇਲਾਂ ਤੱਕ ਪਹੁੰਚਾਇਆ ਗਿਆ ਹੈ ਜਾਂ ਨਹੀਂ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** (ੳ) ਇਸ ਸਾਲ ਲਾਧੂਕਾ ਡਿਸਟ੍ਰੀਬਿਊਟਰੀ ਲਈ ਜਲ ਸਰੋਤ ਵਿਭਾਗ ਵੱਲੋਂ 4.00 ਲੱਖ ਰੁਪਏ ਮੁਹੱਈਆ ਕਰਵਾਏ ਗਏ ਹਨ, ਜਦੋਂ ਕਿ ਮਨਰੇਗਾ ਲੇਬਰ ਰਾਹੀਂ ਤਕਰੀਬਨ 20.45 ਲੱਖ ਰੁਪਏ ਨਾਲ ਮਮਦੋਟ ਮਾਈਨਰ ਦੀ ਸਫਾਈ ਦੇ ਕੰਮ ਕੀਤੇ ਗਏ ਹਨ। ਮਮਦੋਟ ਮਾਈਨਰ ਦੀ ਸਫਾਈ ਕਰਨ ਲਈ ਜਲ ਸਰੋਤ ਵਿਭਾਗ ਵੱਲੋਂ ਕੋਈ ਫੰਡਜ਼ ਮੁਹੱਈਆ ਨਹੀਂ ਹੋਏ ਹਨ, ਜਦੋਂ ਕਿ ਮਨਰੇਗਾ ਲੇਬਰ ਰਾਹੀਂ ਤਕਰੀਬਨ 20.45 ਲੱਖ ਰੁਪਏ ਨਾਲ ਮਮਦੋਟ ਮਾਈਨਰ ਦੀ ਸਫਾਈ ਦੇ ਕੰਮ ਕੀਤੇ ਗਏ ਹਨ।

(ਅ) ਹਾਂ ਜੀ। ਮਹੀਨਾ 08/2018 ਦੌਰਾਨ ਸਟੇਟ ਫੰਡਜ਼ ਵਿੱਚੋਂ 4.00 ਲੱਖ ਰੁਪਏ ਨਾਲ ਲਾਧੂਕਾ ਡਿਸਟ੍ਰੀਬਿਊਟਰੀ ਦੇ ਜਾਲੇ ਦੀ ਸਫਾਈ 30 ਕਿਲੋਮੀਟਰ ਬੁਰਜੀ 0-90000 ਤੱਕ ਹੋਈ ਹੈ। ਮਨਰੇਗਾ ਲੇਬਰ ਰਾਹੀਂ ਲਾਧੂਕਾ ਡਿਸਟ੍ਰੀਬਿਊਟਰੀ ਦੀ 55.18 ਕਿਲੋਮੀਟਰ ਲੰਬਾਈ ਵਿੱਚੋਂ 27.32 ਕਿ:ਮੀ: ਅਤੇ ਮਮਦੋਟ ਮਾਈਨਰ ਦੀ 65.51 ਕਿਲੋਮੀਟਰ ਲੰਬਾਈ ਵਿੱਚੋਂ 59.00 ਕਿ:ਮੀ: ਦੀ ਸਫਾਈ ਲਈ ਖਰਚੇ ਗਏ ਹਨ।

(ੲ) ਕੁਝ ਪਿੰਡਾਂ ਵਿੱਚੋਂ ਮਨਰੇਗਾ ਲੇਬਰ ਮੁਹੱਈਆ ਨਾ ਹੋਣ ਕਰਕੇ ਅਧੂਰੀ ਸਫਾਈ ਹੀ ਹੋਈ ਹੈ। ਡੈਮਾਂ ਵਿੱਚ ਪਾਣੀ ਦੀ ਘਾਟ ਕਾਰਨ ਇਨ੍ਹਾਂ ਨਹਿਰਾਂ ਵਿੱਚ ਸਪਲਾਈ ਵੀ ਵਾਰਾਬੰਦੀ ਅਨੁਸਾਰ ਹੀ ਚਲਦੀ ਰਹੀ ਹੈ। ਜਿਸ ਕਾਰਨ ਟੇਲਾਂ ਤੇ ਪਾਣੀ ਦੀ ਕਮੀ ਰਹੀ ਹੈ।

------

## ਖਡੂਰ ਸਾਹਿਬ ਤੋਂ ਐਨ.ਐਚ.1 (ਰਈਆ) ਤੱਕ ਸੜਕ ਚੌੜੀ ਕਰਨਾ

***1756. (ਸੀ.ਯੂ.). ਸਰਦਾਰ ਸੰਤੋਖ ਸਿੰਘ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਅੱਪਰ ਬਾਰੀ ਦੁਆਬ ਦੀ ਸਭਰਾਉਂ ਬਰਾਂਚ ਨਹਿਰ ਦੇ ਨਾਲ–ਨਾਲ ਐਨ.ਐਚ.54 (ਪਿੰਡ ਖਾਰਾ) ਤੋਂ ਐਨ.ਐਚ.1 (ਰਈਆ) ਤੱਕ ਸੜਕ ਨੂੰ ਚੌੜਾ ਕਰਨ ਦਾ ਕੋਈ ਸਰਵੇ ਸਰਕਾਰ ਦੁਆਰਾ ਕੀਤਾ ਗਿਆ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਇਹ ਵੀ ਠੀਕ ਹੈ ਕਿ ਐਨ.ਐਚ.54 (ਪਿੰਡ ਖਾਰਾ) ਤੋਂ ਖਡੂਰ ਸਾਹਿਬ ਤੱਕ ਇਹ ਸੜਕ ਚੌੜੀ ਕੀਤੀ ਜਾ ਚੁੱਕੀ ਹੈ; ਜੇਕਰ ਅਜਿਹਾ ਹੋਵੇ ਤਾਂ ਖਡੂਰ ਸਾਹਿਬ ਤੋਂ ਐਨ.ਐਚ.1 (ਰਈਆ) ਤੱਕ ਇਹ ਸੜਕ ਕਦੋਂ ਤੱਕ ਚੌੜੀ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ, (ੳ) ਹਾਂ ਜੀ, ਅੱਪਰ ਬਾਰੀ ਦੁਆਬ ਦੀ ਸਭਰਾਉਂ ਬਰਾਂਚ ਨਹਿਰ ਦੇ ਨਾਲ–ਨਾਲ ਐਨ.ਐਚ.54 (ਪਿੰਡ ਖਾਰਾ) ਤੋਂ ਐਨ.ਐਚ.–1 (ਰਈਆ) ਤੱਕ ਸੜਕ ਨੂੰ ਚੌੜਾ ਕਰਨ ਦਾ ਸਰਵੇ ਕੀਤਾ ਗਿਆ ਹੈ।

(ਅ) ਐਨ.ਐਚ.–54 (ਪਿੰਡ ਖਾਰਾ) ਤੋਂ ਖਡੂਰ ਸਾਹਿਬ ਤੱਕ ਦੀ ਸੜਕ ਸਾਲ 2009 ਵਿੱਚ 3.75 ਮੀਟਰ ਤੋਂ 5.50 ਮੀਟਰ ਚੌੜੀ ਕੀਤੀ ਗਈ ਸੀ, ਪਰ ਖਡੂਰ ਸਾਹਿਬ ਤੋਂ ਐਨ.ਐਚ.–1 (ਰਈਆ) ਤੱਕ ਦੀ ਸੜਕ ਅਜੇ ਵੀ 3.05 ਮੀਟਰ ਚੌੜੀ ਹੈ ਅਤੇ ਹਾਲ ਦੀ ਘੜੀ ਸੜਕ ਦੇ ਇਸ ਹਿੱਸੇ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

------

## ਪਿੰਡ ਮਾਨਾ ਪਿੰਡੀ ਅਤੇ ਪਿੰਡ ਹਰੀਗੜ੍ਹ, ਜ਼ਿਲ੍ਹਾ ਬਰਨਾਲਾ ਵਿਖੇ ਬੱਸ ਸਟਾਪ ਬਣਾਉਣਾ

***1759. (ਸੀ.ਯੂ.). ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਕੀ ਟਰਾਂਸਪੋਰਟ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਮਾਨਾ ਪਿੰਡੀ ਅਤੇ ਪਿੰਡ ਹਰੀਗੜ੍ਹ, ਜ਼ਿਲ੍ਹਾ ਬਰਨਾਲਾ ਜੋ ਕਿ ਐਨ.ਐਚ.–64 ਉੱਤੇ ਪੈਂਦੇ ਹਨ, ਵਿਖੇ ਕੋਈ ਬੱਸ ਸਟਾਪ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਪਿੰਡਾਂ ਵਿੱਚ ਬੱਸ ਸਟਾਪ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀਮਤੀ ਅਰੁਨਾ ਚੌਧਰੀ:** ਹਾਲ ਦੀ ਘੜੀ ਇਨ੍ਹਾਂ ਸਥਾਨਾਂ ਉੱਪਰ ਬੱਸ ਸਟਾਪ ਦੀ ਉਸਾਰੀ ਕਰਨ ਹਿੱਤ ਕੋਈ ਵੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

------

## ਨੂਰਪੁਰ ਬੇਦੀ ਤੋਂ ਗੁਰਦੁਆਰਾ ਸ਼ਹੀਦ ਬਾਗ ਬੇਈਂਹਾਰਾ ਸੜਕ ਦਾ ਕੰਮ ਪੂਰਾ ਕਰਨਾ

***1760. (ਸੀ.ਯੂ.). ਸਰਦਾਰ ਅਮਰਜੀਤ ਸਿੰਘ ਸੰਦੋਆ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਨੂਰਪੁਰ ਬੇਦੀ ਤੋਂ ਗੁਰਦੁਆਰਾ ਸ਼ਹੀਦ ਬਾਗ ਬੇਈਂਹਾਰਾ ਵਾਇਆ ਠਾਣਾ ਤੱਕ ਦੀ ਸੜਕ ਦਾ ਕੰਮ ਸ਼ੁਰੂ ਕੀਤਾ ਜਾ ਚੁੱਕਾ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕੰਮ ਕਦੋਂ ਤੱਕ ਪੂਰਾ ਕੀਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ, ਨੂਰਪੁਰ ਬੇਦੀ ਤੋਂ ਗੁਰਦੁਆਰਾ ਸ਼ਹੀਦੀ ਬਾਗ ਬੇਈਂਹਾਰਾ ਤੱਕ ਦੀ ਕੁੱਲ ਲੰਬਾਈ 8.00 ਕਿਲੋਮੀਟਰ ਹੈ, ਦੇ ਅਖੀਰਲਾ 1.60 ਕਿ:ਮੀ: ਲੰਬਾਈ ਦਾ ਕੰਮ ਸਪੈਸ਼ਲ ਰਿਪੇਅਰ ਸਕੀਮ ਲਿੰਕ ਰੋਡਜ਼ 2018-19 ਵਿੱਚ ਪ੍ਰਗਤੀ ਅਧੀਨ ਹੈ। ਬਾਕੀ ਦਾ 6.40 ਕਿਲੋਮੀਟਰ ਕੱਚਾ ਰਸਤਾ, ਜੋ ਕਿ ਪਿੰਡ ਠਾਣਾ ਵਿੱਚੋਂ ਲੰਘਦਾ ਹੈ, ਦੀ ਹਾਲ ਦੀ ਘੜੀ ਕਿਸੇ ਵੀ ਤਜਵੀਜ਼ ਵਿੱਚ ਸ਼ਾਮਿਲ ਨਹੀਂ ਹੈ।

------

## ਘਨੌਲੀ ਤੋਂ ਨਾਲਾਗੜ੍ਹ ਜਾਣ ਵਾਲੀ ਸੜਕ ਬਣਾਉਣਾ

***1761. (ਸੀ.ਯੂ.). ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਘਨੌਲੀ ਤੋਂ ਨਾਲਾਗੜ੍ਹ (ਹਿਮਾਚਲ ਪ੍ਰਦੇਸ਼) ਜਾਣ ਵਾਲੀ ਸੜਕ ਦੀ ਹਾਲਤ ਬਹੁਤ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਸੜਕ ਕਦੋਂ ਤੱਕ ਰਿਪੇਅਰ ਕਰਵਾਏ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਹਾਂ ਜੀ, ਇਸ ਸੜਕ ਦੀ ਰਿਪੇਅਰ ਦੇ ਸਲਾਨਾ ਸੜਕਾਂ ਦੀ ਰਿਪੇਅਰ ਦੇ ਪ੍ਰੋਗਰਾਮ ਵਿੱਚ ਦਰਜ ਕਰ ਦਿੱਤੀ ਗਈ ਹੈ ਅਤੇ ਜਲਦ ਹੀ ਇਸ ਸੜਕ ਦੀ ਰਿਪੇਅਰ ਕਰਵਾ ਦਿੱਤੀ ਜਾਵੇਗੀ।

------

## ਹਲਕਾ ਰੂਪਨਗਰ ਵਿੱਚ ਸਿੰਚਾਈ ਵਿਭਾਗ ਦੇ ਟਿਊਬਵੈੱਲਾਂ ਦੀ ਗਿਣਤੀ

***1762. (ਸੀ.ਯੂ.). ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਜਲ ਸਰੋਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ–

(ੳ) ਹਲਕਾ ਰੂਪਨਗਰ ਵਿੱਚ ਸਿੰਚਾਈ ਵਿਭਾਗ ਦੇ ਕੁੱਲ ਕਿੰਨੇ ਟਿਊਬਵੈੱਲ ਹਨ;

(ਅ) ਇਨ੍ਹਾਂ ਵਿੱਚੋਂ ਕਿੰਨੇ ਟਿਊਬਵੈੱਲ ਸੁੱਕ ਚੁੱਕੇ ਹਨ ਅਤੇ ਕੀ ਸੁੱਕ ਚੁੱਕੇ ਟਿਊਬਵੈੱਲਾਂ ਨੂੰ ਮੁੜ ਚਾਲੂ ਕਰਨ ਜਾਂ ਨਵੇਂ ਟਿਊਬਵੈੱਲ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** (ੳ) ਪੰਜਾਬ ਜਲ ਸਰੋਤ ਪ੍ਰਬੰਧਨ ਅਤੇ ਵਿਕਾਸ ਕਾਰਪੋਰੇਸ਼ਨ ਅਧੀਨ ਵਿਧਾਨ ਸਭਾ ਹਲਕਾ ਰੂਪਨਗਰ ਵਿੱਚ ਸਿੰਚਾਈ ਲਈ ਕੁੱਲ 105 ਟਿਊਬਵੈੱਲ ਹਨ।

(ਅ) ਇਨ੍ਹਾਂ 105 ਟਿਊਬਵੈੱਲਾਂ ਵਿੱਚੋਂ 21 ਟਿਊਬਵੈੱਲ ਸੁੱਕ ਚੁੱਕੇ ਹਨ। ਹਾਲ ਦੀ ਘੜੀ, ਇਨ੍ਹਾਂ ਸੁੱਕ ਚੁੱਕੇ ਟਿਊਬਵੈੱਲਾਂ ਨੂੰ ਮੁੜ ਚਾਲੂ ਕਰਨ ਜਾਂ ਨਵੇਂ ਟਿਊਬਵੈੱਲ ਲਗਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

------

## ਨੂਰਪੁਰ ਬੇਦੀ ਤੋਂ ਅਨੰਦਪੁਰ ਸਾਹਿਬ ਸੜਕ ਦਾ ਨਿਰਮਾਣ ਪੂਰਾ ਕਰਨਾ

***1763. (ਸੀ.ਯੂ.). ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨੂਰਪੁਰ ਬੇਦੀ ਤੋਂ ਅਨੰਦਪੁਰ ਸਾਹਿਬ ਵਾਇਆ ਅਮਰਪੁਰ ਬੇਲਾ ਸੜਕ ਦੇ ਨਿਰਮਾਣ ਦਾ ਕੰਮ ਚੱਲ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕੰਮ ਕਦੋਂ ਤੱਕ ਪੂਰੇ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਹਾਂ ਜੀ, ਉਕਤ ਸੜਕ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਇਹ ਕੰਮ ਅਪ੍ਰੈਲ, 2019 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

-----

## ਰੋਪੜ ਦੇ ਬੇਲਾ ਚੌਂਕ ਤੋਂ ਬੇਲਾ ਪਿੰਡ ਜਾਣ ਵਾਲੀ ਸੜਕ ਦੀ ਮੁਰੰਮਤ ਕਰਵਾਉਣਾ

***1764. (ਸੀ.ਯੂ.). ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰੋਪੜ ਦੇ ਬੇਲਾ ਚੌਂਕ ਤੋਂ ਬੇਲਾ ਪਿੰਡ ਨੂੰ ਜਾਣ ਵਾਲੀ ਸੜਕ ਦੀ ਹਾਲਤ ਬਹੁਤ ਖਸਤਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਦੀ ਮੁਰੰਮਤ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** ਹਾਂ ਜੀ, ਹਾਲ ਦੀ ਘੜੀ ਇਸ ਸੜਕ ਨੂੰ ਖੱਡਾ ਰਹਿਤ ਕਰਨ ਲਈ 55.00 ਲੱਖ ਰੁਪਏ ਦੀ ਰਾਸ਼ੀ ਰੱਖੀ ਗਈ ਹੈ, ਜਿਸ ਵਿੱਚੋਂ ਕੁਝ ਖੱਡੇ ਰਿਪੇਅਰ ਕਰ ਦਿੱਤੇ ਗਏ ਹਨ ਅਤੇ ਬਾਕੀ ਕੰਮ ਸਰਦੀਆਂ ਦਾ ਮੌਸਮ ਖਤਮ ਹੋਣ ਉਪਰੰਤ ਮਹੀਨਾ ਮਾਰਚ, 2019 ਵਿੱਚ ਕਰਵਾ ਦਿੱਤਾ ਜਾਵੇਗਾ।

------

## ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਸ਼ਾਮਪੁਰਾ ਦੇ ਕਮਰਿਆਂ ਦੀ ਮੁੜ ਉਸਾਰੀ ਕਰਵਾਉਣਾ

***1765 (ਸੀ.ਯੂ.). ਸਰਦਾਰ ਅਮਰਜੀਤ ਸਿੰਘ ਸੰਦੋਆ:** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਰੂਪਨਗਰ ਦੇ ਪਿੰਡ ਸ਼ਾਮਪੁਰਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ 4 ਕਮਰੇ ਖਸਤਾ ਹਾਲਤ ਵਿੱਚ ਹਨ, ਜਿਨ੍ਹਾਂ ਵਿੱਚੋਂ ਮਹਿਕਮੇ ਵੱਲੋਂ 5 ਕਮਰੇ ਅਣਸੁਰੱਖਿਅਤ ਘੋਸ਼ਿਤ ਕੀਤੇ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਇਨ੍ਹਾਂ ਕਮਰਿਆਂ ਦੀ ਮੁਰੰਮਤ/ਮੁੜ ਉਸਾਰੀ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਨਹੀਂ ਜੀ। ਜ਼ਿਲ੍ਹਾ ਰੂਪਨਗਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਸ਼ਾਮਪੁਰਾ ਵਿਖੇ ਕੁੱਲ 5 ਕਮਰਿਆਂ ਵਿੱਚੋਂ 2 ਕਮਰੇ ਵਰਤਣਯੋਗ, 2 ਕਮਰੇ ਅਣਸੇਫ ਅਤੇ 1 ਕਮਰਾ ਰਿਪੇਅਰ ਯੋਗ ਹੈ। ਨਾਬਾਰਡ ਪ੍ਰੋਜੈਕਟ ਤਹਿਤ ਇਸ ਸਕੂਲ ਨੂੰ 2 ਕਮਰੇ ਦੇਣ ਦੀ ਤਜਵੀਜ਼ ਹੈ। ਰਿਪੇਅਰ ਅਤੇ ਮੈਂਟੀਨੈਂਸ ਗ੍ਰਾਂਟ ਤਹਿਤ 1 ਕਮਰੇ ਦੀ ਮੁਰੰਮਤ ਕਰਵਾ ਲਈ ਜਾਵੇਗੀ।

------

## ਭਲਾਈ ਪੈਨਸ਼ਨਾਂ ਦੀ ਅਦਾਇਗੀ ਮਹੀਨਾਵਾਰ ਕਰਨਾ

***1775. (ਸੀ.ਯੂ.). ਸਰਦਾਰ ਲਖਵੀਰ ਸਿੰਘ ਲੱਖਾ:** ਕੀ ਸਮਾਜਿਕ ਸੁਰੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਸਰਕਾਰ ਦੁਆਰਾ ਇਸ ਦੇ ਲਾਭਪਾਤਰੀਆਂ ਨੂੰ ਮਹੀਨਾਵਾਰ ਨਿਯਮਤ ਤੌਰ ਤੇ ਭਲਾਈ ਪੈਨਸ਼ਨਾਂ ਦੀ ਅਦਾਇਗੀ ਯਕੀਨੀ ਬਣਾਉਣ ਲਈ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ-ਕੀ ਹਨ;

(ਅ) ਵਿਧਾਨ ਸਭਾ ਹਲਕਾ ਪਾਇਲ ਵਿੱਚ ਲੰਬਿਤ ਭਲਾਈ ਪੈਨਸ਼ਨਾਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਵਿੱਚ ਸ਼ਾਮਿਲ ਕੁੱਲ ਰਕਮ ਕਿੰਨੀ ਹੈ ਅਤੇ ਇਨ੍ਹਾਂ ਪੈਨਸ਼ਨਾਂ ਦੀ ਅਦਾਇਗੀ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸ਼੍ਰੀਮਤੀ ਅਰੁਨਾ ਚੌਧਰੀ:** ਸ਼੍ਰੀਮਾਨ ਜੀ, (ੳ) ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਜ਼ਿਲ੍ਹਿਆਂ ਵਿੱਚ ਲਾਭਪਾਤਰੀਆਂ ਨਾਲ ਸਬੰਧਤ ਪੈਨਸ਼ਨ ਸਕੀਮਾਂ ਅਧੀਨ ਮਹੀਨਾਵਾਰ ਬਿੱਲ ਸਮੇਂ ਸਿਰ ਆਨਲਾਈਨ ਕੀਤੇ ਜਾਂਦੇ ਹਨ। ਖਜ਼ਾਨਾ ਦਫਤਰਾਂ ਵੱਲੋਂ ਬਿੱਲ ਪਾਸ ਹੋਣ ਉਪਰੰਤ ਲਾਭਪਾਤਰੀਆਂ ਨੂੰ ਪੈਨਸ਼ਨ ਦੀ ਅਦਾਇਗੀ ਉਨ੍ਹਾਂ ਦੇ ਬੈਂਕ ਖਾਤੇ ਰਾਹੀਂ ਕਰ ਦਿੱਤੀ ਜਾਂਦੀ ਹੈ।

(ਅ) ਵਿਧਾਨ ਸਭਾ ਹਲਕਾ ਪਾਇਲ ਦੇ ਪੈਨਸ਼ਨ ਲਾਭਪਾਤਰੀਆਂ ਦੀ ਗਿਣਤੀ 12556 ਹੈ ਅਤੇ 5.82 ਕਰੋੜ ਰੁਪਏ ਦੀ ਰਾਸ਼ੀ ਬਕਾਇਆ ਹੈ। ਇਸ ਦੀ ਅਦਾਇਗੀ ਨੇੜ-ਭਵਿੱਖ ਵਿੱਚ ਕਰਨ ਦੀ ਸੰਭਾਵਨਾ ਹੈ।

------

## ਸ਼ਗਨ ਸਕੀਮ ਦੇ ਲਾਭਪਾਤਰੀਆਂ ਨੂੰ ਵਿੱਤੀ ਗ੍ਰਾਂਟ ਨਿਸ਼ਚਿਤ ਸਮਾਂ ਸੀਮਾ ਵਿੱਚ ਵੰਡਣਾ

***1776. (ਸੀ.ਯੂ.). ਸਰਦਾਰ ਲਖਵੀਰ ਸਿੰਘ ਲੱਖਾ :** ਕੀ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਸਰਕਾਰ ਦੁਆਰਾ ਸ਼ਗਨ ਸਕੀਮ ਦੇ ਲਾਭਪਾਤਰੀਆਂ ਨੂੰ ਵਿੱਤੀ ਗ੍ਰਾਂਟ ਨਿਸ਼ਚਿਤ ਸਮਾਂ ਸੀਮਾ ਵਿੱਚ ਵੰਡਣ ਨੂੰ ਯਕੀਨੀ ਬਣਾਉਣ ਲਈ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ ਹਨ;

(ਅ) ਵਿਧਾਨ ਸਭਾ ਹਲਕਾ ਪਾਇਲ ਵਿੱਚ ਸ਼ਗਨ ਸਕੀਮ ਤਹਿਤ ਕੁੱਲ ਕਿੰਨੀਆਂ ਗ੍ਰਾਂਟਾਂ ਲੰਬਿਤ ਪਈਆਂ ਹਨ; ਇਸ ਵਿੱਚ ਸ਼ਾਮਿਲ ਕੁੱਲ ਰਕਮ ਕਿੰਨੀ ਹੈ ਅਤੇ ਇਨ੍ਹਾਂ ਗ੍ਰਾਂਟਾਂ ਦੀ ਅਦਾਇਗੀ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਸਾਧੂ ਸਿੰਘ :** (ੳ) ਸ਼ਗਨ (ਹੁਣ ਅਸ਼ੀਰਵਾਦ) ਸਕੀਮ ਦੇ ਲਾਭਪਾਤਰੀਆਂ ਨੂੰ ਵਿੱਤੀ ਗ੍ਰਾਂਟ ਨਿਸ਼ਚਿਤ ਸਮਾਂ ਸੀਮਾ ਵਿੱਚ ਵੰਡਣ ਨੂੰ ਯਕੀਨੀ ਬਣਾਉਣ ਲਈ ਲੋੜੀਂਦੇ ਫੰਡਜ਼ ਸਰਕਾਰ ਤੋਂ ਐਡਵਾਂਸ ਵਜੋਂ ਰਲੀਜ਼ ਕਰਵਾਉਣ ਲਈ ਮਾਮਲਾ ਸਰਕਾਰ ਨਾਲ ਟੇਕ-ਅੱਪ ਕੀਤਾ ਜਾਵੇਗਾ।

(ਅ) ਵਿਧਾਨ ਸਭਾ ਹਲਕਾ, ਪਾਇਲ ਵਿੱਚ ਸ਼ਗਨ (ਹੁਣ ਅਸ਼ੀਰਵਾਦ) ਸਕੀਮ ਤਹਿਤ ਮਹੀਨਾ ਜਨਵਰੀ, 2019 ਦੇ 40 ਲਾਭਪਾਤਰੀਆਂ ਲਈ 8.40 ਲੱਖ ਰੁਪਏ ਦੀ ਗ੍ਰਾਂਟ ਲੰਬਿਤ ਹੈ, ਜਿਸ ਦੀ ਅਦਾਇਗੀ ਸਰਕਾਰ ਵੱਲੋਂ ਫੰਡ ਰਲੀਜ਼ ਕੀਤੇ ਜਾਣ ਤੇ ਕਰ ਦਿੱਤੀ ਜਾਵੇਗੀ।

------

## ਨਾਨਕਪੁਰ ਤੋਂ ਜਗੇੜਾ-ਕੁਲਾੜ੍ਹ ਅਤੇ ਸਿਆੜ੍ਹ ਨੂੰ ਜਾਂਦੀ ਸੜਕ ਨੂੰ ਪੱਕੀ ਕਰਨਾ

***1777. (ਸੀ.ਯੂ.). ਸਰਦਾਰ ਲਖਵੀਰ ਸਿੰਘ ਲੱਖਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਸਰਕਾਰ ਪਾਇਲ ਹਲਕੇ ਵਿੱਚ ਪੈਂਦੀਆਂ ਨਿਮਨਲਿਖਤ ਸੜਕਾਂ ਨੂੰ 18 ਫੁੱਟ ਤੱਕ ਚੌੜਾ ਕਰਨ ਬਾਰੇ ਵਿਚਾਰ ਕਰੇਗੀ:-

(1) ਬੀਜਾ ਤੋਂ ਨਾਨਕਪੁਰ ਜਗੇੜਾ ਦੀ ਸੰਤ ਈਸ਼ਰ ਸਿੰਘ ਸੜਕ:

(2) ਰਾਮਪੁਰ (ਪਾਇਲ) ਤੋਂ ਬੇਗੋਵਾਲ ਜਟਾਣਾ, ਵਾਇਆ ਜਸਪਾਲੋਂ (ਖੰਨਾ) ਨੂੰ ਨੈਸ਼ਨਲ ਹਾਈਵੇ ਨਾਲ ਲਿੰਕ ਕਰਨਾ:

(3) ਨਾਨਕਪੁਰ ਤੋਂ ਜਗੇੜਾ ਤੋਂ ਕੁਲਾੜ੍ਹ ਤੋਂ ਸਿਆੜ੍ਹ:

(ਅ) ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** (ੳ) ਨਹੀਂ ਜੀ।

(ਅ) ਸਵਾਲ ਪੈਦਾ ਨਹੀਂ ਹੁੰਦਾ।

------

## ਰੈਸਟ ਹਾਊਸ, ਖੰਨਾ ਨੂੰ ਨਵਿਆਉਣ ਲਈ ਫੰਡ ਮੁਹੱਈਆ ਕਰਵਾਉਣਾ

***1784. (ਸੀ.ਯੂ.). ਸਰਦਾਰ ਗੁਰਕੀਰਤ ਸਿੰਘ ਕੋਟਲੀ:** ਕੀ ਜਲ ਸਰੋਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਰੈਸਟ ਹਾਊਸ, ਖੰਨਾ ਦੀ ਖਸਤਾ ਹਾਲਤ ਨੂੰ ਦੇਖਦੇ ਹੋਏ ਇਸ ਨੂੰ ਨਵਿਆਉਣ ਲਈ ਕਦੋਂ ਤੱਕ ਫੰਡ ਮੁਹੱਈਆ ਕਰਵਾ ਦਿੱਤੇ ਜਾਣਗੇ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਖੰਨਾ, ਰੈਸਟ ਹਾਊਸ ਨੂੰ ਸੁਧਾਰਨ ਦੀ ਫਿਲਹਾਲ ਕੋਈ ਤਜਵੀਜ਼ ਨਹੀਂ ਹੈ।

------

## ਸਿਵਲ ਹਸਪਤਾਲ, ਗੜ੍ਹਸ਼ੰਕਰ ਵਿੱਚ ਡੈੱਡ ਬਾਡੀ ਰੱਖਣ ਲਈ ਕਨਟੇਨਰ ਠੀਕ ਕਰਨਾ

***1785 (ਸੀ.ਯੂ.). ਸਰਦਾਰ ਜੈ ਕ੍ਰਿਸ਼ਨ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਸਿਵਲ ਹਸਪਤਾਲ, ਗੜ੍ਹਸ਼ੰਕਰ ਵਿੱਚ ਡੈੱਡ ਬਾਡੀ ਰੱਖਣ ਲਈ ਕਿੰਨੇ ਕਨਟੇਨਰ ਹਨ ਅਤੇ ਇਨ੍ਹਾਂ ਵਿੱਚੋਂ ਕਿੰਨੇ ਕਨਟੇਨਰ ਖਰਾਬ ਹਨ ਅਤੇ ਕੀ ਖਰਾਬ ਕਨਟੇਨਰਾਂ ਨੂੰ ਠੀਕ ਕਰਨ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ;

(ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਹਸਪਤਾਲ ਵਿੱਚ ਮੋਰਚਰੀ ਦੀ ਇਮਾਰਤ ਬਹੁਤ ਖਸਤਾ ਹਾਲਤ ਵਿੱਚ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਮੋਰਚਰੀ ਦੀ ਇਮਾਰਤ ਦੀ ਮੁਰੰਮਤ/ਨਵੀਂ ਇਮਾਰਤ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, (ੳ) ਸਿਵਲ ਹਸਪਤਾਲ, ਗੜ੍ਹਸ਼ੰਕਰ ਵਿੱਚ ਦੋ ਡੈੱਡ ਬਾਡੀ ਰੱਖਣ ਵਾਲਾ ਇੱਕ ਫਰਿੱਜ ਮੌਜੂਦ ਹੈ ਜੋ ਕਿ ਚਾਲੂ ਹਾਲਤ ਵਿੱਚ ਹੈ। ਸਿਹਤ ਵਿਭਾਗ ਵੱਲੋਂ ਕਿਰਲੋਸਕਰ ਕੰਪਨੀ ਨੂੰ ਕੰਟਰੈਕਟ ਦਿੱਤਾ ਗਿਆ ਹੈ ਜੋ ਕਿ ਸਮੇਂ ਸਮੇਂ ਸਿਰ ਅਤੇ ਜ਼ਰੂਰਤ ਪੈਣ ਤੇ ਇਨ੍ਹਾਂ ਦੀ ਮੁਰੰਮਤ ਅਤੇ ਦੇਖ-ਰੇਖ ਦਾ ਕੰਮ ਕਰਦੀ ਹੈ।

(ਅ) ਉਪਰੋਕਤ ਹਸਪਤਾਲ ਵਿੱਚ ਮੋਰਚਰੀ ਦੀ ਇਮਾਰਤ ਦੀ ਹਾਲਤ ਖਸਤਾ ਨਹੀਂ ਹੈ ਪਰ ਇਸ ਇਮਾਰਤ ਦੀ ਰਿਪੇਅਰ ਜਿਵੇਂ ਕਿ ਫਰਸ਼, ਪਲੱਸਤਰ, ਲੱਕੜੀ ਅਤੇ ਰੰਗ ਰੋਗਨ ਆਦਿ ਦਾ ਕੰਮ ਹੋਣ ਵਾਲਾ ਹੈ। ਨਵੀਂ ਇਮਾਰਤ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

------

## ਸਟੇਟ ਫੋਰੈਂਸਿਕ, ਸਾਇੰਸ ਲੈਬੋਰਟਰੀ, ਖਰੜ ਵਿੱਚ ਐਨਾਲਿਸਟਾਂ (Analysts) ਦੀਆਂ ਮਨਜ਼ੂਰਸ਼ੁਦਾ ਅਸਾਮੀਆਂ

***1786 (ਸੀ.ਯੂ.). ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸਟੇਟ ਫੋਰੈਂਸਿਕ ਸਾਇੰਸ ਲੈਬੋਰਟਰੀ, ਖਰੜ ਵਿੱਚ ਸਟਾਫ ਦੀ ਘਾਟ ਕਰਕੇ ਸੈਂਪਲਾਂ ਦੀਆਂ ਰਿਪੋਰਟਾਂ ਕਾਫੀ ਦੇਰ ਨਾਲ ਜਾਰੀ ਹੁੰਦੀਆਂ ਹਨ, ਜਿਸ ਕਰਕੇ ਪੁਲਿਸ ਵੱਲੋਂ ਸਮੇਂ ਸਿਰ ਅਦਾਲਤਾਂ ਵਿੱਚ ਚਲਾਨ ਪੇਸ਼ ਨਹੀਂ ਕੀਤੇ ਜਾਂਦੇ;

(ਅ) ਸਟੇਟ ਫੋਰੈਂਸਿਕ ਸਾਇੰਸ ਲੈਬੋਰਟਰੀ (ਖਰੜ) ਵਿੱਚ ਐਨਾਲਿਸਟਾਂ (Analysts) ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਖਾਲੀ ਹਨ;

(ੲ) ਪਿਛਲੇ ਪੰਜ ਸਾਲਾਂ ਵਿੱਚ ਪ੍ਰਾਪਤ ਹੋਏ ਨਮੂਨਿਆਂ ਦੀ ਗਿਣਤੀ ਕਿੰਨੀ ਹੈ; ਇਨ੍ਹਾਂ ਐਨੇਲਸਿਸ ਤੋਂ ਬਾਅਦ ਜਾਰੀ ਕੀਤੀਆਂ ਜਾ ਚੁੱਕੀਆਂ ਰਿਪੋਰਟਾਂ ਦੀ ਗਿਣਤੀ ਕਿੰਨੀ ਹੈ ਅਤੇ ਜਾਰੀ ਹੋਣ ਤੋਂ ਰਹਿ ਗਈਆਂ ਰਿਪੋਰਟਾਂ ਦੀ ਗਿਣਤੀ ਕਿੰਨੀ ਹੈ?

**ਕੈਪਟਨ ਅਮਰਿੰਦਰ ਸਿੰਘ :** (ੳ) ਪੁਲਿਸ ਵੱਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਿਉਂ ਹੀ ਸਟੇਟ ਫੋਰੈਂਸਿਕ ਸਾਇੰਸ ਲੈਬੋਰਟਰੀ, ਖਰੜ ਤੋਂ ਨਮੂਨਿਆਂ ਦੀਆਂ ਰਿਪੋਰਟਾਂ ਪ੍ਰਾਪਤ ਹੋਣ ਉਦੋਂ ਹੀ ਅਦਾਲਤਾਂ ਵਿੱਚ ਚਲਾਨ ਪੇਸ਼ ਕਰ ਦਿੱਤੇ ਜਾਣ। ਲੈਬੋਰਟਰੀ ਵਿੱਚ ਸਟਾਫ ਦੀ ਘਾਟ ਹੋਣ ਕਰਕੇ ਰਿਪੋਰਟਾਂ ਦੇਰੀ ਨਾਲ ਪ੍ਰਾਪਤ ਹੋਣ ਵਜੋਂ ਵੀ ਕਈ ਵਾਰ ਅਜਿਹਾ ਕਰਨ ਵਿੱਚ ਸਮਾਂ ਲੱਗ ਜਾਂਦਾ ਹੈ।

(ਅ) ਕੈਮੀਕਲ ਐਗਜ਼ਾਮੀਨਰ, ਕੈਮੀਕਲ ਲੈਬੋਰਟਰੀ, ਪੰਜਾਬ, ਖਰੜ ਵਿਖੇ ਤੈਨਾਤ ਐਨਾਲਿਸਟਾਂ ਦੀ ਸਥਿਤੀ ਹੇਠ ਅਨੁਸਾਰ ਹੈ:-

| ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|
| 14 | 07 | 07 |

ਐਨਾਲਿਸਟਾਂ ਦੀਆਂ ਪੰਜ ਅਸਾਮੀਆਂ ਨੂੰ ਭਰਨ ਲਈ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋਂ ਕਾਰਵਾਈ ਆਰੰਭੀ ਹੋਈ ਹੈ।

(ੲ) ਪਿਛਲੇ ਪੰਜ ਸਾਲਾਂ ਦੌਰਾਨ ਨਮੂਨਿਆਂ ਅਤੇ ਰਿਪੋਰਟਾਂ ਦੀ ਗਿਣਤੀ ਹੇਠ ਅਨੁਸਾਰ ਹੈ:-

| ਪ੍ਰਾਪਤ ਹੋਣ ਵਾਲੇ ਨਮੂਨੇ | ਪ੍ਰਾਪਤ ਹੋਏ ਨਮੂਨਿਆਂ ਦੀ ਗਿਣਤੀ | ਐਨੇਲਸਿਸ ਤੋਂ ਬਾਅਦ ਰਿਪੋਰਟ ਕੀਤੇ ਨਮੂਨਿਆਂ ਦੀ ਗਿਣਤੀ | ਕੁੱਲ ਪੈਂਡਿੰਗ ਪਏ ਨਮੂਨਿਆਂ ਦੀ ਗਿਣਤੀ |
|---|---|---|---|
| ਵਿਸਰਾ/ਬਲੱਡ ਅਲਕੋਹਲ/ਰੇਪ ਕੇਸਾਂ ਦੇ ਪ੍ਰਾਪਤ ਹੋਏ ਨਮੂਨੇ | 31139 | 27432 | 3707 |
| ਆਬਕਾਰੀ ਦੇ ਪ੍ਰਾਪਤ ਹੋਏ ਨਮੂਨੇ | 74888 | 65688 | 9200 |

------

**ਸੀ.ਯੂ ਪ੍ਰਸ਼ਨ ਨੰਬਰ: 1788****

------

**ਮਾਨਸਾ ਸ਼ਹਿਰ ਵਿੱਚ ਤਕਨੀਕੀ ਤੌਰ ਤੇ ਗਲਤ ਪਏ ਸੀਵਰੇਜ ਨੂੰ ਠੀਕ ਕਰਨਾ**

***1789 (ਸੀ.ਯੂ.). ਸਰਦਾਰ ਨਾਜਰ ਸਿੰਘ ਮਾਨਸ਼ਾਹੀਆ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਮਾਨਸਾ ਸ਼ਹਿਰ ਵਿਖੇ ਕਚਹਿਰੀਆਂ (ਕੋਰਟ ਕੰਪਲੈਕਸ) ਦੇ ਪਿਛਲੇ ਪਾਸੇ ਕੁਰੜ ਦਾ ਟਿੱਬਾ ਰੋਡ ਉਪਰ ਸੀਵਰੇਜ ਤਕਨੀਕੀ ਤੌਰ ਤੇ ਗਲਤ ਪੈਣ ਕਰਕੇ ਹਰ ਵਖਤ ਓਵਰਫਲੋਅ ਹੋਇਆ ਰਹਿੰਦਾ ਹੈ; ਜੇਕਰ ਅਜਿਹਾ ਹੋਵੇ ਤਾਂ ਤਕਨੀਕੀ ਤੌਰ ਤੇ ਗਲਤ ਸੀਵਰੇਜ ਪਾਉਣ ਵਾਲੇ ਅਧਿਕਾਰੀਆਂ ਅਤੇ ਠੇਕੇਦਾਰਾਂ ਵਿਰੁੱਧ ਕੀ ਕਾਰਵਾਈ ਕੀਤੀ ਗਈ ਹੈ;

(ਅ) ਤਕਨੀਕੀ ਤੌਰ ਤੇ ਗਲਤ ਪਏ ਸੀਵਰੇਜ ਨੂੰ ਠੀਕ ਕਰਨ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ?

** ਸੀ.ਯੂ. ਪ੍ਰਸ਼ਨ ਨੰ: 1788 ਦਾ ਉੱਤਰ ਅਨੈਕਸਚਰ ਦੀ ਫਾਈਨਲ ਛਪਾਈ ਤੱਕ ਪ੍ਰਾਪਤ ਨਹੀਂ ਹੋਇਆ।

**ਸ਼੍ਰੀ ਬ੍ਰਹਮ ਮਹਿੰਦਰਾ:** (ੳ) ਹਾਂ ਜੀ, ਇਹ ਠੀਕ ਹੈ ਕਿ ਕਚਹਿਰੀਆਂ (ਕੋਰਟ ਕੰਪਲੈਕਸ) ਦੇ ਪਿਛਲੇ ਪਾਸੇ ਕੁਰੜ ਦਾ ਟਿੱਬਾ ਰੋਡ, ਮਾਨਸਾ ਉਪਰ ਪਾਇਆ ਗਿਆ ਸੀਵਰ ਠੀਕ ਨਹੀਂ ਚੱਲ ਰਿਹਾ ਹੈ। ਸੀਵਰੇਜ ਪਾਉਣ ਵਾਲੇ ਅਧਿਕਾਰੀਆਂ ਦੇ ਵਿਰੁੱਧ ਦੋਸ਼ ਪੱਤਰ ਜਾਰੀ ਕੀਤਾ ਜਾ ਰਿਹਾ ਹੈ।

(ਅ) ਇਸ ਸੀਵਰ ਨੂੰ ਰੀ-ਹੈਬਲੀਟੇਸ਼ਨ ਕਰਨ ਲਈ 82.64 ਲੱਖ ਰੁਪਏ ਦਾ ਤਖਮੀਨਾ ਪ੍ਰਵਾਨ ਹੋ ਚੁੱਕਾ ਹੈ। ਇਹ ਕੰਮ ਅਲਾਟ ਹੋ ਚੁੱਕਾ ਹੈ ਅਤੇ ਪ੍ਰਗਤੀ ਅਧੀਨ ਹੈ। ਇਹ ਕੰਮ ਮਈ, 2021 ਤੱਕ ਮੁਕੰਮਲ ਹੋ ਜਾਵੇਗਾ।

------

## ਮਲੌਦ, ਹਲਕਾ ਪਾਇਲ ਵਿਖੇ ਬਾਈਪਾਸ ਉਸਾਰਨਾ

***1792 (ਸੀ.ਯੂ.). ਸਰਦਾਰ ਲਖਵੀਰ ਸਿੰਘ ਲੱਖਾ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਆਵਾਜਾਈ ਨੂੰ ਸੁਖਾਲਾ ਕਰਨ ਲਈ ਪਾਇਲ ਹਲਕੇ ਵਿੱਚ ਪੈਂਦੇ ਮਲੌਦ ਵਿਖੇ ਬਾਈਪਾਸ ਉਸਾਰਨ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਹਾਲ ਦੀ ਘੜੀ ਇਸ ਬਾਈਪਾਸ ਨੂੰ ਉਸਾਰਨ ਦੀ ਕੋਈ ਵੀ ਤਜਵੀਜ਼ ਨਹੀਂ ਹੈ।

------

## ਸ਼ਗਨ ਸਕੀਮ ਸਬੰਧੀ

***1797 (ਸੀ.ਯੂ.). ਸ਼੍ਰੀ ਅੰਗਦ ਸਿੰਘ:** ਕੀ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਪਿਛਲੀ ਸਰਕਾਰ ਦੌਰਾਨ ਜੋ ਸ਼ਗਨ ਸਕੀਮ ਦੇ ਕੇਸ ਪੈਂਡਿੰਗ ਰਹਿ ਗਏ ਸਨ, ਕੀ ਉਨ੍ਹਾਂ ਕੇਸਾਂ ਨੂੰ ਮੁੜ ਤੋਂ ਵਿਚਾਰਨ ਦੀ ਕੋਈ ਤਜਵੀਜ਼ ਹੈ;

(ਅ) ਜੇਕਰ ਅਜਿਹਾ ਹੋਵੇ ਤਾਂ ਫਿਰ ਇਹ ਕਿਸ ਆਧਾਰ ਤੇ ਅਤੇ ਕਦੋਂ ਤੋਂ ਸ਼ੁਰੂ ਹੋਣਗੇ?

**ਸਰਦਾਰ ਸਾਧੂ ਸਿੰਘ :** (ੳ ਅਤੇ ਅ) ਪਿਛਲੀ ਸਰਕਾਰ ਦੌਰਾਨ ਜੋ ਸ਼ਗਨ ਸਕੀਮ ਦੇ ਕੇਸ ਪੈਂਡਿੰਗ ਰਹਿ ਗਏ ਸਨ, ਉਨ੍ਹਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ।

------

## ਪੇਂਡੂ ਲਿੰਕ ਸੜਕਾਂ ਸਬੰਧੀ

***1798 (ਸੀ.ਯੂ.). ਸ਼੍ਰੀ ਅੰਗਦ ਸਿੰਘ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਜੋ ਪੇਂਡੂ ਲਿੰਕ ਸੜਕਾਂ ਪੰਜਾਬ ਮੰਡੀ ਬੋਰਡ ਅਧੀਨ ਆਉਂਦੀਆਂ ਹਨ, ਬੋਰਡ ਵੱਲੋਂ ਇਨ੍ਹਾਂ ਸੜਕਾਂ ਤੇ 3 ਇੰਚ ਪਰਤ ਪਾਉਣ ਦੀਆਂ ਹਦਾਇਤਾਂ ਹਨ ਪਰ ਜ਼ਿਆਦਾਤਰ ਪਿੰਡਾਂ ਵਿੱਚੋਂ ਭਾਰੀ ਵਾਹਨ ਗੁਜ਼ਰਦੇ ਹਨ, ਜਿਸ ਨਾਲ ਸੜਕਾਂ ਜਲਦੀ ਖਰਾਬ ਹੋ ਜਾਂਦੀਆਂ ਹਨ;

(ਅ) ਜੇਕਰ ਅਜਿਹਾ ਹੋਵੇ ਤਾਂ ਕੀ ਲਿੰਕ ਸੜਕਾਂ ਜੋ ਨਵੀਆਂ ਜਾਂ ਰਿਪੇਅਰ ਹੋਣ ਵਾਲੀਆਂ ਹਨ, ਇਨ੍ਹਾਂ ਨੂੰ ਬਣਾਉਣ ਸਮੇਂ ਮੋਟੀ ਪਰਤ ਪਾਉਣ ਦੀ ਕੋਈ ਤਜਵੀਜ਼ ਹੈ;

(ੲ) ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਕੈਪਟਨ ਅਮਰਿੰਦਰ ਸਿੰਘ :** (ੳ) ਹਾਂ ਜੀ। ਲਿੰਕ ਸੜਕਾਂ ਦੀ ਉਸਾਰੀ ਸਮੇਂ 3 ਇੰਚ ਮੋਟਾਈ ਵਿੱਚ ਪੱਥਰ ਦੀਆਂ ਦੋ ਪਰਤਾਂ ਪਾ ਕੇ ਪ੍ਰੀਮਿਕਸ ਕਾਰਪੈਟ ਪਾਈ ਜਾਂਦੀ ਹੈ, ਜੋ ਕਿ ਸਧਾਰਨ ਹਾਲਤਾਂ ਲਈ ਵਾਜਿਬ ਹੈ, ਪਰੰਤੂ ਜਿਨ੍ਹਾਂ ਤੇ ਭਾਰੀ ਵਾਹਨ ਗੁਜ਼ਰਦੇ ਹਨ, ਉਨ੍ਹਾਂ ਦੇ ਜਲਦੀ ਖਰਾਬ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

(ਅ) ਅਜਿਹੀਆਂ ਸੜਕਾਂ, ਜਿਨ੍ਹਾਂ ਤੇ ਭਾਰੀ ਵਾਹਨ ਚੱਲਦੇ ਹਨ, ਤੇ ਮੌਕੇ ਦੀ ਜ਼ਰੂਰਤ ਅਨੁਸਾਰ ਪੱਥਰ ਦੀਆਂ ਵਾਧੂ ਪਰਤਾਂ ਪਾ ਦਿੱਤੀਆਂ ਜਾਂਦੀਆਂ ਹਨ।

(ੲ) ਜਿਨ੍ਹਾਂ ਸੜਕਾਂ ਤੇ ਪੱਥਰ ਦੀਆਂ ਵਾਧੂ ਪਰਤਾਂ ਪਾਈਆਂ ਗਈਆਂ ਹਨ, ਦਾ ਵੇਰਵਾ ਅਨੁਲੱਗ ਵਿੱਚ ਦਿੱਤਾ ਗਿਆ ਹੈ।

**Annexure**

**List of some roads where additional layer of stone metal have been provided**

| Sr. no. | District | Road Name | Road Code | Length in km |
|---|---|---|---|---|
| 1 | Amritsar | Chaba To Mandiala | PB01-093 | 6.23 |
| 2 | Amritsar | Burj To Lahorimal Bhakhna Road (T05, Block Gandiwind) | PB0142 | 10.83 |
| 3 | Faridkot | Kemeana To Daggo Rormana Up To Phide Kalan | PB03-018 | 9.72 |
| 4 | Faridkot | Kaler To Kot Sukhia To Bageana Up To Panjgrain | PB03-019 | 7.72 |
| 5 | Fazilka | Mdr-39 (Abhoar-Sitoguna Dabwali) K.M. 21.00 To Vishnu Datt Dhani (Sec MDr-39 K.M. 21.00 To Bazidpur Bhoma) | PB05-071 | 9.22 |
| 6 | Fazilka | NH-10 (Malout-Fazilka) K.M. 382.00 to Patti Teja To Muradwala Dal Singh To Kundal (Odr Abh-Mks) | PB05-072 | 13.82 |

| | | | | |
|---|---|---|---|---|
| 7 | Ferozepur | Suner To Mansoorwal Kalan | PB05-050 | 5.00 |
| 8 | Ferozepur | T-05 (Zira-Kot lse Khan) Km 23.50 To Tindwan | PB05-052 | 8.11 |
| 9 | Gurdaspur | Dbn-Fgc Road To Bholeke Via Niko Sarai | PB06-054 | 6.20 |
| 10 | Gurdaspur | Fgc-Dbn Road Dehar Gawar Shikar Machhian (Sec Km 5.90 To Km 14.60) (To4, Block Dera Baba Nanak) | PB0643 | 8.70 |
| 11 | Jalandhar | Sarihan To Tahli | J09067 | 3.08 |
| 12 | Jalandhar | Talwan Mehatpur Road To Gadre | J04031 | 1.34 |
| 13 | Jalandhar | Mithra To Tagar Bundala Road | J11007 | 1.37 |
| 14 | Jalandhar | Adramaan To Bangiwal | J09087 | 2.65 |
| 15 | Jalandhar | Nall-Mandi Chollian Road To Mandiala Channa | J08082 | 4.55 |
| 16 | Jalandhar | G.T. Road Chachrari To Kahna Dhesian | J05001 | 5.45 |

| | | | | |
|---|---|---|---|---|
| 17 | Jalandhar | Dhandowal To Chak Hathiana (A) Sec. Dhandowal To Parjian Kalan | J13010 | 7.98 |
| 18 | Jalandhar | Mehatpur To Khurlapur Via Khaira Mustarka | PB08-032 | 8.50 |
| 19 | Jalandhar | Nakodar Kapurthala Road To Shahpur | PB08-043 | 4.16 |
| 20 | Kapurthala | NH-1 (Jalandhar-Amritsar) To Lakhan Khurd | PB09-019 | 7.25 |
| 21 | Kapurthala | T-03 To Pakhowal | PB09-021 | 6.90 |
| 22 | Ludhiana | Dangian To Kaunke Kalan | PB10-046 | 7.90 |
| 23 | Ludhiana | Dangian To Kaunke Kalan | PB10-046 | 7.90 |
| 24 | Mansa | Udat Bhagat Ram To Dullowal | PB11-019 | 4.42 |
| 25 | Mansa | H.S. Road To Gehle | PB11-021 | 4.55 |
| 26 | Moga | Didar Singh Wala To S.H. 16A Via Raunta, Tharaj (Smadth Bhai) | PB12-027 | 12.96 |
| 27 | Moga | Baghapurana Mudki Road Odr-6 Rd 0.90 Km To Bhaloor | PB12-029 | 6.81 |

| | | | | |
|---|---|---|---|---|
| 28 | Pathankot | Nagal Ghiala Gura Mirthal To Nalunga Up To Himachal Pardesh Boundary | PB06-081 | 1.90 |
| 29 | Pathankot | Ptk-Shahpur Kandi Road To Tharra Jhilka Sukret (T04, Block Dhar Kalan) 31 | PB0645 | 6.24 |
| 30 | Patiala | Patiala-Sangrur Road to Patiala-Samana Road Via Mehmadpur Dhakrabba Dilabarpur | P09030 | 5.89 |
| 31 | Patiala | Patiala-Bhadson Road (Bakshiwala) To Patiala-Nabha Road (Rakhara) Via Kheri Manian, Dughat Dharamkot Mundkhera (18' Wide) | P09103 | 8.00 |
| 32 | Patiala | Sanour To Nanyola Up To Haryana Border (18' Wide) | P09050 | 12.11 |
| 33 | Patiala | Patiala Rajpura Road To Seal Via Choura (18' Wide) | P09278 | 9.65 |
| 34 | Patiala | Sanour To Naurangwala Via Bolari, Batta, Sirkapra (18' Wide) | P09058 | 14.20 |

| | | | | |
|---|---|---|---|---|
| 35 | Patiala | Kauli To Baran Via Panondia (18' Wide) | P09037 | 16.60 |
| 36 | Patiala | Dhanetha To Ratanheri | PB15-056 | 4.78 |
| 37 | Patiala | Dhanetha To Ratanheri | PB15-056 | 4.78 |
| 38 | Sangrur | Dhuri Kaulseri To Chhintanwala Upto Railway Station | SNG003003 | 12.80 |
| 39 | Sangrur | Dhandra To Dhadogal Via Lssi, Loharmajra, Kheri Jattan | SNG003013 | 13.68 |
| 40 | Sangrur | Katron To Rurgarh To Pharwahi Upto Mcl | SNG006004 | 8.64 |
| 41 | Sangrur | Katron To Manal Via Ramnagar Chana, Bari Tibba | SNG006004 | 18.45 |
| 42 | Sangrur | Sherpur To Mullowal To Didargarh To Alal | SNG006015 | 20.03 |
| 43 | Sangrur | Ghanauri Kalan To Kalabula To Innabajwa To Kheri Khurd To Nangal | SNG006016 | 25.56 |
| 44 | Sangrur | Khanouri To Mandvi | SNG004001 | 23.40 |
| 45 | Sangrur | Moonak Tohana Road To Khanauri | SNG004002 | 45.32 |

| | | | | |
|---|---|---|---|---|
| 46 | Sangrur | Makrour sahib To Dhamdhan Sahib Up To Haryana Border Via maha Singh Wala | SNG004023 | 10.98 |
| 47 | Sangrur | Amargarh To Jourepul Via Mohamadpur Chaunda Bhumsi Dhiro Mazra | SNG001010 | 28.48 |
| 48 | Sangrur | Dhadogal To Amargarh To Dhandhra Up To Mch | SNG001025 | 10.94 |
| 49 | SAS Nagar | Lalru To Dharamgarh | PB15-048 | 3.30 |
| 50 | SBS Nagar | Phagwara-Banga Road To Dusanjh Kalan Upto Mandali Road | N02103 | 2.60 |
| 51 | SBS Nagar | Upgradation & Widening of Link Road Garhshankar-Noorpur Road To Chandpur Rurki including Phirni And Gurdwara Baba Gurdita Ji | N01160 | 2.00 |
| 52 | SBS Nagar | Upgradation and Widening of Link Road Gsr-Anandpur Sahib Road to Balachaur-Rattewal Road | N01051, N0118, N01041 | 19.05 |

| | | | | |
|---|---|---|---|---|
| 53 | SBS Nagar | Behram-Mahilpur Road To Phagwara-Hoshiarpur Upto Block Boundary (Via Ghuman, Mehliana) | PB14-017 | 6.35 |
| 54 | SBS Nagar | Aur Phillaur To Phambra | PB14-026 | 3.52 |
| 55 | Sri Mukatsar Sahib | Doda To Kothe Surgapuri Upto Rupana Husnar Road | PB13-039 | 7.56 |
| 56 | Sri Mukatsar Sahib | Aulakh To Dhani Sucha Singh Via Jhorar To Lakkarwala To Khane Ki Dhab | PB13-048 | 10.74 |
| 57 | Tarn Taran | Attsh Road To Walipur Jandoke To Takkhu Chak (Tarn Taran To Tarntaran patti Road) | PB01-058 | 8.35 |
| 58 | Tarn Taran | Chohla Sahib To Dhun Dhaiwal | PB01-060 | 5.50 |

------

## ਰਿਟਾਇਰਡ ਮੁਲਾਜ਼ਮਾਂ ਦੇ ਬਿਜਲੀ ਯੂਨਿਟ ਵਿੱਚ ਰਿਆਇਤ ਸਬੰਧੀ

***1800. (ਸੀ.ਯੂ.) ਸ਼੍ਰੀ ਅੰਗਦ ਸਿੰਘ:** ਕੀ ਊਰਜਾ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਰਿਟਾਇਰਡ ਬਿਜਲੀ ਕਰਮਚਾਰੀਆਂ ਦੇ ਬਿਜਲੀ ਦੇ ਬਿੱਲਾਂ ਵਿੱਚ ਕੁਝ ਯੂਨਿਟਾਂ ਦੀ ਰਿਆਇਤ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਰਿਆਇਤ ਕਿੰਨੀ ਅਤੇ ਕਦੋਂ ਤੋਂ ਸ਼ੁਰੂ ਹੋਵੇਗੀ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ:** ਰਿਟਾਇਰਡ ਬਿਜਲੀ ਕਰਮਚਾਰੀਆਂ ਦੇ ਬਿਜਲੀ ਦੇ ਬਿੱਲਾਂ ਵਿੱਚ ਰਿਆਇਤ ਸਬੰਧੀ ਏਜੰਡਾ ਬੋਰਡ ਆਫ ਡਾਇਰੈਕਟਰਜ਼, ਪੀ.ਐਸ.ਪੀ.ਸੀ.ਐਲ. ਨੂੰ ਲਗਾਇਆ ਗਿਆ ਹੈ, ਜੋ ਕਿ ਬੋਰਡ ਦੇ ਵਿਚਾਰ ਅਧੀਨ ਹੈ। ਰਿਆਇਤ ਦੀ ਮਾਤਰਾ ਅਤੇ ਲਾਗੂ ਦੀ ਮਿਤੀ ਬੋਰਡ ਵੱਲੋਂ ਕੀਤੇ ਫੈਸਲੇ ਅਨੁਸਾਰ ਹੀ ਹੋਵੇਗਾ।

------

## ਇੱਕ ਪਰਿਵਾਰ ਦੀਆਂ ਦੋ ਲੜਕੀਆਂ ਵਿੱਚੋਂ ਇੱਕ ਦੀ ਫੀਸ ਮੁਆਫ ਕਰਨਾ

***1801. (ਸੀ.ਯੂ.) ਸ਼੍ਰੀ ਸੰਜੀਵ ਤਲਵਾੜ:** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਭਾਰਤ ਸਰਕਾਰ ਅਤੇ ਰਾਜ ਸਰਕਾਰ ਦੀ ਕਿਸੇ ਸਕੀਮ ਅਧੀਨ ਸਰਕਾਰੀ ਜਾਂ ਪ੍ਰਾਈਵੇਟ ਸਕੂਲ, ਕਾਲਜ ਵਿੱਚ ਪੜ੍ਹਦੀਆਂ ਇੱਕੋ ਪਰਿਵਾਰ ਦੀਆਂ ਦੋ ਲੜਕੀਆਂ ਵਿੱਚੋਂ ਇੱਕ ਦੀ ਦਾਖਲਾ ਫੀਸ ਜਾਂ ਹਰ ਮਹੀਨੇ ਦਿੱਤੀ ਜਾਣ ਵਾਲੀ ਫੀਸ ਮੁਆਫ ਕੀਤੀ ਜਾ ਸਕਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸਕੀਮ ਬਾਰੇ ਵਿਸਥਾਰ ਵਿੱਚ ਦੱਸਿਆ ਜਾਵੇ?

**ਸ਼੍ਰੀ ਓਮ ਪ੍ਰਕਾਸ਼ ਸੋਨੀ :** ਨਹੀਂ ਜੀ।

------

## ਜੇਲ੍ਹਾਂ ਵਿੱਚ ਨਸ਼ੇ ਨੂੰ ਰੋਕਣ ਲਈ ਉਪਰਾਲੇ ਕਰਨਾ

***1803. (ਸੀ.ਯੂ.) ਸ਼੍ਰੀ ਸੰਜੀਵ ਤਲਵਾੜ:** ਕੀ ਜੇਲ੍ਹ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਦੀਆਂ ਜੇਲ੍ਹਾਂ ਵਿੱਚ ਰੋਜ਼ਾਨਾ ਫੜੇ ਜਾ ਰਹੇ ਮੋਬਾਇਲਾਂ ਅਤੇ ਜੇਲ੍ਹਾਂ ਦੇ ਅੰਦਰ ਕੈਦੀਆਂ ਨੂੰ ਮਿਲ ਰਹੇ ਨਸ਼ੇ ਨੂੰ ਰੋਕਣ ਲਈ ਜੇਲ੍ਹ ਵਿਭਾਗ ਵੱਲੋਂ ਕਿਹੜੇ ਕਿਹੜੇ ਉਪਰਾਲੇ ਕੀਤੇ ਜਾ ਰਹੇ ਹਨ?

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ :** ਜੇਲ੍ਹਾਂ ਵਿੱਚ ਤਿੰਨ ਪਰਤੀ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ, ਜਿਸ ਵਿੱਚ ਪੰਜਾਬ ਪੁਲਿਸ, ਪੰਜਾਬ ਆਰਮਡ ਪੁਲਿਸ, ਇੰਡੀਅਨ ਰਿਜ਼ਰਵ ਬਟਾਲੀਅਨ, ਪੈਸਕੋ ਅਤੇ ਪੰਜਾਬ ਹੋਮਗਾਰਡ ਦੇ ਜਵਾਨ ਤਾਇਨਾਤ ਕੀਤੇ ਗਏ ਹਨ ਅਤੇ ਸੀ.ਆਈ.ਐਸ.ਐਫ. ਲਗਾਈ ਜਾ ਰਹੀ ਹੈ। ਜੇਲ੍ਹਾਂ ਵਿੱਚ ਮੋਬਾਇਲ ਫੋਨਾਂ ਦੀ ਅਤੇ ਇਲੈਕਟਰੋਨਿਕ ਡਿਵਾਇਸ ਦੀ ਗੈਰ-ਕਾਨੂੰਨੀ ਵਰਤੋਂ ਨੂੰ ਰੋਕਣ ਲਈ ਮੋਬਾਇਲ ਜੈਮਰ, ਐਕਸਰੇ ਬੈਗਜ਼ ਮਸ਼ੀਨਾਂ, ਡੋਰ ਫਰੇਮ ਮੈਟਲ ਡਿਟੈਕਟਰ, ਹੈਂਡ ਹੋਲਡ ਮੈਟਲ ਡਿਟੈਕਟਰ ਲਗਾਏ ਗਏ ਹਨ। ਇਸ ਤੋਂ ਇਲਾਵਾ ਨਸ਼ਿਆਂ ਦੀ ਰੋਕਥਾਮ ਵਾਸਤੇ

[ਜੇਲ੍ਹ ਮੰਤਰੀ]

ਸਨਿੱਫਰ ਡਾਗਜ਼ ਮੌਜੂਦ ਹਨ ਜੋ ਨਿਰੰਤਰ ਤੌਰ ਤੇ ਬੈਰਕਾਂ ਦੀ ਤਲਾਸ਼ੀ ਕਰਦੇ ਹਨ। ਜੇਲ੍ਹਾਂ ਅੰਦਰ ਅਹਿਮ ਥਾਵਾਂ ਤੇ ਸੀ.ਸੀ.ਟੀ.ਵੀ. ਕੈਮਰੇ ਅਤੇ 10 ਜੇਲ੍ਹਾਂ ਅੰਦਰ ਹਾਈ ਸਕਿਉਰਿਟੀ ਜ਼ੋਨ ਸਥਾਪਿਤ ਕੀਤੇ ਗਏ ਹਨ ਅਤੇ ਇਸ ਦੇ ਨਾਲ ਹੀ 4ਜੀ ਜੈਮਰ ਵੀ ਲਗਾਉਣ ਦੀ ਤਜਵੀਜ਼ ਹੈ। ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਜੇ ਕੋਈ ਕਦਮ ਨਹੀਂ ਚੁੱਕੇ ਜਾਂਦੇ ਤਾਂ ਇਨ੍ਹਾਂ ਅਧਿਕਾਰੀ/ਕਰਮਚਾਰੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਜੇਲ੍ਹਾਂ ਅੰਦਰ ਮੋਬਾਇਲ ਫੋਨਾਂ ਦੀ ਨਜਾਇਜ਼ ਵਰਤੋਂ ਨੂੰ ਰੋਕਣ ਲਈ ਅਤੇ ਬੰਦੀਆਂ ਨੂੰ ਆਪਣੇ ਰਿਸ਼ਤੇਦਾਰਾਂ ਨਾਲ ਗੱਲਬਾਤ ਕਰਨ ਲਈ 23 ਜੇਲ੍ਹਾਂ ਵਿੱਚ ਪ੍ਰੀਜ਼ਨ ਕਾਲ ਸਿਸਟਮ ਲਗਾਇਆ ਗਿਆ ਹੈ। ਜਿਹੜੇ ਕੈਦੀ ਨਸ਼ੇ ਦੇ ਆਦੀ ਹਨ, ਉਨ੍ਹਾਂ ਲਈ ਰਾਜ ਦੀਆਂ ਅੱਠ ਕੇਂਦਰੀ ਜੇਲ੍ਹਾਂ ਵਿੱਚ ਅੱਠ ਨਸ਼ਾ ਛੁਡਾਊ ਕੇਂਦਰ ਚੱਲ ਰਹੇ ਹਨ। ਬੰਦੀਆਂ ਨੂੰ ਨਸ਼ੇ ਤੋਂ ਦੂਰ ਅਤੇ ਵਿਅਸਤ ਰੱਖਣ ਲਈ ਉਨ੍ਹਾਂ ਨੂੰ ਖੇਡਾਂ ਤੋਂ ਇਲਾਵਾ ਯੋਗਾ, ਮੈਡੀਟੇਸ਼ਨ, ਧਾਰਮਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਹਰ ਸਾਲ ਉਲੰਪਿਕ ਖੇਡਾਂ ਕਰਵਾਈਆਂ ਜਾਂਦੀਆਂ ਹਨ।

------

## ਪੰਜਾਬ ਵਿੱਚ ਪੁਲਿਸ ਮੁਲਾਜ਼ਮਾਂ ਦੀ ਕਮੀ ਪੂਰੀ ਕਰਨਾ

***1805. (ਸੀ.ਯੂ.) ਸ਼੍ਰੀ ਸੰਜੀਵ ਤਲਵਾੜ:** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਸੁਖਾਵੇਂ ਮਾਹੌਲ ਨੂੰ ਕਾਇਮ ਰੱਖਣ ਲਈ ਸਾਰੇ ਪੁਲਿਸ ਸਟੇਸ਼ਨਾਂ ਵਿੱਚ ਪੁਲਿਸ ਮੁਲਾਜ਼ਮਾਂ ਦੀ ਕਾਫੀ ਕਮੀ ਪਾਈ ਜਾ ਰਹੀ ਹੈ, ਜਿਸ ਕਰਕੇ ਪੁਲਿਸ ਮੁਲਾਜ਼ਮਾਂ ਨੂੰ 18 ਤੋਂ 20 ਘੰਟੇ ਡਿਊਟੀ ਕਰਨੀ ਪੈਂਦੀ ਹੈ ਅਤੇ ਇੰਨੀ ਜ਼ਿਆਦਾ ਡਿਊਟੀ ਕਰਨ ਤੋਂ ਬਾਅਦ ਵੀ ਪੁਲਿਸ ਮੁਲਾਜ਼ਮ ਜਨਤਾ ਦੀਆਂ ਸ਼ਿਕਾਇਤਾਂ ਦਾ ਹੱਲ ਸਮੇਂ ਤੇ ਨਹੀਂ ਕਰ ਪਾਉਂਦੇ, ਜਿਸ ਨਾਲ ਜਨਤਾ ਨੂੰ ਕਾਫੀ ਪਰੇਸ਼ਾਨੀ ਆਉਂਦੀ ਹੈ ਅਤੇ ਅਪਰਾਧੀਆਂ ਦਾ ਡਰ ਖਤਮ ਹੁੰਦਾ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵੱਲੋਂ ਪੰਜਾਬ ਵਿੱਚ ਪੁਲਿਸ ਮੁਲਾਜ਼ਮਾਂ ਦੀ ਕਮੀ ਨੂੰ ਪੂਰਾ ਕਰਨ ਲਈ ਕਿਹੜੇ ਕਿਹੜੇ ਉਪਰਾਲੇ ਕੀਤੇ ਜਾ ਰਹੇ ਹਨ?

**ਕੈਪਟਨ ਅਮਰਿੰਦਰ ਸਿੰਘ :** ਨਹੀਂ ਜੀ, ਪੰਜਾਬ ਰਾਜ ਵਿੱਚ ਜਨਤਾ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨ, ਅਪਰਾਧੀ ਅਨਸਰਾਂ ਵਿੱਚ ਕਾਨੂੰਨੀ ਖੌਫ ਪੈਦਾ ਕਰਨ ਅਤੇ ਸ਼ਾਂਤੀ ਪੂਰਵਕ ਮਾਹੌਲ ਸਥਾਪਿਤ ਕਰਨ ਲਈ ਉਚਿਤ ਮਾਤਰਾ ਵਿੱਚ ਪੁਲਿਸ ਬਲ ਤਾਇਨਾਤ ਹੈ। ਸਰਕਾਰ ਵੱਲੋਂ ਰਿਟਾਇਰਮੈਂਟ ਉਪਰੰਤ ਖਾਲੀ ਅਸਾਮੀਆਂ ਸਮੇਂ ਸਮੇਂ ਭਰੀਆਂ ਜਾਂਦੀਆਂ ਹਨ।

------

## ਪੰਜਾਬ ਦੇ ਸਮਾਜ ਭਲਾਈ ਕੇਂਦਰਾਂ ਵਿੱਚ ਸਟਾਫ ਦੀ ਕਮੀ ਨੂੰ ਪੂਰਾ ਕਰਨਾ

***1806 (ਸੀ.ਯੂ.). ਸ਼੍ਰੀ ਸੰਜੀਵ ਤਲਵਾੜ :** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਦੇ ਸਮਾਜ ਭਲਾਈ ਕੇਂਦਰਾਂ (ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫਤਰ) ਵਿੱਚ ਸਟਾਫ ਦੀ ਭਾਰੀ ਕਮੀ ਹੋਣ ਕਾਰਨ ਬਜ਼ੁਰਗਾਂ, ਵਿਧਵਾ, ਅਪੰਗ ਵਿਅਕਤੀਆਂ ਅਤੇ ਹੋਰ ਸਕੀਮਾਂ ਦੀ ਸਹੂਲਤ ਲੈਣ ਵਾਲੀ ਜਨਤਾ ਨੂੰ ਬੜੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਇਨ੍ਹਾਂ ਕੇਂਦਰਾਂ ਵਿੱਚ ਸਟਾਫ ਦੀ ਕਮੀ ਨੂੰ ਪੂਰਾ ਕਰਨ ਲਈ ਕਿਹੜੇ ਕਿਹੜੇ ਉਪਰਾਲੇ ਕੀਤੇ ਜਾ ਰਹੇ ਹਨ?

**ਸ਼੍ਰੀਮਤੀ ਅਰੁਨਾ ਚੌਧਰੀ :** ਸ਼੍ਰੀਮਾਨ ਜੀ, ਹਾਂ ਜੀ। ਸਮਾਜਿਕ ਸੁਰੱਖਿਆ ਵਿਭਾਗ ਵਿੱਚ ਸਟਾਫ ਦੀ ਘਾਟ ਜ਼ਰੂਰ ਹੈ। ਪਰੰਤੂ ਸਟਾਫ ਦੀ ਕਮੀ ਹੋਣ ਦੇ ਬਾਵਜੂਦ ਵੀ ਬਜ਼ੁਰਗਾਂ, ਵਿਧਵਾਵਾਂ, ਅਪੰਗ ਵਿਅਕਤੀਆਂ ਅਤੇ ਹੋਰ ਸਕੀਮਾਂ ਅਧੀਨ ਪ੍ਰਾਪਤ ਹੁੰਦੀਆਂ ਅਰਜ਼ੀਆਂ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾਂਦਾ ਹੈ। ਪੈਨਸ਼ਨ ਦੀ ਅਦਾਇਗੀ ਲਾਭਪਾਤਰੀਆਂ ਨੂੰ ਸਿੱਧੇ ਬੈਂਕ ਖਾਤੇ ਵਿੱਚ ਸਮੇਂ ਸਿਰ ਕੀਤੀ ਜਾਂਦੀ ਹੈ ਅਤੇ ਕੋਈ ਵੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਂਦੀ।

ਵਿਭਾਗ ਵੱਲੋਂ ਸੀਨੀਅਰ ਸਹਾਇਕਾਂ ਦੀਆਂ 78 ਅਸਾਮੀਆਂ ਦੀ ਭਰਤੀ ਕਰਨ ਲਈ ਪੰਜਾਬ ਲੋਕ ਸੇਵਾ ਕਮਿਸ਼ਨ ਅਤੇ ਕਲਰਕਾਂ ਦੀਆਂ 101 ਅਸਾਮੀਆਂ ਦੀ ਭਰਤੀ ਕਰਨ ਲਈ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਨੂੰ ਲਿਖਿਆ ਜਾ ਚੁੱਕਾ ਹੈ ਅਤੇ ਕਾਰਵਾਈ ਅਧੀਨ ਹੈ।

------

## ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ ਤਲਵਾੜਾ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਬਣਾਏ ਹਸਪਤਾਲ ਵਿੱਚ ਡਾਕਟਰ ਲਗਾਉਣਾ

***1807 (ਸੀ.ਯੂ.). ਸਰਦਾਰ ਜੈ ਕ੍ਰਿਸ਼ਨ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਤਲਵਾੜਾ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੁਆਰਾ ਇੱਕ ਬਹੁਤ ਵਧੀਆ ਹਸਪਤਾਲ ਦੀ ਇਮਾਰਤ ਡੀ.ਐਮ.ਸੀ., ਲੁਧਿਆਣਾ ਦੀ ਤਰਜ਼ ਤੇ ਬਣਾਈ ਗਈ ਹੈ ਪਰ ਉਥੇ ਕੋਈ ਡਾਕਟਰ ਨਾ ਹੋਣ ਕਾਰਨ ਉੱਥੋਂ ਦੇ ਲੋਕਾਂ ਨੂੰ ਇਲਾਜ ਵਾਸਤੇ ਦੂਰ-ਦੁਰਾਡੇ ਜਾਣਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਉਥੇ ਲੋੜੀਂਦੇ ਡਾਕਟਰ ਕਦੋਂ ਤੱਕ ਲਗਾਏ ਜਾਣ ਦੀ ਸੰਭਾਵਨਾ ਹੈ?

**ਜਲ ਸਰੋਤ ਮੰਤਰੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ) :** ਹਾਂ ਜੀ, ਬੀ.ਬੀ.ਐਮ.ਬੀ. ਵਿੱਚ ਡਾਕਟਰਾਂ ਦੀਆਂ 54 ਅਸਾਮੀਆਂ ਹਨ, ਜਿਸ ਵਿੱਚੋਂ 31 ਡਾਕਟਰ ਪੰਜਾਬ, 20 ਹਰਿਆਣਾ ਅਤੇ 3 ਰਾਜਸਥਾਨ ਵੱਲੋਂ ਦਿੱਤੇ ਜਾਣੇ ਬਣਦੇ ਹਨ, ਜਿਸ ਵਿੱਚੋਂ 11 ਡਾਕਟਰ ਪੰਜਾਬ, 3 ਹਰਿਆਣਾ ਅਤੇ 1 ਰਾਜਸਥਾਨ ਵੱਲੋਂ ਤਾਇਨਾਤ ਕੀਤੇ ਗਏ ਹਨ ਅਤੇ ਕੁੱਲ 34 ਡਾਕਟਰਾਂ ਦੀ ਘਾਟ ਹੈ। ਬੀ.ਬੀ.ਐਮ.ਬੀ. ਵੱਲੋਂ ਦੱਸਿਆ ਗਿਆ ਹੈ ਕਿ ਉਨ੍ਹਾਂ ਕੋਲ ਖੁਦ ਕੋਈ ਡਾਕਟਰਾਂ ਦਾ ਕਾਡਰ ਨਹੀਂ ਹੈ ਅਤੇ ਉਨ੍ਹਾਂ ਵੱਲੋਂ ਪਾਰਟਨਰ ਰਾਜਾਂ ਨੂੰ ਡਾਕਟਰ ਤਾਇਨਾਤ ਕਰਨ ਲਈ ਕਈ ਵਾਰ ਲਿਖਿਆ ਗਿਆ ਹੈ। ਜਲ ਸਰੋਤ ਵਿਭਾਗ ਵੱਲੋਂ ਵੀ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਨੂੰ ਲੋੜੀਂਦੇ ਡਾਕਟਰ ਬੀ.ਬੀ.ਐਮ.ਬੀ. ਹਸਪਤਾਲ ਤਲਵਾੜਾ ਵਿਖੇ ਤਾਇਨਾਤ ਕਰਨ ਲਈ ਲਿਖਤੀ ਤੌਰ ਤੇ ਬੇਨਤੀ ਕਰ ਦਿੱਤੀ ਗਈ ਹੈ। ਪਾਰਟਨਰ ਰਾਜਾਂ/ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵੱਲੋਂ ਡਾਕਟਰ ਮੁਹੱਈਆ ਕਰਵਾਉਣ ਉਪਰੰਤ ਬੀ.ਬੀ.ਐਮ.ਬੀ. ਹਸਪਤਾਲ ਤਲਵਾੜਾ ਵਿਖੇ ਡਾਕਟਰ ਲਗਾ ਦਿੱਤੇ ਜਾਣਗੇ।

------

## ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਡਿੱਗਣ ਤੋਂ ਬਚਾਉਣਾ

***1808. (ਸੀ.ਯੂ.) 1. ਸਰਦਾਰ ਜੈ ਕ੍ਰਿਸ਼ਨ ਸਿੰਘ**

**2. ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਜਲ ਸਰੋਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਸਰਕਾਰ ਨੇ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਡਿੱਗਣ ਤੋਂ ਬਚਾਉਣ ਲਈ ਕੋਈ ਠੋਸ ਕਦਮ ਚੁੱਕੇ ਹਨ; ਜੇਕਰ ਅਜਿਹਾ ਹੋਵੇ ਤਾਂ ਉਸਦੇ ਵੇਰਵੇ ਕੀ ਹਨ;

(ਅ) ਕੀ ਅਜਿਹੇ ਸੰਕਟ ਤੋਂ ਬਚਣ ਲਈ ਸਰਕਾਰ ਕੋਈ ਸਰਵੇ ਕਰਵਾਉਣ ਜਾਂ ਪਾਲਿਸੀ ਲਿਆਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਇਸ ਦੇ ਵੇਰਵੇ ਦਿੱਤੇ ਜਾਣ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** (ੳ) ਜੀ ਹਾਂ, ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੇ ਡਿਗਦੇ ਪੱਧਰ ਨੂੰ ਰੋਕਣ ਲਈ ਹੇਠ ਲਿਖੇ ਕਦਮ ਚੁੱਕੇ ਜਾ ਰਹੇ ਹਨ:-

(1) ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸੁਆਇਲ ਵਾਟਰ ਐਕਟ, 2009 ਅਧੀਨ ਝੋਨਾ ਲਗਾਉਣ ਦੀ ਤਰੀਕ ਮਿਤੀ 15 ਜੂਨ ਤੋਂ 20 ਜੂਨ ਦੇਰੀ ਨਾਲ ਕੀਤੀ ਗਈ ਹੈ।

(2) ਪਾਣੀ ਦੇ ਪ੍ਰਬੰਧਨ, ਰੱਖ-ਰਖਾਵ ਅਤੇ ਸਹੀ ਇਸਤੇਮਾਲ ਦਾ ਮਾਸਟਰ ਪਲਾਨ ਬਣਾਉਣ ਲਈ ਇਜ਼ਰਾਇਲ ਦੀ ਸਰਕਾਰੀ ਕੰਪਨੀ ਮੈਕਰੋਟ ਨਾਲ ਮਿਤੀ 23 ਅਕਤੂਬਰ, 2018 ਨੂੰ ਮੈਮੋਰੰਡਮ ਹਸਤਾਖਰ ਕੀਤਾ ਗਿਆ ਹੈ। ਇਸ ਮਾਸਟਰ ਪਲਾਨ ਦੇ ਬਣਨ ਨਾਲ ਇਸ ਸਮੱਸਿਆ ਨੂੰ ਨਜਿੱਠਣ ਲਈ ਯੋਜਨਾਬੱਧ ਤਰੀਕੇ ਨਾਲ ਹੋਰ ਚੁੱਕੇ ਜਾਣ ਵਾਲੇ ਕਦਮਾਂ ਦੀ ਜਾਣਕਾਰੀ ਮਿਲ ਸਕੇਗੀ।

(3) ਮੁੱਦੇ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਨਵੰਬਰ, 2017 ਨੂੰ ਪੰਜਾਬ ਸਰਕਾਰ ਵੱਲੋਂ ਡਾਇਰੈਕਟੋਰੇਟ ਆਫ ਗਰਾਊਂਡ ਵਾਟਰ ਮੈਨੇਜਮੈਂਟ ਦਾ ਗਠਨ ਕੀਤਾ ਗਿਆ ਹੈ।

(4) ਭਾਰਤ ਸਰਕਾਰ ਦੀ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ ਦੀ ISBIG (ਇੰਸੈਂਟੀਵਾਈਜੇਸ਼ਨ ਸਕੀਮ ਆਫ ਬਰੀਜਿੰਗ ਇਰੀਗੇਸ਼ਨ ਗੈਪ) ਸਕੀਮ ਅਧੀਨ ਕੰਸੈਪਟ ਨੋਟ ਤਿਆਰ ਕੀਤਾ ਗਿਆ ਹੈ। ਜੇਕਰ ਇਹ ਸਕੀਮ ਪੂਰਨ ਰੂਪ ਵਿੱਚ ਲਾਗੂ ਹੋ ਜਾਂਦੀ ਹੈ ਤਾਂ ਇਸ ਸਕੀਮ ਅਧੀਨ ਪੰਜਾਬ ਰਾਜ ਦੇ ਲਗਭਗ 3.74 ਲੱਖ ਹੈਕਟੇਅਰ ਏਰੀਏ ਵਿੱਚ ਮਾਈਕਰੋ ਇਰੀਗੇਸ਼ਨ ਸਕੀਮਾਂ ਲਗਾਉਣ ਦਾ ਉਪਬੰਧ ਹੈ, ਜਿਸ ਨਾਲ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਸਤਰ ਨੂੰ ਠੱਲ੍ਹ ਪਵੇਗੀ।

(ਅ) ਜੀ ਹਾਂ, ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਦੇ ਸੰਕਟ ਤੋਂ ਬਚਣ ਲਈ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ:-

(1) ਡਾਇਰੈਕਟੋਰੇਟ ਆਫ ਗਰਾਊਂਡ ਵਾਟਰ ਮੈਨੇਜਮੈਂਟ ਵੱਲੋਂ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਮੋਨੀਟਰ ਕਰਨ ਲਈ 816 ਪੀਜ਼ੋਮੀਟਰ ਲਗਾਏ ਹੋਏ ਹਨ, ਜਿਨ੍ਹਾਂ ਦੀ ਮੌਨਸੂਨ ਤੋਂ ਪਹਿਲਾਂ ਅਤੇ ਮੌਨਸੂਨ ਤੋਂ ਬਾਅਦ ਰੀਡਿੰਗਜ਼ ਲਈਆਂ ਜਾਂਦੀਆਂ ਹਨ। ਇਨ੍ਹਾਂ ਰੀਡਿੰਗਾਂ ਦੇ ਆਧਾਰ ਤੇ ਹਰ 4 ਸਾਲਾਂ ਬਾਅਦ ਡਾਇਨਾਮਿਕ ਗਰਾਊਂਡ ਵਾਟਰ ਰਿਸੋਰਸਿਸ ਦੀ ਰਿਪੋਰਟ ਤਿਆਰ ਕੀਤੀ ਜਾਂਦੀ ਹੈ।

(2) ਪਾਣੀ ਦੇ ਪ੍ਰਬੰਧਨ ਅਤੇ ਰੱਖ-ਰਖਾਵ ਦੇ ਮਹੱਤਵਪੂਰਨ ਮੁੱਦੇ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਸਰਕਾਰ ਵੱਲੋਂ 'ਪੰਜਾਬ ਵਾਟਰ ਰਿਸੋਰਸਿਜ਼ ਮੈਨੇਜਮੈਂਟ ਐਂਡ ਰੈਗੂਲੇਸ਼ਨ' ਬਿਲ ਲਿਆਉਣ ਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਇਸ ਪ੍ਰਸਤਾਵਿਤ ਬਿਲ ਵਿੱਚ ਪੰਜਾਬ ਵਾਟਰ ਰੈਗੂਲੇਸ਼ਨ ਅਤੇ ਡਿਵੈਲਪਮੈਂਟ ਅਥਾਰਟੀ ਦੀ ਰਚਨਾ ਦਾ ਉਪਬੰਧ ਕੀਤਾ ਗਿਆ ਹੈ।

------

## ਪੁਲਿਸ ਸੁਧਾਰ ਸਬੰਧੀ ਦਿੱਤੇ ਦਿਸ਼ਾ-ਨਿਰਦੇਸ਼ ਲਾਗੂ ਕਰਨਾ

***1809. (ਸੀ.ਯੂ.) ਸਰਦਾਰ ਜੈ ਕ੍ਰਿਸ਼ਨ ਸਿੰਘ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਸੁਪਰੀਮ ਕੋਰਟ ਵੱਲੋਂ ਸਾਲ 2006 ਵਿੱਚ ਪੁਲਿਸ ਸੁਧਾਰ ਸਬੰਧੀ ਦਿੱਤੇ ਦਿਸ਼ਾ-ਨਿਰਦੇਸ਼ ਲਾਗੂ ਕੀਤੇ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਵੇਰਵੇ ਕੀ ਹਨ?

**ਕੈਪਟਨ ਅਮਰਿੰਦਰ ਸਿੰਘ :** ਲੋੜੀਂਦੀ ਸੂਚਨਾ ਨਾਲ ਨੱਥੀ ਸਟੇਟਮੈਂਟ ਵਿੱਚ ਦਿੱਤੀ ਗਈ ਹੈ:-

### ਸਟੇਟਮੈਂਟ

ਰਾਜ ਸਰਕਾਰ ਵੱਲੋਂ ਹੇਠ ਅਨੁਸਾਰ ਪੁਲਿਸ ਸੁਧਾਰ ਲਾਗੂ ਕੀਤੇ ਜਾ ਚੁੱਕੇ ਹਨ:-

| ਲੜੀ ਨੰ: | ਹਦਾਇਤਾਂ | ਕੀਤੀ ਗਈ ਕਾਰਵਾਈ |
|---|---|---|
| 1 | ਨੈਸ਼ਨਲ ਮਨੁੱਖੀ ਅਧਿਕਾਰ ਕਮਿਸ਼ਨ, ਰਿਬੇਰੋ ਕਮੇਟੀ ਜਾਂ ਸੋਰਾਬਜੀ ਕਮੇਟੀ ਵੱਲੋਂ ਸਿਫਾਰਸ਼ ਕੀਤੇ ਕਿਸੇ ਵੀ ਮਾਡਲ ਅਨੁਸਾਰ ਰਾਜ ਸੁਰੱਖਿਆ ਕਮਿਸ਼ਨ ਦੇ ਗਠਨ ਕਰਨ ਬਾਰੇ। | ਰਾਜ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰਬਰ 20-Leg./2018 ਮਿਤੀ 21.09.2018 (ਕਾਪੀ ਨੱਥੀ) ਰਾਹੀਂ ਪੰਜਾਬ ਪੁਲਿਸ ਐਕਟ, 2007 ਦੇ ਸੈਕਸ਼ਨ 27 ਦੇ ਸਬ-ਸੈਕਸ਼ਨ 2 ਵਿੱਚ ਸੋਧ ਕਰਦੇ ਹੋਏ ਰਾਜ ਸੁਰੱਖਿਆ ਕਮਿਸ਼ਨ ਦੇ ਗਠਨ ਸਬੰਧੀ ਲੋੜੀਂਦੇ ਉਪਬੰਧ ਕਰ ਦਿੱਤੇ ਗਏ ਹਨ। |
| 2 | ਰਾਜ ਦੇ ਡਾਇਰੈਕਟਰ ਜਨਰਲ ਪੁਲਿਸ ਦੀ ਚੋਣ ਲਈ ਤਿੰਨ ਸੀਨੀਅਰ ਮੋਸਟ ਪੁਲਿਸ ਅਫਸਰਾਂ ਦਾ ਪੈਨਲ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਭੇਜਣ ਅਤੇ ਚੋਣ ਉਪਰੰਤ ਚੁਣੇ ਗਏ ਡੀ.ਜੀ.ਪੀ. ਦਾ ਘੱਟੋ-ਘੱਟ ਨਿਯੁਕਤੀ ਸਮਾਂ ਦੋ ਸਾਲ ਕਰਨ ਬਾਰੇ । | ਰਾਜ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰਬਰ 20-Leg./2018 ਮਿਤੀ 21.09.2018 (ਕਾਪੀ ਨੱਥੀ) ਰਾਹੀਂ ਪੰਜਾਬ ਪੁਲਿਸ ਐਕਟ, 2007 ਦੇ ਸੈਕਸ਼ਨ 6 ਵਿੱਚ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਦੀ ਚੋਣ ਸਬੰਧੀ ਸੋਧ ਕੀਤੀ ਗਈ ਹੈ, ਪਰੰਤੂ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਵਿੱਚ ਰਾਜ ਸਰਕਾਰ ਵੱਲੋਂ ਮੌਜੂਦਾ ਡੀ.ਜੀ.ਪੀ. ਦੀ ਚੋਣ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਕੀਤੀ ਗਈ ਹੈ। |
| 3 | ਪੁਲਿਸ ਅਧਿਕਾਰੀਆਂ ਦੀ ਆਪਰੇਸ਼ਨਲ ਡਿਊਟੀ ਲਈ ਨਿਯੁਕਤੀ ਸਮਾਂ ਘੱਟੋ-ਘੱਟ ਦੋ ਸਾਲ ਕਰਨ ਬਾਰੇ। | ਰਾਜ ਵੱਲੋਂ ਨੋਟੀਫਿਕੇਸ਼ਨ ਨੰਬਰ 20-Leg./2018 ਮਿਤੀ 21.09.2018 (ਕਾਪੀ ਨੱਥੀ) ਰਾਹੀਂ ਪੰਜਾਬ ਪੁਲਿਸ ਐਕਟ, 2007 ਦੇ ਸੈਕਸ਼ਨ 15 ਦੇ ਸਬ-ਸੈਕਸ਼ਨ 1 ਵਿੱਚ ਸੋਧ ਕਰਦੇ ਹੋਏ ਇਸ ਹਦਾਇਤ ਨੂੰ ਲਾਗੂ ਕਰ ਦਿੱਤਾ ਗਿਆ ਹੈ। |
| 4 | 10 ਲੱਖ ਜਾਂ ਇਸ ਤੋਂ ਵੱਧ ਅਬਾਦੀ ਵਾਲੇ ਟਾਊਨ/ਸ਼ਹਿਰੀ ਇਲਾਕਿਆਂ ਅਤੇ ਛੋਟੇ ਟਾਊਨ/ਸ਼ਹਿਰੀ ਇਲਾਕਿਆਂ ਵਿੱਚ ਅਮਨ ਕਾਨੂੰਨ ਅਤੇ ਇੰਨਵੈਸਟੀਗੇਸ਼ਨ ਕਰਨ ਲਈ ਵੱਖਰੇ-ਵੱਖਰੇ ਵਿੰਗ ਸ਼ੁਰੂ ਕਰਨ ਸਬੰਧੀ | ਰਾਜ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰਬਰ 5/184/2015-5ਗ4/610277/1 ਮਿਤੀ 15.10.2015 (ਕਾਪੀ ਨੱਥੀ) ਰਾਹੀਂ ਇੰਨਵੈਸਟੀਗੇਸ਼ਨ ਪੁਲਿਸ ਨੂੰ ਅਮਨ ਅਤੇ ਕਾਨੂੰਨ ਪੁਲਿਸ ਤੋਂ ਵੱਖਰਾ ਕਰ ਦਿੱਤਾ ਗਿਆ ਹੈ ਅਤੇ ਨੋਟੀਫਿਕੇਸ਼ਨ ਨੰਬਰ 10-Leg./2018 |

| | |
|---|---|
| | ਮਿਤੀ 19.04.2018 (ਕਾਪੀ ਨੱਥੀ) ਰਾਹੀਂ ਪੰਜਾਬ ਪੁਲਿਸ ਐਕਟ, 2007 ਦੇ ਸੈਕਸ਼ਨ 4 (ਬੀ) ਵਿੱਚ ਸੋਧ ਕਰਦੇ ਹੋਏ ਵੱਖਰਾ ਇੰਨਵੈਸਟੀਗੇਸ਼ਨ ਕਾਡਰ ਬਣਾਉਣ ਸਬੰਧੀ ਲੋੜੀਂਦੇ ਉਪਬੰਧ ਕਰ ਦਿੱਤੇ ਗਏ ਹਨ। |
| 5 ਅਧਿਕਾਰੀਆਂ ਅਤੇ ਡੀ.ਐਸ.ਪੀ.ਰੈਂਕ ਦੇ ਅਧਿਕਾਰੀਆਂ ਤੋਂ ਹੇਠਲੇ ਰੈਂਕ ਦੇ ਕਰਮਚਾਰੀਆਂ ਦੀਆਂ ਬਦਲੀਆਂ, ਤਾਇਨਾਤੀਆਂ, ਤਰੱਕੀਆਂ ਅਤੇ ਹੋਰ ਸਰਵਿਸ ਮਾਮਲਿਆਂ ਨੂੰ ਨਜਿੱਠਣ ਲਈ ਰਾਜ ਪੱਧਰ ਤੇ ਪੁਲਿਸ ਐਸਟੈਬਲਿਸ਼ਮੈਂਟ ਬੋਰਡ ਸਥਾਪਿਤ ਕਰਨ ਸਬੰਧੀ। | ਪੰਜਾਬ ਪੁਲਿਸ ਐਕਟ, 2007 ਦੀ ਧਾਰਾ 32 ਤਹਿਤ ਮਿਲੀਆਂ ਸ਼ਕਤੀਆਂ ਤਹਿਤ ਡੀ.ਐਸ.ਪੀ. ਰੈਂਕ ਦੇ ਅਧਿਕਾਰੀਆਂ ਦੀਆਂ ਬਦਲੀਆਂ, ਤਾਇਨਾਤੀਆਂ, ਤਰੱਕੀਆਂ ਲਈ ਪਹਿਲਾਂ ਹੀ ਡੀ.ਜੀ.ਪੀ. ਪੰਜਾਬ ਦੀ ਪ੍ਰਧਾਨਗੀ ਹੇਠ ਪੁਲਿਸ ਐਸਟੈਬਲਿਸ਼ਟਮੈਂਟ ਕਮੇਟੀ ਸਥਾਪਿਤ ਕੀਤੀ ਹੋਈ ਹੈ, ਜਿਸ ਸਬੰਧੀ ਰਾਜ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰਬਰ 4/57/2010-4ਗ3/1384 ਮਿਤੀ 30.05.2013 (ਕਾਪੀ ਨੱਥੀ **) ਜਾਰੀ ਕੀਤਾ ਗਿਆ ਹੈ। |
| 6 ਪੁਲਿਸ ਅਧਿਕਾਰੀਆਂ ਖਿਲਾਫ ਸ਼ਿਕਾਇਤਾਂ ਵੇਖਣ ਲਈ ਰਾਜ ਅਤੇ ਜ਼ਿਲ੍ਹਾ ਪੱਧਰ ਤੇ ਪੁਲਿਸ ਕੰਪਲੇਂਟ ਅਥਾਰਿਟੀਆਂ ਸਥਾਪਿਤ ਕਰਨ ਬਾਰੇ। | ਰਾਜ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰਬਰ 23-Leg./2014, ਮਿਤੀ 29.08.2014 (ਕਾਪੀ ਨੱਥੀ) ਰਾਹੀਂ ਪੰਜਾਬ ਪੁਲਿਸ ਐਕਟ, 2007 ਦੇ ਸੈਕਸ਼ਨ 54 ਵਿੱਚ ਸੋਧ ਕਰਦੇ ਹੋਏ ਰਾਜ ਪੱਧਰ ਤੇ ਰਾਜ ਪੁਲਿਸ ਕੰਪਲੇਂਟ ਅਥਾਰਿਟੀ ਅਤੇ ਹਰੇਕ ਜ਼ਿਲ੍ਹੇ ਜਾਂ ਜ਼ਿਲ੍ਹਿਆਂ ਦੇ ਸਮੂਹ ਜਾਂ ਪੁਲਿਸ ਕਮਿਸ਼ਨਰੇਟ ਪੱਧਰ ਤੇ ਡਵੀਜ਼ਨਲ ਪੁਲਿਸ ਕੰਪਲੇਂਟ ਅਥਾਰਿਟੀ ਸਥਾਪਿਤ ਕਰਨ ਸਬੰਧੀ ਲੋੜੀਂਦੇ ਉਪਬੰਧ ਕੀਤੇ ਗਏ ਹਨ। ਹਾਲਾਂਕਿ ਇਨ੍ਹਾਂ ਉਪਬੰਧਾਂ ਨੂੰ CWP (PIL) No. 20009 of No 2014- ਐਚ.ਸੀ. ਅਰੋੜਾ ਬਨਾਮ ਪੰਜਾਬ ਸਰਕਾਰ ਤੇ ਹੋਰ ਵਿੱਚ ਚੈਲੰਜ ਕੀਤਾ ਗਿਆ ਹੈ ਮਾਮਲਾ ਕੋਰਟ ਦੇ ਵਿਚਾਰ ਅਧੀਨ ਹੈ। |

------

## ਅੱਤਵਾਦ ਤੋਂ ਪੀੜਿਤ ਪਰਿਵਾਰਾਂ ਦੇ ਕਿਸੇ ਇੱਕ ਵਿਅਕਤੀ ਨੂੰ ਸਰਕਾਰੀ ਨੌਕਰੀ ਦੇਣਾ

***1810. (ਸੀ.ਯੂ.) ਸਰਦਾਰ ਜੈ ਕ੍ਰਿਸ਼ਨ ਸਿੰਘ:** ਕੀ ਮਾਲ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅੱਤਵਾਦ ਪੀੜਿਤ ਪਰਿਵਾਰਾਂ ਦੇ ਕਿਸੇ ਇੱਕ ਵਿਅਕਤੀ ਨੂੰ ਸਰਕਾਰੀ ਨੌਕਰੀ ਦੇਣ ਦੀ ਸਰਕਾਰ ਦੀ ਕੋਈ ਸਕੀਮ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਸਕੀਮ ਅਧੀਨ 01.04.2017 ਤੋਂ 31.12.2018 ਤੱਕ ਕਿੰਨੇ ਵਿਅਕਤੀਆਂ ਨੂੰ ਸਰਕਾਰੀ ਨੌਕਰੀ ਦਿੱਤੀ ਗਈ ਅਤੇ ਉਨ੍ਹਾਂ ਦੇ ਵੇਰਵੇ ਕੀ ਹਨ?

**Placed in Revisor Branch.

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਜੀ ਹਾਂ। ਅੱਤਵਾਦ ਘਟਨਾ ਦੌਰਾਨ ਮਾਰੇ ਗਏ/100% ਨਕਾਰਾ ਪਏ ਵਿਅਕਤੀ (ਕਮਾਊ) ਦੇ ਪਰਿਵਾਰ ਦੇ ਇੱਕ ਨਿਰਭਰ ਪਰਿਵਾਰਕ ਮੈਂਬਰ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਸਬੰਧੀ ਕੇਸ ਪ੍ਰਸੋਨਲ ਵਿਭਾਗ ਦੇ ਪੱਤਰ ਨੰ. 11/105/98-4ਪੀ.ਪੀ.2/14420 ਮਿਤੀ 21.11.2002 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਨਿਪਟਾਏ ਜਾਂਦੇ ਹਨ। ਇਸ ਪਾਲਿਸੀ ਤਹਿਤ ਮਿਤੀ 01.04.2017 ਤੋਂ 31.12.2018 ਤੱਕ ਦਿੱਤੀਆਂ ਗਈਆਂ 32 ਨੌਕਰੀਆਂ ਦੇ ਵੇਰਵੇ ਅਨੁਲੱਗ-ੳ ਵਜੋਂ ਨਾਲ ਨੱਥੀ ਕੀਤੇ ਜਾਂਦੇ ਹਨ।

ਮਿਤੀ 01.04.2017 ਤੋਂ 31.12.2018 ਤੱਕ ਅੱਤਵਾਦ ਪ੍ਰਭਾਵਿਤ ਵਿਅਕਤੀਆਂ ਨੂੰ ਦਿੱਤੀ ਨੌਕਰੀ ਦੇ ਵੇਰਵੇ

| ਲੜੀ ਨੰ: | ਜ਼ਿਲ੍ਹਾ | | ਅੱਤਵਾਦ ਘਟਨਾ ਦੌਰਾਨ ਮਾਰੇ ਗਏ ਵਿਅਕਤੀ ਦਾ ਨਾਮ ਅਤੇ ਪਤਾ | ਘਟਨਾ ਦੀ ਮਿਤੀ ਅਤੇ ਸਥਾਨ | ਤਰਸ ਦੇ ਆਧਾਰ ਤੇ ਨੌਕਰੀ ਪ੍ਰਾਪਤ ਕਰਨ ਵਾਲੇ ਵਿਅਕਤੀ ਦਾ ਨਾਮ, ਪਤਾ ਅਤੇ ਮ੍ਰਿਤਕ ਨਾਲ ਰਿਸ਼ਤਾ | ਨੌਕਰੀ ਦੇਣ ਦੀ ਮਿਤੀ ਅਤੇ ਵਿਭਾਗ |
|---|---|---|---|---|---|---|
| 1 | ਅੰਮ੍ਰਿਤਸਰ | 1 | ਲੇਟ ਸ਼੍ਰੀ ਹਰੀ ਰਾਮ ਵਾਸੀ ਵਿੱਲਾ ਬੱਜੂ ਡਾਕ: ਘੁਮਾਣ ਤਹਿ: ਬਟਾਲਾ ਜ਼ਿਲ੍ਹਾ ਗੁਰਦਾਸਪੁਰ | 03.10.1992 ਪਿੰਡ ਮਹਿਸਪੁਰਾ ਤਹਿ: ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ | ਸ਼੍ਰੀ ਨਰੇਸ਼ ਕੁਮਾਰ (ਪੁੱਤਰ) ਵਾਸੀ ਵਿੱਲਾ ਬੱਜੂ ਡਾਕ: ਘੁਮਾਣ ਤਹਿ: ਬਟਾਲਾ ਜ਼ਿਲ੍ਹਾ ਗੁਰਦਾਸਪੁਰ | 18.05.2017 (ਦਰਜਾ-4) ਜ਼ਿਲ੍ਹਾ ਸਿੱਖਿਆ ਅਫਸਰ ਸੀਨੀਅਰ ਸੈਕੰਡਰੀ ਅੰਮ੍ਰਿਤਸਰ |
| | | 2 | ਲੇਟ ਸ਼੍ਰੀ ਸੇਵਾ ਸਿੰਘ ਵਾਸੀ ਪਿੰਡ ਗਾਗਰਮੱਲ, ਤਹਿ: ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ | 28.07.1988 ਗਾਗਰਮੱਲ, ਤਹਿ: ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ | ਸ਼੍ਰੀ ਬਲਦੇਵ ਸਿੰਘ (ਪੁੱਤਰ) ਵਾਸੀ ਪਿੰਡ ਗਾਗਰਮੱਲ, ਤਹਿ: ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ | 18.05.2017 (ਦਰਜਾ-4) ਜ਼ਿਲ੍ਹਾ ਸਿੱਖਿਆ ਅਫਸਰ ਸੀਨੀਅਰ ਸੈਕੰਡਰੀ ਅੰਮ੍ਰਿਤਸਰ |
| | | 3 | ਲੇਟ ਸ਼੍ਰੀ ਸੁਰਜੀਤ ਸਿੰਘ ਪਲਾਟ ਨੰ. 170, ਗਲੀ ਨੰ. 1 ਸ਼ਹੀਦ ਊਧਮ ਸਿੰਘ ਨਗਰ, ਜ਼ਿਲ੍ਹਾ ਅੰਮ੍ਰਿਤਸਰ | 04.02.1988 ਸ਼ਹੀਦ ਊਧਮ ਸਿੰਘ ਨਗਰ ਚਾਟੀਵਿੰਡ ਗੇਟ, ਜ਼ਿਲ੍ਹਾ ਅੰਮ੍ਰਿਤਸਰ | ਸ਼੍ਰੀ ਰਮਨਦੀਪ ਸਿੰਘ (ਪੁੱਤਰ) ਵਾਸੀ ਪਲਾਟ ਨੰ. 170, ਗਲੀ ਨੰ. 1 ਸ਼ਹੀਦ ਊਧਮ ਸਿੰਘ ਨਗਰ, ਜ਼ਿਲ੍ਹਾ ਅੰਮ੍ਰਿਤਸਰ | 18.05.2017 (ਦਰਜਾ-4) ਜ਼ਿਲ੍ਹਾ ਸਿੱਖਿਆ ਅਫਸਰ ਸੀਨੀਅਰ ਸੈਕੰਡਰੀ ਅੰਮ੍ਰਿਤਸਰ |

| | | | | | | |
|---|---|---|---|---|---|---|
| | | 4 | ਲੇਟ ਸ਼੍ਰੀ ਪਰਮਜੀਤ ਸਿੰਘ ਵਾਸੀ ਪਿੰਡ ਭੂਰੇ ਗਿੱਲ ਤਹਿ: ਅਜਨਾਲਾ, ਹਾਲ ਵਾਸੀ ਸੁਭਾਸ ਕਲੋਨੀ, ਮੁਸਤਫਾਬਾਦ, ਅੰਮ੍ਰਿਤਸਰ | 10.08.1984 ਭੂਰੇਗਿੱਲ ਤਹਿ: ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ | ਸ਼੍ਰੀ ਗੁਰੇਸਵਰ ਸਿੰਘ (ਪੁੱਤਰ) ਵਾਸੀ ਪਿੰਡ ਭੂਰੇ ਗਿੱਲ ਤਹਿ: ਅਜਨਾਲਾ, ਹਾਲ ਵਾਸੀ ਸੁਭਾਸ ਕਲੋਨੀ, ਮੁਸਤਫਾਬਾਦ ਅੰਮ੍ਰਿਤਸਰ | 18.05.2017 (ਦਰਜਾ-4) ਜ਼ਿਲ੍ਹਾ ਸਿੱਖਿਆ ਅਫਸਰ ਸੀਨੀਅਰ ਸੈਕੰਡਰੀ ਅੰਮ੍ਰਿਤਸਰ |
| | | 5 | ਲੇਟ ਸ਼੍ਰੀ ਮਲਵਿੰਦਰ ਸਿੰਘ ਵਾਸੀ ਪਿੰਡ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ | 12.11.1988 ਜੰਡਿਆਲਾ (ਮਜੀਠਾ) | ਮਿਸ ਸੰਦੀਪ ਕੌਰ (ਪੁੱਤਰੀ) ਵਾਸੀ ਪਿੰਡ ਮਜੀਠਾ ਜ਼ਿਲ੍ਹਾ ਅੰਮ੍ਰਿਤਸਰ | 16.04.2018 (ਦਰਜਾ ਤਿੰਨ) ਡਿਪਟੀ ਕਮਿਸ਼ਨਰ, ਅੰਮ੍ਰਿਤਸਰ |
| | | 6 | ਸ਼੍ਰੀ ਗੁਰਮੁੱਖ ਸਿੰਘ ਵਾਸੀ ਕੱਥੂਨੰਗਲ ਤਹਿ: ਤੇ ਜ਼ਿਲ੍ਹਾ ਅੰਮ੍ਰਿਤਸਰ | 5.12.1989 ਕੱਥੂਨੰਗਲ | ਨਿਸ਼ਾਨ ਸਿੰਘ (ਪੁੱਤਰ) ਵਾਸੀ ਕੱਥੂਨੰਗਲ ਤਹਿ: ਤੇ ਜ਼ਿਲ੍ਹਾ ਅੰਮ੍ਰਿਤਸਰ | 16.04.2018 (ਦਰਜਾ ਤਿੰਨ) ਡਿਪਟੀ ਕਮਿਸ਼ਨਰ, ਅੰਮ੍ਰਿਤਸਰ |
| | | 7 | ਲੇਟ ਸ਼੍ਰੀ ਰਵੇਲ ਸਿੰਘ ਵਾਸੀ ਕੱਥੂਨੰਗਲ ਤਹਿ: ਤੇ ਜ਼ਿਲ੍ਹਾ ਅੰਮ੍ਰਿਤਸਰ | 19.04.1991 ਜੰਡਿਆਲਾ ਜ਼ਿਲ੍ਹਾ ਅੰਮ੍ਰਿਤਸਰ | ਸ਼੍ਰੀ ਸਤਨਾਮ ਸਿੰਘ (ਪੁੱਤਰ) ਵਾਸੀ ਕੱਥੂਨੰਗਲ ਤਹਿ: ਤੇ ਜ਼ਿਲ੍ਹਾ ਅੰਮ੍ਰਿਤਸਰ | 16.04.2018 (ਦਰਜਾ ਚਾਰ) ਜ਼ਿਲ੍ਹਾ ਸਿੱਖਿਆ ਵਿਭਾਗ, ਸੀਨੀਅਰ ਸੈਕੰਡਰੀ ਅੰਮ੍ਰਿਤਸਰ |
| | | 8 | ਲੇਟ ਸ਼੍ਰੀ ਅਜੈਬ ਸਿੰਘ ਵਾਸੀ ਪਿੰਡ ਕਾਲੋਕੇ, ਤਹਿ: ਬਾਬਾ ਬਕਾਲਾ | 9.2.1991 ਪਿੰਡ ਕਾਲੋਕੇ, ਤਹਿ: ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ | ਸ਼੍ਰੀ ਰਾਜ ਸਿੰਘ (ਪੁੱਤਰ) ਵਾਸੀ ਪਿੰਡ ਕਾਲੋਕੇ ਤਹਿ: ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ | 16.04.2018 (ਦਰਜਾ ਚਾਰ) ਜ਼ਿਲ੍ਹਾ ਸਿੱਖਿਆ ਵਿਭਾਗ, ਸੀਨੀਅਰ ਸੈਕੰਡਰੀ ਅੰਮ੍ਰਿਤਸਰ |
| 2 | ਬਠਿੰਡਾ | 1 | ਲੇਟ ਸ਼੍ਰੀ ਰਮੇਸ਼ ਕੁਮਾਰ ਵਾਸੀ ਭਾਈ ਰੂਪਾ | 10.05.1992 ਅਤੇ ਭਾਈ ਰੂਪਾ | ਸ਼੍ਰੀ ਆਸੂ (ਪੁੱਤਰ) ਵਾਸੀ ਵਾਰਡ ਨੰਬਰ ਨੰ. 10, ਧਨੌਲਾ, ਲੰਬੀ ਗਲੀਨਜਰੀ ਪੁਲਿਸ ਥਾਣਾ, ਜ਼ਿਲ੍ਹਾ ਬਰਨਾਲਾ (ਮ੍ਰਿਤਕ ਦਾ ਪੁੱਤਰ) | 12.06.2017 ਡਿਪਟੀ ਕਮਿਸ਼ਨਰ, ਬਠਿੰਡਾ |

[ਮਾਲ ਮੰਤਰੀ]

| | | | | | |
|---|---|---|---|---|---|
| | 2 | ਲੇਟ ਸ਼੍ਰੀ ਅਸ਼ੋਕ ਕੁਮਾਰ ਅਤੇ ਉਸ ਦੀ ਬੇਟੀ ਬਾਗੋ ਉਰਫ ਬਰਖਾ ਵਾਸੀ ਮੌੜ ਮੰਡੀ ਤਹਿਸੀਲ ਮੌੜ ਜ਼ਿਲ੍ਹਾ ਬਠਿੰਡਾ | 31.01.2017 ਅਤੇ ਮੌੜ ਮੰਡੀ | ਸ਼੍ਰੀਮਤੀ ਸੰਤੋਸ਼ ਰਾਣੀ (ਪਤਨੀ) ਵਾਸੀ ਮੌੜ ਮੰਡੀ ਤਹਿਸੀਲ ਮੌੜ ਜ਼ਿਲ੍ਹਾ ਬਠਿੰਡਾ | 30.09.2017 ਡਿਪਟੀ ਕਮਿਸ਼ਨਰ ਦਫਤਰ ਬਠਿੰਡਾ |
| | 3 | ਲੇਟ ਸ਼੍ਰੀ ਹਰਪਾਲ ਸਿੰਘ ਵਾਸੀ ਜੱਸੀ ਬਾਗ ਵਾਲੀ ਜ਼ਿਲ੍ਹਾ ਬਠਿੰਡਾ | 31.01.2017 ਅਤੇ ਮੌੜ ਮੰਡੀ | ਮਿਸ ਸੁਖਪ੍ਰੀਤ ਕੌਰ (ਪੁੱਤਰੀ) ਵਾਸੀ ਜੱਸੀ ਬਾਗ ਵਾਲੀ ਜ਼ਿਲ੍ਹਾ ਬਠਿੰਡਾ | 26.06.2018 ਡਿਪਟੀ ਕਮਿਸ਼ਨਰ ਬਠਿੰਡਾ |
| | 4 | ਲੇਟ ਸ਼੍ਰੀ ਜੰਗੀਰ ਸਿੰਘ ਵਾਸੀ ਪਿੰਡ ਬੁਰਜ ਮਹਿਮਾ | 22.10.1990 ਅਤੇ ਪਿੰਡ ਦਿਉਣ | ਸ਼੍ਰੀ ਕੁਲਦੀਪ ਸਿੰਘ (ਪੁੱਤਰ) ਵਾਸੀ ਪਿੰਡ ਬੁਰਜ ਮਹਿਮਾ, ਤਹਿਸੀਲ ਵਾ ਜ਼ਿਲ੍ਹਾ ਬਠਿੰਡਾ | 22.11.2018 ਡਿਪਟੀ ਕਮਿਸ਼ਨਰ ਦਫਤਰ ਬਠਿੰਡਾ |
| 3 ਬਰਨਾਲਾ | 1 | ਲੇਟ ਸ਼੍ਰੀ ਸ਼ੇਰ ਸਿੰਘ ਵਾਸੀ ਪਿੰਡ ਭਗਤਪੁਰਾ ਮੌੜ ਤਹਿਸੀਲ ਤਪਾ ਜ਼ਿਲ੍ਹਾ ਬਰਨਾਲਾ | ਮਿਤੀ 10.08.1992 ਸਥਾਨ ਬਖਤਗੜ੍ਹ | ਕੁਲਦੀਪ ਸਿੰਘ (ਪੁੱਤਰ) ਵਾਸੀ ਪਿੰਡ ਭਗਤਪੁਰਾ ਮੌੜ ਤਹਿਸੀਲ ਤਪਾ ਜ਼ਿਲ੍ਹਾ ਬਰਨਾਲਾ | ਮਿਤੀ 11.06.2018 ਦਫਤਰ ਡਿਪਟੀ ਕਮਿਸ਼ਨਰ ਬਰਨਾਲਾ |
| | 2 | ਸ਼੍ਰੀ ਪਵਨ ਸਿੰਘ ਉਰਫ ਭਵਨ ਸਿੰਘ ਪੁੱਤਰ ਸ਼੍ਰੀ ਲਾਲ ਸਿੰਘ ਵਾਸੀ ਨੈਣੇਵਾਲ ਤਹਿਸੀਲ ਤਪਾ ਜ਼ਿਲ੍ਹਾ ਬਰਨਾਲਾ | ਮਿਤੀ 28.09.1991 ਨੈਣੇਵਾਲ | ਇਕਬਾਲ ਸਿੰਘ (ਪੁੱਤਰ) ਵਾਸੀ ਪਿੰਡ ਨੈਣੇਵਾਲ ਤਹਿਸੀਲ ਤਪਾ ਜ਼ਿਲ੍ਹਾ ਬਰਨਾਲਾ | ਮਿਤੀ 11.06.2018 ਦਫਤਰ ਡਿਪਟੀ ਕਮਿਸ਼ਨਰ ਬਰਨਾਲਾ |
| 4 ਫਿਰੋਜ਼ਪੁਰ | | ਸ਼੍ਰੀ ਜੰਗੀਰ ਸਿੰਘ ਵਾਸੀ ਸੁਲਤਾਨਵਾਲਾ ਤਹਿ: ਜ਼ਿਲ੍ਹਾ ਫਿਰੋਜ਼ਪੁਰ | 7.06.1989 ਪਿੰਡ ਸੁਲਤਾਨਵਾਲਾ | ਸ਼੍ਰੀ ਅਮਰਜੀਤ ਸਿੰਘ (ਪੁੱਤਰ) ਵਾਸੀ ਸੁਲਤਾਨਵਾਲਾ ਤਹਿ: ਜ਼ਿਲ੍ਹਾ ਫਿਰੋਜ਼ਪੁਰ | ਮਿਤੀ 18.08.2017 (ਗਰੁੱਪ-ਡੀ) ਦਫਤਰ ਡਿਪਟੀ ਕਮਿਸ਼ਨਰ ਫਿਰੋਜ਼ਪੁਰ |

| | | | | | | |
|---|---|---|---|---|---|---|
| 5 | ਗੁਰਦਾਸਪੁਰ | 1 | ਲੇਟ ਸ਼੍ਰੀ ਮਨਜੀਤ ਸਿੰਘ ਵਾਸੀ ਪਿੰਡ ਠੱਕਰਵਾਲ ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ | 5.11.1990<br>ਹਰਚੋਵਾਲ ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ | ਕੁਲਦੀਪ ਕੌਰ (ਪੁੱਤਰੀ) ਲੇਟ ਸ਼੍ਰੀ ਮਨਜੀਤ ਸਿੰਘ ਵਾਸੀ ਠੱਕਰਵਾਲ ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ | 01.09.2017<br>ਸਿੱਖਿਆ ਵਿਭਾਗ ਗੁਰਦਾਸਪੁਰ |
| | | 2 | ਲੇਟ ਸ਼੍ਰੀ ਬਲਬੀਰ ਰਾਏ ਵਾਸੀ ਬੈਕਸਾਈਡ ਕ੍ਰਿਸ਼ਨਾ ਮੰਦਿਰ ਡਡਵਾਂ ਰੋਡ ਧਾਰੀਵਾਲ ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ | 26.10.1990<br>ਕੋਟ ਸੰਤੋਖ ਰਾਏ ਤਹਿ: ਤੇ ਜ਼ਿਲ੍ਹਾ ਗੁਰਦਾਸਪੁਰ | ਸ਼੍ਰੀ ਸੌਰਭ (ਪੁੱਤਰ) ਵਾਸੀ ਬੈਕਸਾਈਡ ਕ੍ਰਿਸ਼ਨਾ ਮੰਦਿਰ ਡਡਵਾਂ ਰੋਡ ਧਾਰੀਵਾਲ ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ | 01.09.2017<br>ਜ਼ਿਲ੍ਹਾ ਰੋਜ਼ਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਦਫਤਰ ਗੁਰਦਾਸਪੁਰ |
| | | 3 | ਸ਼੍ਰੀ ਗੋਬਿੰਦ ਸਿੰਘ ਵਾਸੀ ਪਿੰਡ ਬੁੱਟਰ ਸਿਵਿਆਂ ਤਹਿਸੀਲ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ | 01.10.1990<br>ਪਿੰਡ ਬੋਲੇਵਾਲ ਤਹਿ: ਬਟਾਲਾ ਜ਼ਿਲ੍ਹਾ ਗੁਰਦਾਸਪੁਰ | ਨਿਸ਼ਾਨ ਸਿੰਘ (ਪੁੱਤਰ) ਸ਼੍ਰੀ ਗੋਬਿੰਦ ਸਿੰਘ ਵਾਸੀ ਪਿੰਡ ਬੁੱਟਰ ਸਿਵਿਆਂ ਤਹਿ: ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ | 26.02.2018<br>ਦਫਤਰ ਡਿਪਟੀ ਕਮਿਸ਼ਨਰ ਗੁਰਦਾਸਪੁਰ |
| 6 | ਜਲੰਧਰ | 1 | ਸ਼੍ਰੀ ਗੁਰਦੇਵ ਸਿੰਘ ਵਾਸੀ ਪਿੰਡ ਪਾਹੜਾ, ਡਾਕ: ਪੱਤਰਕਲਾਂ ਤਹਿ: ਵਾ ਜ਼ਿਲ੍ਹਾ ਜਲੰਧਰ | 21.07.1992<br>ਸਥਾਨ ਪਿੰਡ ਪਾਹੜਾ ਡਾਕ: ਪੱਤਰਕਲਾਂ ਤਹਿ: ਵਾ ਜ਼ਿਲ੍ਹਾ ਜਲੰਧਰ | ਮਿਸ ਰਾਜਵਿੰਦਰ ਕੌਰ ਪੁੱਤਰੀ ਸ਼੍ਰੀ ਗੁਰਦੇਵ ਸਿੰਘ ਪੁੱਤਰ ਸ਼੍ਰੀ ਮਹਿੰਦਰ ਸਿੰਘ ਵਾਸੀ ਪਿੰਡ ਪਾਹੜਾ, ਡਾਕ ਪੱਤਰਕਲਾਂ ਤਹਿ: ਵਾ ਜ਼ਿਲ੍ਹਾ ਜਲੰਧਰ | 3.01.2018<br>ਦਫਤਰ ਡਿਪਟੀ ਕਮਿਸ਼ਨਰ ਜਲੰਧਰ |

| | | | | | |
|---|---|---|---|---|---|
| | 2 | ਸ਼੍ਰੀ ਸੋਹਨ ਲਾਲ ਵਾਸੀ ਪਿੰਡ ਮੜੂਲੀ ਬ੍ਰਾਹਮਣਾ ਜ਼ਿਲ੍ਹਾ ਹੁਸ਼ਿਆਰਪੁਰ | 15.05.1988 ਪਿੰਡ ਚਮਿਆਰੀ ਜ਼ਿਲ੍ਹਾ ਜਲੰਧਰ | ਸ਼੍ਰੀ ਬਲਬੀਰ ਕੁਮਾਰ (ਪੁੱਤਰ) ਵਾਸੀ ਪਿੰਡ ਮੜੂਲੀ ਬ੍ਰਾਹਮਣਾ ਜ਼ਿਲ੍ਹਾ ਹੁਸ਼ਿਆਰਪੁਰ | 8.06.2017 ਦਫਤਰ ਡਿਪਟੀ ਕਮਿਸ਼ਨਰ ਜਲੰਧਰ |
| 7 ਲੁਧਿਆਣਾ | 1 | ਸ਼੍ਰੀ ਜੋਗਿੰਦਰ ਸਿੰਘ ਵਾਸੀ ਗੁਰਦੁਆਰਾ ਚਰਨ ਕੰਵਲ ਰੋਡ ਮਾਛੀਵਾੜਾ | 25.05.1991 ਗੁਰਦੁਆਰਾ ਚਰਨ ਕੰਵਲ ਚੌਂਕ ਮਾਛੀਵਾੜਾ | ਸ਼੍ਰੀ ਜੀਤਪਾਲ ਸਿੰਘ (ਪੁੱਤਰ) ਵਾਸੀ 520, ਨਿਊ ਕਰਤਾਰ ਨਗਰ, ਸਲੇਮ ਟਾਬਰੀ ਲੁਧਿਆਣਾ | ਮਿਤੀ 26.09.2018 ਦਫਤਰ ਡਿਪਟੀ ਕਮਿਸ਼ਨਰ ਲੁਧਿਆਣਾ |
| | 2 | ਸ਼੍ਰੀ ਮੁਖਤਿਆਰ ਸਿੰਘ ਵਾਸੀ ਪਿੰਡ ਗੁੜੇ ਤਹਿਸੀਲ ਜਗਰਾਉਂ ਲੁਧਿਆਣਾ | 20.12.1992 ਜਗਰਾਉਂ | ਗੁਰਦੀਪ ਸਿੰਘ (ਪੁੱਤਰ) ਵਾਸੀ ਪਿੰਡ ਗੁੜੇ ਤਹਿਸੀਲ ਜਗਰਾਉਂ ਲੁਧਿਆਣਾ | ਮਿਤੀ 24.09.2018 ਦਫਤਰ ਡਿਪਟੀ ਕਮਿਸ਼ਨਰ, ਲੁਧਿਆਣਾ |
| | 3 | ਲੇਟ ਸ਼੍ਰੀ ਪ੍ਰਲਾਦ ਪ੍ਰਸਾਦ ਵਾਸੀ ਦਸਮੇਸ਼ ਨਗਰ ਗਲੀ ਨੰ. 6 ਧੂਰੀ ਲਾਈਨ ਲੁਧਿਆਣਾ | 10.02.1992 ਧੂਰੀ ਲਾਈਨ ਫਾਟਕ ਲੁਧਿਆਣਾ | ਬ੍ਰਿਜ ਭੂਸ਼ਣ (ਪੁੱਤਰ) ਵਾਸੀ ਨਿਊ ਸਰਪੰਚ ਕਲੋਨੀ ਜਮਾਲਪੁਰ ਲੁਧਿਆਣਾ | ਮਿਤੀ 24.09.2018 ਦਫਤਰ ਡਿਪਟੀ ਕਮਿਸ਼ਨਰ ਲੁਧਿਆਣਾ |
| | 4 | ਲੇਟ ਸ੍ਰੀ ਮੱਖਣ ਸਿੰਘ ਵਾਸੀ ਪਿੰਡ ਸੋਢੀਵਾਲਾ ਤਹਿ: ਜਗਰਾਉਂ ਜ਼ਿਲ੍ਹਾ ਲੁਧਿਆਣਾ | 28.03.1992 ਪਿੰਡ ਸੋਢੀਵਾਲਾ ਜਗਰਾਉਂ | ਸ਼੍ਰੀ ਗੁਰਪਾਲ ਸਿੰਘ (ਪੁੱਤਰ) ਵਾਸੀ ਪਿੰਡ ਸੋਢੀਵਾਲਾ ਤਹਿਸੀਲ ਜਗਰਾਉਂ ਜ਼ਿਲ੍ਹਾ ਲੁਧਿਆਣਾ | ਮਿਤੀ 24.09.2018 ਦਫਤਰ ਡਿਪਟੀ ਕਮਿਸ਼ਨਰ ਲੁਧਿਆਣਾ |
| | 5 | ਸ਼੍ਰੀ ਸਤਨਾਮ ਸਿੰਘ ਵਾਸੀ ਪਿੰਡ ਬੂਥਗੜ੍ਹ ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ | 01.04.1992 ਪਿੰਡ ਬੂਥਗੜ੍ਹ ਲੁਧਿਆਣ | ਜਸਵਿੰਦਰ ਸਿੰਘ (ਪੁੱਤਰ) ਵਾਸੀ ਪਿੰਡ ਬੂਥਗੜ੍ਹ ਤਹਿ: ਜ਼ਿਲ੍ਹਾ ਲੁਧਿਆਣਾ | ਮਿਤੀ 24.09.2018 ਦਫਤਰ ਡਿਪਟੀ ਕਮਿਸ਼ਨਰ ਲੁਧਿਆਣਾ |

| | | | | | | |
|---|---|---|---|---|---|---|
| | | 6 | ਸ਼੍ਰੀ ਗੁਰਦੇਵ ਸਿੰਘ ਵਾਸੀ ਪਿੰਡ ਭਮਾਂ ਕਲਾਂ ਡਾਕ: ਉਪਲਾਂ ਤਹਿ ਤੇ ਜ਼ਿਲ੍ਹਾ ਲੁਧਿਆਣਾ | 28.03.1991 ਪਿੰਡ ਭਮਾਂ ਖੁਰਦ ਲੁਧਿਆਣਾ | ਸ਼੍ਰੀ ਬੂਟਾ ਸਿੰਘ ਵਾਸੀ ਪਿੰਡ ਭਮਾਂ ਕਲਾਂ ਡਾਕ ਉਪਲਾਂ ਤਹਿ: ਤੇ ਜ਼ਿਲ੍ਹਾ ਲੁਧਿਆਣਾ | ਮਿਤੀ 24.09.2018 ਦਫਤਰ ਡਿਪਟੀ ਕਮਿਸ਼ਨਰ ਲੁਧਿਆਣਾ |
| 8 | ਸ਼੍ਰੀ ਮੁਕਤਸਰ ਸਾਹਿਬ | | ਲੇਟ ਸ਼੍ਰੀ ਮੱਖਣ ਸਿੰਘ ਪੁੱਤਰ ਸ਼੍ਰੀ ਹਜ਼ੂਰਾ ਸਿੰਘ ਵਾਸੀ ਧੂਲਕੋਟ ਤਹਿ: ਗਿੱਦੜਬਾਹਾ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ | 15.10.1991 ਪਿੰਡ ਧੂਲਕੋਟ ਤਹਿ: ਗਿੱਦੜਬਾਹਾ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ | ਸ਼੍ਰੀ ਜਗਜੀਤ ਸਿੰਘ (ਪੁੱਤਰ) ਵਾਸੀ ਧੂਲਕੋਟ ਤਹਿ: ਗਿੱਦੜਬਾਹਾ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਹਾਲ ਆਬਾਦ ਪਿੰਡ ਭੈਣੀ ਤਹਿ: ਨਥਾਣਾ ਜ਼ਿਲ੍ਹਾ ਬਠਿੰਡਾ | ਮਿਤੀ 26.07.2018 ਦਫਤਰ ਡਿਪਟੀ ਕਮਿਸ਼ਨਰ ਸ਼੍ਰੀ ਮੁਕਤਸਰ ਸਾਹਿਬ |
| 9 | ਮੋਗਾ | | ਲੇਟ ਸ਼੍ਰੀਮਤੀ ਗੁਰਮੀਤ ਕੌਰ ਪਤਨੀ ਸ਼੍ਰੀ ਹਰਬੰਸ ਸਿੰਘ ਵਾਸੀ ਰੌਂਤਾ ਤਹਿ: ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ | 27.10.1990 ਸਥਾਨ ਪਿੰਡ ਰੌਂਤਾ | ਸ਼੍ਰੀ ਸੇਵਕ ਸਿੰਘ ਉਰਫ ਗੁਰਸੇਵਕ ਸਿੰਘ (ਪੁੱਤਰ) ਵਾਸੀ ਪਿੰਡ ਰੌਂਤਾ, ਤਹਿ: ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ | ਮਿਤੀ 11.01.2018 ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਮੋਗਾ |
| 10 | ਪਠਾਨਕੋਟ | | ਲੇਟ ਸ਼੍ਰੀਮਤੀ ਬਚਨੋ ਦੇਵੀ ਪਤਨੀ ਸ਼੍ਰੀ ਚਰਨ ਦਾਸ ਅਤੇ ਸ਼੍ਰੀ ਵਿਜੈ ਕੁਮਾਰ ਪੁੱਤਰ ਸ਼੍ਰੀ ਚਰਨ ਦਾਸ ਵਾਸੀ ਪਿੰਡ ਮਾਮੂਨ ਡਿਬਰੂ ਘਰਾਟ ਤਹਿ: ਵਾ ਜ਼ਿਲ੍ਹਾ ਪਠਾਨਕੋਟ | 1.11.1988 ਗਾਂਧੀ ਚੌਂਕ ਪਠਾਨਕੋਟ ਵਿਖੇ ਹੋਏ ਬੰਬ ਬਲਾਸਟ ਦੌਰਾਨ ਕਾਲਮ ਨੰ. 2 ਵਿੱਚ ਦਰਸਾਏ ਮਾਂ ਅਤੇ ਪੁੱਤਰ ਦੀ ਮੌਤ ਹੋ ਗਈ ਹੈ। | ਸ਼੍ਰੀ ਸੋਨੂੰ (ਪੁੱਤਰ) ਵਾਸੀ ਪਿੰਡ ਮਾਮੂਨ ਡਿਬਰੂ ਘਰਾਟ ਤਹਿਸੀਲ ਵਾ ਜ਼ਿਲ੍ਹਾ ਪਠਾਨਕੋਟ | 19.02.2018 ਦਫਤਰ ਡਿਪਟੀ ਕਮਿਸ਼ਨਰ ਪਠਾਨਕੋਟ (ਮਾਲ ਵਿਭਾਗ) |
| 11 | ਸੰਗਰੂਰ | | ਲੇਟ ਸ਼੍ਰੀ ਛੋਟਾ ਸਿੰਘ ਵਾਸੀ ਪਿੰਡ ਭੱਦਲਵੱਡ ਤਹਿ ਧੂਰੀ ਜ਼ਿਲ੍ਹਾ ਸੰਗਰੂਰ | 24.07.1991 ਭੁੱਲਰਹੇੜੀ | ਸ਼੍ਰੀ ਚਮਕੌਰ ਸਿੰਘ (ਪੁੱਤਰ) ਲੇਟ ਸ਼੍ਰੀ ਛੋਟਾ ਸਿੰਘ ਪਿੰਡ ਭੱਦਲਵੱਡ ਤਹਿ: ਧੂਰੀ ਜ਼ਿਲ੍ਹਾ ਸੰਗਰੂਰ | 19.02.2018 ਡਿਪਟੀ ਕਮਿਸ਼ਨਰ ਸੰਗਰੂਰ |

| | | | | | |
|---|---|---|---|---|---|
| 12 | ਐਸ.ਏ.ਐਸ. ਨਗਰ | ਲੇਟ ਸ਼੍ਰੀ ਹਰਮੇਸ਼ ਚੰਦ ਵਾਸੀ ਪਿੰਡ ਤੇ ਡਾਕਖਾਨਾ ਖਿਜਰਾਬਾਦ ਤਹਿਸੀਲ ਖਰੜ ਜ਼ਿਲ੍ਹਾ ਐਸ.ਏ.ਐਸ. ਨਗਰ | 22.11.1990 ਮੁਲਾਪੁਰ ਪੜੌਲ, ਤਹਿ: ਖਰੜ ਜ਼ਿਲ੍ਹਾ ਐਸ.ਏ.ਐਸ. ਨਗਰ | ਸ਼੍ਰੀ ਸੰਦੀਪ ਕੁਮਾਰ (ਪੁੱਤਰ) ਡਾਕਖਾਨਾ ਖਿਜਰਾਬਾਦ ਜ਼ਿਲ੍ਹਾ ਮੋਹਾਲੀ | 18.10.2018 ਦਫਤਰ ਡਿਪਟੀ ਕਮਿਸ਼ਨਰ ਐਸ.ਏ.ਐਸ ਨਗਰ |
| 13 | ਤਰਨਤਾਰਨ | ਲੇਟ ਸ਼੍ਰੀ ਬੱਗਾ ਸਿੰਘ ਪੁੱਤਰ ਸ਼੍ਰੀ ਚਰਨ ਸਿੰਘ ਵਾਸੀ ਪਿੰਡ ਵਲਟੋਹਾ ਤਹਿ: ਪੱਟੀ ਜ਼ਿਲ੍ਹਾ ਤਰਨਤਾਰਨ | ਮੌਤ ਦੀ ਮਿਤੀ 7.1.1991 ਨੂੰ ਪਿੰਡ ਵਲਟੋਹਾ ਥਾਣਾ ਵਲਟੋਹਾ ਤਹਿ: ਪੱਟੀ ਜ਼ਿਲ੍ਹਾ ਤਰਨਤਾਰਨ | ਸ਼੍ਰੀ ਜਸਬੀਰ ਸਿੰਘ (ਪੁੱਤਰ) ਲੇਟ ਸ਼੍ਰੀ ਬੱਗਾ ਸਿੰਘ ਵਾਸੀ ਪਿੰਡ ਵਲਟੋਹਾ ਤਹਿ: ਪੱਟੀ ਜ਼ਿਲ੍ਹਾ ਤਰਨਤਾਰਨ। ਹਾਲ ਵਾਸੀ ਕੇਅਰ ਆਫ ਦਿਆਲ ਸਿੰਘ ਪੁੱਤਰ ਸ਼੍ਰੀ ਚੰਨਣ ਸਿੰਘ ਮਕਾਨ ਨੰ. 610 ਮੁਹੱਲਾ ਸੇਖੂਪੁਰਾ ਵਾਰਡ ਨੰ. 4 ਜੰਡਿਆਲਾ ਗੁਰੂ ਤਹਿ ਤੇ ਜ਼ਿਲ੍ਹਾ ਅੰਮ੍ਰਿਤਸਰ | ਮਿਤੀ 19.06.2018 ਦਫਤਰ ਡਿਪਟੀ ਕਮਿਸ਼ਨਰ ਤਰਨਤਾਰਨ |

------

## ਪੁਰਾਣੀ ਸੜਕ ਤੇ ਟੋਲ ਪਲਾਜ਼ਾ ਲਗਾਉਣ ਸਬੰਧੀ

***1813 (ਸੀ.ਯੂ.). ਸ਼੍ਰੀ ਅਮਨ ਅਰੋੜਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਸ਼ਹਿਰ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ ਤੋਂ ਬਠਿੰਡਾ ਤੱਕ ਵਾਇਆ ਸੁਨਾਮ, ਮਾਨਸਾ, ਕੈਂਚੀਆਂ, ਮੌੜ ਸੜਕ ਅਖਰੀਲੀ ਵਾਰ ਕਦੋਂ ਬਣੀ ਹੈ;

(ਅ) ਕੀ ਇਸ ਸੜਕ ਉੱਪਰ ਕੋਈ ਟੋਲ ਪਲਾਜ਼ਾ ਲਗਾਇਆ ਜਾ ਰਿਹਾ ਹੈ; ਜੇਕਰ ਉੱਤਰ ਹਾਂ ਵਿੱਚ ਹੈ ਤਾਂ ਕਿੰਨੇ ਟੋਲ ਪਲਾਜ਼ੇ ਲਗਾਏ ਜਾ ਰਹੇ ਹਨ ਅਤੇ ਕਿਸ ਕਾਨੂੰਨ/ਸਕੀਮ ਤਹਿਤ ਪੁਰਾਣੀ ਬਣੀ ਹੋਈ ਸੜਕ ਉੱਤੇ ਸਰਕਾਰ ਵੱਲੋਂ ਟੋਲ ਪਲਾਜ਼ੇ ਲਗਾਏ ਜਾ ਰਹੇ ਹਨ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ, (ੳ) ਇਸ ਸੜਕ ਨੂੰ ਜੂਨ, 2013 ਤੋਂ ਮਈ, 2017 ਦੌਰਾਨ ਅਪਗ੍ਰੇਡ ਅਤੇ ਚੌੜਾ ਕੀਤਾ ਗਿਆ। ਇਸ ਤੋਂ ਇਲਾਵਾ ਇਸ ਦੀ ਰੀਸਰਫੇਸਿੰਗ ਅਤੇ ਆਮ ਰੱਖ-ਰਖਾਵ ਦਾ ਕੰਮ ਦਸੰਬਰ, 2022 ਤੱਕ ਚੱਲਦੇ ਇਕਰਾਰਨਾਮੇ ਦਾ ਹਿੱਸਾ ਹੈ।

(ਅ) ਜੀ ਹਾਂ, ਇਸ ਸੜਕ ਤੇ ਤਿੰਨ ਟੋਲ ਪਲਾਜ਼ਾ ਸਥਾਪਿਤ ਕੀਤੇ ਜਾ ਰਹੇ ਹਨ। ਇਹ ਟੋਲ ਪਲਾਜ਼ਾ "The Punjab Mechanical Vehicles (Bridges and Roads Tolls) Act, 1998" ਅਤੇ ਇਸ ਦੀਆਂ ਸੋਧਾਂ ਦੇ ਉਪਬੰਧਾਂ ਅਨੁਸਾਰ ਸਥਾਪਿਤ ਕੀਤੇ ਜਾ ਰਹੇ ਹਨ।

------

## ਰਾਜ ਦੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਗਰਮ ਵਰਦੀਆਂ ਮੁਹੱਈਆ ਕਰਵਾਉਣਾ

***1814 (ਸੀ.ਯੂ.). ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਲੋੜਵੰਦ ਛੋਟੇ ਛੋਟੇ ਬੱਚਿਆਂ ਨੂੰ ਕੜਾਕੇ ਦੀ ਠੰਢ ਪੈਣ ਦੇ ਬਾਵਜੂਦ ਵੀ ਅਜੇ ਤੱਕ ਸਰਕਾਰ ਵੱਲੋਂ ਗਰਮ ਵਰਦੀਆਂ ਮੁਹੱਈਆ ਨਹੀਂ ਕਰਵਾਈਆਂ ਗਈਆਂ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਰਕਾਰ ਅਜਿਹੇ ਬੱਚਿਆਂ ਨੂੰ ਵਰਦੀਆਂ ਮੁਹੱਈਆ ਕਰਵਾਉਣ ਲਈ ਕੀ ਵਿਸ਼ੇਸ਼ ਉਪਰਾਲੇ ਕਰ ਰਹੀ ਹੈ ਅਤੇ ਵਰਦੀਆਂ ਕਦੋਂ ਤੱਕ ਦੇ ਦਿੱਤੀਆਂ ਜਾਣਗੀਆਂ, ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਵਿਜੈ ਇੰਦਰ ਸਿੰਗਲਾ:** (ੳ) ਨਹੀਂ ਜੀ, ਸਾਲ 2018-19 ਲਈ ਸਾਰੇ ਯੋਗ ਵਿਦਿਆਰਥੀਆਂ ਨੂੰ ਵਰਦੀਆਂ ਮੁਹੱਈਆ ਕਰਵਾ ਦਿੱਤੀਆਂ ਗਈਆਂ ਹਨ।

------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1826 (ਸੀ.ਯੂ.)**

------

** ਸੀ.ਯੂ. ਪ੍ਰਸ਼ਨ ਨੰ: 1826 ਦਾ ਉੱਤਰ ਅਨੈਕਸਚਰ ਦੀ ਫਾਈਨਲ ਛਪਾਈ ਤੱਕ ਪ੍ਰਾਪਤ ਨਹੀਂ ਹੋਇਆ।

## ਜ਼ਿਲ੍ਹਾ ਕਪੂਰਥਲਾ ਵਿੱਚ ਸਾਇੰਸ ਸਿਟੀ ਕਪੂਰਥਲਾ ਤੋਂ ਰਾਜਾਪੁਰ-ਕੁਲਾਰ ਲਿੰਕ ਸੜਕ ਦੀ ਮੌਜੂਦਾ ਸਥਿਤੀ

***1827 (ਸੀ.ਯੂ). ਰਾਣਾ ਗੁਰਜੀਤ ਸਿੰਘ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਕਪੂਰਥਲਾ ਵਿੱਚ ਸਾਇੰਸ ਸਿਟੀ ਕਪੂਰਥਲਾ ਤੋਂ ਰਾਜਾਪੁਰ ਕੁਲਾਰ ਇਬਨ ਮੂਏ ਦੇ ਕੰਢੇ ਤੇ ਬਣੀ ਲਿੰਕ ਸੜਕ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਅਧੀਨ ਲਿਆਂਦੀ ਗਈ ਹੈ; ਜੇਕਰ ਹਾਂ ਤਾਂ ਕਦੋਂ ਤੋਂ ਅਤੇ ਇਸ ਸੜਕ ਦੇ ਨਿਰਮਾਣ ਦੀ ਮੌਜੂਦਾ ਸਥਿਤੀ ਕੀ ਹੈ?

**ਕੈਪਟਨ ਅਮਰਿੰਦਰ ਸਿੰਘ:** ਹਾਂ ਜੀ, ਅਪਗ੍ਰੇਡੇਸ਼ਨ ਦਾ ਕੰਮ ਜੂਨ, 2016 ਵਿੱਚ ਸ਼ੁਰੂ ਕੀਤਾ ਗਿਆ ਸੀ। 13.69 ਕਿਲੋਮੀਟਰ ਕੁੱਲ ਲੰਬਾਈ ਵਿੱਚੋਂ 9.50 ਕਿਲੋਮੀਟਰ ਤੋਂ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਰਹਿੰਦਾ ਕੰਮ 31.12.2019 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ।

------

## ਸ਼ੇਰਪੁਰ ਚੌਂਕ ਤੋਂ ਜਲੰਧਰ ਬਾਈਪਾਸ ਚੌਂਕ ਤੱਕ ਰੋਡ ਦਾ ਕੰਮ ਪੂਰਾ ਕਰਨਾ

***1828 (ਸੀ.ਯੂ.). ਸ਼੍ਰੀ ਸੰਜੀਵ ਤਲਵਾੜ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਲੁਧਿਆਣਾ ਸ਼ਹਿਰ ਵਿੱਚ ਸ਼ੇਰਪੁਰ ਚੌਂਕ ਤੋਂ ਜਲੰਧਰ ਬਾਈਪਾਸ ਚੌਂਕ ਤੱਕ ਨੈਸ਼ਨਲ ਹਾਈਵੇ ਦੀ ਰੋਡ ਦੇ ਕੰਮ ਦੀ ਧੀਮੀ ਰਫਤਾਰ ਕਾਰਨ ਟ੍ਰੈਫਿਕ ਬਹੁਤ ਜਾਮ ਰਹਿੰਦਾ ਹੈ ਅਤੇ ਜਾਨਲੇਵਾ ਹਾਦਸੇ ਵਾਪਰਦੇ ਹਨ; ਜੇਕਰ ਅਜਿਹਾ ਹੋਵੇ ਇਸ ਕੰਮ ਵਿੱਚ ਤੇਜ਼ੀ ਲਿਆਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਲੁਧਿਆਣਾ-ਜਲੰਧਰ ਸੜਕ ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ ਦੇ ਅਧੀਨ ਹੈ। ਪ੍ਰੋਜੈਕਟ ਡਾਇਰੈਕਟਰ, ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ, ਅੰਬਾਲਾ ਨੇ ਦੱਸਿਆ ਹੈ ਕਿ ਇਸ ਸੜਕ ਦੇ ਠੇਕੇਦਾਰ ਵੱਲੋਂ ਲੁਧਿਆਣਾ ਸ਼ਹਿਰ ਵਿੱਚ ਸ਼ੇਰਪੁਰ ਚੌਂਕ ਤੋਂ ਜਲੰਧਰ ਬਾਈਪਾਸ ਚੌਂਕ ਤੱਕ ਨੈਸ਼ਨਲ ਹਾਈਵੇ ਦੀ ਰੋਡ ਦੇ ਕੰਮ ਦੀ ਧੀਮੀ ਰਫਤਾਰ ਨਾਲ ਕੀਤਾ ਜਾ ਰਿਹਾ ਹੈ। ਬਚੇ ਹੋਏ ਕੰਮ ਜਲਦੀ ਖਤਮ ਕਰਨ ਲਈ ਐਨ.ਐਚ.ਏ.ਆਈ ਵੱਲੋਂ ਕਿਸੇ ਹੋਰ ਠੇਕੇਦਾਰ ਤੋਂ ਕਰਵਾਉਣ ਦੀ ਤਜਵੀਜ਼ ਵਿਚਾਰ ਅਧੀਨ ਹੈ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1829 (ਸੀ.ਯੂ.)****

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1830 (ਸੀ.ਯੂ.)*****

------

**ਸੁਵਿਧਾ ਕੇਂਦਰ ਵਿੱਚ ਵੋਟਰ ਸ਼ਨਾਖਤੀ ਕਾਰਡ ਸਬੰਧੀ ਸਹੂਲਤਾਂ ਦੇਣਾ**

***1832 (ਸੀ.ਯੂ.). ਸ਼੍ਰੀ ਸੰਜੀਵ ਤਲਵਾੜ :** ਕੀ ਪ੍ਰਸ਼ਾਸਨਿਕ ਸੁਧਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੁਵਿਧਾ ਕੇਂਦਰਾਂ ਵਿੱਚ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਵਿੱਚ ਲੋਕਾਂ ਨੂੰ ਵੋਟਰ ਕਾਰਡ ਅਤੇ ਵੋਟ ਸਬੰਧੀ ਹੋਰ ਕੰਮ ਕਰਵਾ ਸਕਣ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਲਈ ਯੋਗ ਉਪਰਾਲੇ ਕਰੇਗੀ?

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) :** ਨਹੀਂ ਜੀ।

------

**ਐਸ.ਸੀ/ਬੀ.ਸੀ. ਬੱਚਿਆਂ ਨੂੰ ਸਕਾਲਰਸ਼ਿਪ ਦੇਣਾ**

***1833 (ਸੀ.ਯੂ.). ਸ਼੍ਰੀ ਸੰਜੀਵ ਤਲਵਾੜ**: ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਕੂਲ ਅਤੇ ਕਾਲਜ ਦੇ ਐਸ.ਸੀ/ਬੀ.ਸੀ. ਜਾਤੀ ਦੇ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਸਕਾਲਰਸ਼ਿਪ ਰੁਕੀ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਬੱਚਿਆਂ ਨੂੰ ਸਕਾਲਰਸ਼ਿਪ ਦਿਵਾਉਣ ਲਈ ਕਿਹੜੇ ਕਿਹੜੇ ਉਪਰਾਲੇ ਕੀਤੇ ਜਾ ਰਹੇ ਹਨ?

**ਸਰਦਾਰ ਸਾਧੂ ਸਿੰਘ :** ਕੇਂਦਰੀ ਪ੍ਰਾਯੋਜਿਤ ਐਸ.ਸੀ. ਅਤੇ ਓ.ਬੀ.ਸੀ. ਸਕੀਮਾਂ ਤਹਿਤ ਸਕਾਲਰਸ਼ਿਪ ਦੀ ਰਾਸ਼ੀ ਭਾਰਤ ਸਰਕਾਰ ਵੱਲ ਰੁਕੀ ਹੋਈ ਹੈ, ਵੇਰਵਾ ਹੇਠ ਲਿਖੇ ਅਨੁਸਾਰ ਹੈ :-

---

** ਸੀ.ਯੂ. ਪ੍ਰਸ਼ਨ ਨੰ: 1829 ਦਾ ਉੱਤਰ ਅਨੈਕਸਚਰ ਦੀ ਫਾਈਨਲ ਛਪਾਈ ਤੱਕ ਪ੍ਰਾਪਤ ਨਹੀਂ ਹੋਇਆ।

*** ਸੀ.ਯੂ. ਪ੍ਰਸ਼ਨ ਨੰ: 1830 ਦਾ ਉੱਤਰ ਅਨੈਕਸਚਰ ਦੀ ਫਾਈਨਲ ਛਪਾਈ ਤੱਕ ਪ੍ਰਾਪਤ ਨਹੀਂ ਹੋਇਆ।

[ਭਲਾਈ ਮੰਤਰੀ]

**ਅਨੁਸੂਚਿਤ ਜਾਤੀਆਂ**

**(ਰਾਸ਼ੀ ਕਰੋੜਾਂ ਵਿੱਚ)**

| ਲੜੀ ਨੰ: | ਸਕੀਮ ਦਾ ਨਾਂ | 2016-17 | 2017-18 | 2018-19 | ਕੁੱਲ ਰਾਸ਼ੀ |
|---|---|---|---|---|---|
| 1. | ਪੋਸਟ ਮੈਟ੍ਰਿਕ ਐਸ.ਸੀ | 719.52 | 567.55 | 376.40 | 1663.47 |
| 2. | ਪ੍ਰੀ ਮੈਟ੍ਰਿਕ ਐਸ.ਸੀ | 0 | 18.38 | 24.64 | 43.02 |
| | ਜੋੜ | 719.52 | 585.93 | 401.04 | 1706.49 |

**ਪੱਛੜੀਆਂ ਸ਼੍ਰੇਣੀਆਂ**

| ਲੜੀ ਨੰ: | ਸਕੀਮ ਦਾ ਨਾਂ | 2016-17 | 2017-18 | 2018-19 | ਕੁੱਲ ਰਾਸ਼ੀ |
|---|---|---|---|---|---|
| 1. | ਪੋਸਟ ਮੈਟ੍ਰਿਕ ਓ.ਬੀ.ਸੀ | 0 | 0 | 21.55 | 21.55 |
| 2. | ਪ੍ਰੀ ਮੈਟ੍ਰਿਕ ਓ.ਬੀ.ਸੀ | 6.46 | 15.68 | 16.27 | 38.41 |
| | ਜੋੜ | 6.46 | 15.68 | 37.82 | 59.96 |

ਰਾਜ ਸਰਕਾਰ ਵੱਲੋਂ ਇਹ ਰਾਸ਼ੀ ਰਿਲੀਜ਼ ਕਰਵਾਉਣ ਲਈ ਭਾਰਤ ਸਰਕਾਰ ਨਾਲ ਲਗਾਤਾਰ ਸੰਪਰਕ ਕੀਤਾ ਜਾ ਰਿਹਾ ਹੈ। ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵੱਲੋਂ ਮਾਨਯੋਗ ਪ੍ਰਧਾਨ ਮੰਤਰੀ ਅਤੇ ਮਾਨਯੋਗ ਯੂਨੀਅਨ ਮੰਤਰੀ ਜੀ ਨੂੰ ਪੋਸਟ ਮੈਟ੍ਰਿਕ ਐਸ.ਸੀ. ਸਕੀਮ ਅਧੀਨ ਰਾਸ਼ੀ ਜਾਰੀ ਕਰਨ ਲਈ ਅੱਧ ਸਰਕਾਰੀ ਪੱਤਰ ਲਿਖੇ ਗਏ ਹਨ। ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀਆਂ ਮੰਤਰੀ, ਪੰਜਾਬ ਵੱਲੋਂ ਯੂਨੀਅਨ ਮੰਤਰੀ, ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਨਾਲ ਸਮੇਂ ਸਮੇਂ ਤੇ ਐਸ.ਸੀ/ਬੀ.ਸੀ. ਸਕੀਮਾਂ ਤਹਿਤ ਭਾਰਤ ਸਰਕਾਰ ਵੱਲ ਪੈਂਡਿੰਗ ਫੰਡ ਮੀਟਿੰਗਾਂ ਕਰਕੇ ਜਾਰੀ ਕਰਵਾਉਣ ਲਈ ਉਪਰਾਲੇ ਕੀਤੇ ਗਏ ਹਨ।

------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1834 (ਸੀ.ਯੂ.)**

------

** ਸੀ.ਯੂ. ਪ੍ਰਸ਼ਨ ਨੰ: 1834 ਦਾ ਉੱਤਰ ਅਨੈਕਸਚਰ ਦੀ ਫਾਈਨਲ ਛਪਾਈ ਤੱਕ ਪ੍ਰਾਪਤ ਨਹੀਂ ਹੋਇਆ।

## ਪਾਇਲ ਤੋਂ ਕੁੱਪ (ਹਲਕਾ ਪਾਇਲ) ਸੜਕ ਦੀ ਵਿਸ਼ੇਸ਼ ਰਿਪੇਅਰ ਕਰਵਾਉਣਾ

***1836 (ਸੀ.ਯੂ.). ਸਰਦਾਰ ਲਖਵੀਰ ਸਿੰਘ ਲੱਖਾ:** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਾਇਲ ਤੋਂ ਕੁੱਪ (ਹਲਕਾ ਪਾਇਲ) ਸੜਕ ਦੀ ਪਹਿਲ ਦੇ ਅਧਾਰ ਤੇ ਵਿਸ਼ੇਸ਼ ਰਿਪੇਅਰ ਕਰਨ ਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਹਾਲ ਦੀ ਘੜੀ ਪਾਇਲ ਤੋਂ ਕੁੱਪ ਸੜਕ ਦੀ ਵਿਸ਼ੇਸ਼ ਰਿਪੇਅਰ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

------

## ਲਾਂਡਰਾਂ ਤੋਂ ਅੰਬਾਲਾ ਤੱਕ ਸੜਕ ਨੂੰ ਚਹੁੰ ਮਾਰਗੀ ਬਣਾਉਣਾ

***1840 (ਸੀ.ਯੂ.). ਸਰਦਾਰ ਹਰਦਿਆਲ ਸਿੰਘ ਕੰਬੋਜ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ -

ੳ) ਕੀ ਲਾਂਡਰਾਂ ਤੋਂ ਅੰਬਾਲਾ ਤੱਕ ਸੜਕ ਨੂੰ ਚਹੁੰ ਮਾਰਗੀ ਬਣਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਸ ਉੱਤੇ ਕਦੋਂ ਤੱਕ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ;

ਅ) ਜੇਕਰ ਨਹੀਂ ਤਾਂ ਇਸ ਸੜਕ ਉੱਤੇ ਹੁੰਦੇ ਨਿਤ ਦਿਨ ਸੜਕੀ ਹਾਦਸਿਆਂ ਨੂੰ ਧਿਆਨ ਵਿੱਚ ਰੱਖਦਿਆਂ ਇਸ ਸੜਕ ਦੇ ਵਿਚਕਾਰ ਡਿਵਾਈਡਰ ਬਣਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ੳ) ਜੀ ਹਾਂ, ਖਰੜ-ਲਾਂਡਰਾਂ-ਤੇਪਲਾ ਸੜਕ ਨੂੰ ਚਹੁੰ ਮਾਰਗੀ ਕਰਨ ਦੀ ਤਜਵੀਜ਼ ਹੈ। ਪ੍ਰੋਜੈਕਟ ਡਾਇਰੈਕਟਰ, ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ, ਮੋਹਾਲੀ ਨੇ ਦੱਸਿਆ ਹੈ ਕਿ ਇਸ ਸੜਕ ਦੀ ਅਲਾਇਨਮੈਂਟ ਭਾਰਤ ਸਰਕਾਰ ਨੂੰ ਮਨਜ਼ੂਰੀ ਹਿੱਤ ਭੇਜੀ ਗਈ ਜਿਸ ਦੀ ਮਨਜ਼ੂਰੀ ਅਜੇ ਪ੍ਰਾਪਤ ਨਹੀਂ ਹੋਈ ਹੈ। ਭਾਰਤ ਸਰਕਾਰ ਵੱਲੋਂ ਪ੍ਰੋਜੈਕਟ ਦੀ ਮਨਜ਼ੂਰੀ ਉਪਰੰਤ ਹੀ ਇਹ ਕੰਮ ਸ਼ੁਰੂ ਹੋ ਸਕੇਗਾ।

ਅ) ਹਾਂ, ਚਹੁੰ ਮਾਰਗੀ ਕਰਦੇ ਸਮੇਂ ਇਸ ਸੜਕ ਦੇ ਵਿਚਕਾਰ ਡਿਵਾਈਡਰ ਬਣਾਉਣ ਦੀ ਤਜਵੀਜ਼ ਹੈ।

------

## ਪੁਰਾਣਾ ਰਾਜਪੁਰਾ ਵਿਖੇ ਨੈਸ਼ਨਲ ਹਾਈਵੇ ਤੇ ਸਰਕਾਰੀ ਹਸਪਤਾਲ ਵਿੱਚ ਸੁਵਿਧਾਵਾਂ ਉਪਲਬਧ ਕਰਵਾਉਣਾ

***1841 (ਸੀ.ਯੂ.). ਸਰਦਾਰ ਹਰਦਿਆਲ ਸਿੰਘ ਕੰਬੋਜ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਕੀ ਇਹ ਠੀਕ ਹੈ ਕਿ ਸਾਲ 2001 ਵਿੱਚ ਪੁਰਾਣਾ ਰਾਜਪੁਰਾ ਵਿਖੇ ਨੈਸ਼ਨਲ ਹਾਈਵੇ ਦੇ ਨਜ਼ਦੀਕ ਸਰਕਾਰੀ ਡਿਸਪੈਂਸਰੀ ਨੂੰ ਅਪਗ੍ਰੇਡ ਕਰਕੇ 30 ਬਿਸਤਰਿਆਂ ਵਾਲਾ ਹਸਪਤਾਲ ਬਣਾਇਆ ਗਿਆ ਸੀ;

ਅ) ਜੇਕਰ ਹਾਂ ਤਾਂ ਕੀ ਇਸ ਹਸਪਤਾਲ ਵਿੱਚ ਸਾਰੀਆਂ ਸੁਵਿਧਾਵਾਂ ਮਿਲ ਰਹੀਆਂ ਹਨ; ਜੇਕਰ ਨਹੀਂ ਤਾਂ ਲੋਕਾਂ ਨੂੰ ਇਸ ਹਸਪਤਾਲ ਵਿੱਚ ਕਦੋਂ ਤੱਕ ਸਾਰੀਆਂ ਸੁਵਿਧਾਵਾਂ ਮੁਹੱਈਆ ਕਰਵਾ ਦਿੱਤੀਆਂ ਜਾਣਗੀਆਂ?

**ਸ਼੍ਰੀ ਬ੍ਰਹਮ ਮਹਿੰਦਰਾ :** ੳ) ਹਾਂ ਜੀ। ਸਾਲ 2001 ਵਿੱਚ ਨੈਸ਼ਨਲ ਹਾਈਵੇ ਦੇ ਨਜ਼ਦੀਕ ਸਰਕਾਰੀ ਸਿਵਲ ਡਿਸਪੈਂਸਰੀ ਰਾਜਪੁਰਾ ਨੂੰ ਅਪਗ੍ਰੇਡ ਕਰਕੇ 30 ਬਿਸਤਰਿਆਂ ਵਾਲਾ ਹਸਪਤਾਲ ਬਣਾਇਆ ਗਿਆ ਸੀ।

ਅ) (i) ਸਰਕਾਰੀ ਸਿਵਲ ਡਿਸਪੈਂਸਰੀ ਰਾਜਪੁਰਾ ਨੂੰ ਅਪਗ੍ਰੇਡ ਕਰਕੇ 30 ਬਿਸਤਰਿਆਂ ਦਾ ਹਸਪਤਾਲ ਬਣਾਇਆ ਗਿਆ ਸੀ, ਪ੍ਰੰਤੂ ਇਹ ਚਾਲੂ ਨਹੀਂ ਹੋ ਸਕਿਆ। ਹੁਣ ਇਸ ਬਿਲਡਿੰਗ ਦੇ ਇੱਕ ਹਿੱਸੇ ਵਿੱਚ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਚੱਲ ਰਿਹਾ ਹੈ, ਜਿਸ ਵਿੱਚ ਮੈਡੀਕਲ ਅਫਸਰ-1, ਫਾਰਮਾਸਿਸਟ-2, ਸਟਾਫ ਨਰਸ-1, ਏ.ਐਨ.ਐਮ.4, ਮਲਟੀਟਾਸਕ (ਦਰਜਾ-4)-3 ਅਤੇ ਵਾਰਡ ਅਟੈਂਡੈਂਟ-2 ਕੰਮ ਕਰ ਰਹੇ ਹਨ।

(ii) ਇਸ ਤੋਂ ਇਲਾਵਾ ਸਿਵਲ ਡਿਸਪੈਂਸਰੀ ਰਾਜਪੁਰਾ ਦੇ ਅਧੀਨ ਐਂਟੀ ਲਾਰਵਾ ਸਕੀਮ ਰਾਜਪੁਰਾ ਚੱਲ ਰਹੀ ਹੈ, ਜਿਸ ਵਿੱਚ ਮਲਟੀਪਰਪਜ਼ ਸੁਪਰਵਾਈਜ਼ਰ-1 (ਮੇਲ), ਇੰਸੈਕਟ ਕੁਲੈਕਟਰ-1, ਮਲਟੀਪਰਪਜ਼ ਹੈਲਥ ਵਰਕਰ -1(ਮੇਲ) ਅਤੇ ਫੀਲਡ ਵਰਕਰ-8 ਕੰਮ ਕਰ ਰਹੇ ਹਨ।

(iii) ਇਸ ਤੋਂ ਨੇੜੇ 1-1.5 ਕਿਲੋਮੀਟਰ ਦੀ ਦੂਰੀ ਤੇ 100 ਬਿਸਤਰਿਆਂ ਵਾਲਾ ਸਿਵਲ ਹਸਪਤਾਲ ਰਾਜਪੁਰਾ **(24X7)** ਚੱਲ ਰਿਹਾ ਹੈ। ਇਸ ਸੰਸਥਾ ਵਿਖੇ ਸਾਰੀਆਂ ਆਧੁਨਿਕ ਸਿਹਤ ਸਹੂਲਤਾਂ ਜਨਤਾ ਨੂੰ ਦਿੱਤੀਆਂ ਜਾ ਰਹੀਆਂ ਹਨ।

------

## ਪੁਰਾਣੇ ਰਾਜਪੁਰਾ ਦੀਆਂ ਸੀਵਰੇਜ ਪਾਈਪਾਂ ਬਦਲਣਾ

***1843 (ਸੀ.ਯੂ.). ਸਰਦਾਰ ਹਰਦਿਆਲ ਸਿੰਘ ਕੰਬੋਜ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੁਰਾਣੇ ਰਾਜਪੁਰੇ ਦੀਆਂ ਸੀਵਰੇਜ ਦੀਆਂ ਵਾਟਰ ਸਪਲਾਈ ਦੀਆਂ ਪਾਈਪਾਂ ਨੂੰ ਬਦਲ ਕੇ ਵੱਡੀਆਂ ਪਾਈਪਾਂ ਪਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਬਦਲ ਦਿੱਤੀਆਂ ਜਾਣਗੀਆਂ?

**ਸ਼੍ਰੀ ਬ੍ਰਹਮ ਮਹਿੰਦਰਾ:** ਪੁਰਾਣੇ ਰਾਜਪੁਰਾ ਵਿਖੇ ਵਾਟਰ ਸਪਲਾਈ ਦੀਆਂ ਪਾਈਪਾਂ ਨੂੰ ਬਦਲਣ ਲਈ ਰੁਪਏ 133.20 ਲੱਖ ਰੁਪਏ ਦਾ ਤਖਮੀਨਾ ਬਣਾਇਆ ਗਿਆ ਹੈ। ਇਸ ਕੰਮ ਨੂੰ ਕਰਨ ਲਈ ਫੰਡਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਫੰਡਜ਼ ਉਪਲਬਧ ਹੋਣ ਤੇ ਇਹ ਕੰਮ 4 ਮਹੀਨੇ ਵਿੱਚ ਹੋ ਜਾਵੇਗਾ। ਇਸ ਤੋਂ ਇਲਾਵਾ ਸੀਵਰੇਜ ਦੀਆਂ ਪਾਈਪਾਂ ਨੂੰ ਬਦਲਣ ਦੀ ਫਿਲਹਾਲ ਕੋਈ ਤਜਵੀਜ਼ ਨਹੀਂ ਹੈ।

------

## ਅਵਾਰਾ ਕੁੱਤਿਆਂ ਨੂੰ ਕਾਬੂ ਕਰਨਾ

***1846 (ਸੀ.ਯੂ.). 1. ਸਰਦਾਰ ਸੁਰਜੀਤ ਸਿੰਘ ਧੀਮਾਨ**
**2. ਸਰਦਾਰ ਹਰਮਿੰਦਰ ਸਿੰਘ ਗਿੱਲ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਪੰਜਾਬ ਵਿੱਚ ਖੂੰਖਾਰ ਅਵਾਰਾ ਕੁੱਤਿਆਂ ਵੱਲੋਂ ਨਿੱਤ ਦਿਹਾੜੇ ਛੋਟੇ ਛੋਟੇ ਬੱਚਿਆਂ ਨੂੰ ਵੱਢਣ ਦੀਆਂ ਵਾਪਰ ਰਹੀਆਂ ਘਟਨਾਵਾਂ ਨੂੰ ਰੋਕਣ ਵਾਸਤੇ ਕੀ ਯਤਨ ਕਰ ਰਹੀ ਹੈ ਅਤੇ ਭਵਿੱਖ ਵਿੱਚ ਅਵਾਰਾ ਕੁੱਤਿਆਂ ਨੂੰ ਕੰਟਰੋਲ ਕਰਨ ਲਈ ਤਜਵੀਜ਼ ਦੇ ਵੇਰਵੇ ਕੀ ਹਨ?

**ਸਰਦਾਰ ਨਵਜੋਤ ਸਿੰਘ ਸਿੱਧੂ :** ਅਵਾਰਾ ਕੁੱਤਿਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਸਥਾਨਕ ਸਰਕਾਰ ਵਿਭਾਗ ਵੱਲੋਂ ਕੰਪਰੀਹੈਂਸਿਵ ਸਕੀਮ ਕੰਟਰੋਲਿੰਗ ਡਾਗ ਪਾਪੂਲੇਸ਼ਨ ਤਿਆਰ ਕਰਕੇ ਸਮੂਹ ਨਗਰ ਨਿਗਮਾਂ ਅਤੇ ਸਮੂਹ ਰਿਜ਼ਨਲ ਡਿਪਟੀ ਡਾਇਰੈਕਟਰਜ਼ ਨੂੰ ਪਾਲਣਾ ਕਰਨ ਹਿੱਤ ਭੇਜੀਆਂ ਹੋਈਆਂ ਹਨ। ਜਿਸ ਵਿੱਚ ਅਵਾਰਾ ਕੁੱਤਿਆਂ ਦੀ ਜਨਸੰਖਿਆ ਨੂੰ ਕੰਟਰੋਲ ਕਰਨ ਲਈ ਉਨ੍ਹਾਂ ਦੀ ਨਸਬੰਦੀ/ਨਲਬੰਦੀ ਕਰਨ ਦਾ ਉਪਬੰਧ ਕੀਤਾ ਹੋਇਆ ਹੈ, ਇਸ ਤਰ੍ਹਾਂ ਅਵਾਰਾ ਕੁੱਤਿਆਂ ਦੀ ਜਨਸੰਖਿਆ ਨੂੰ ਕੰਟਰੋਲ ਕਰਕੇ ਖੂੰਖਾਰ ਅਵਾਰਾ ਕੁੱਤਿਆਂ ਵੱਲੋਂ ਕੀਤੀਆਂ ਜਾਂਦੀਆਂ ਘਟਨਾਵਾਂ ਨੂੰ ਰੋਕਿਆ ਜਾ ਰਿਹਾ ਹੈ।

------

## ਪਿੰਡਾਂ ਵਿੱਚ ਸੀਚੇਵਾਲ ਦੀ ਤਰਜ ਤੇ ਸੀਵਰੇਜ ਪਾਉਣਾ

***1847. (ਸੀ.ਯੂ.) ਸਰਦਾਰ ਹਰਮਿੰਦਰ ਸਿੰਘ ਗਿੱਲ:** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦਸਣਗੇ ਕਿ-

ੳ) ਪਿੰਡਾਂ ਵਿੱਚ ਪਿੰਡ ਸੀਚੇਵਾਲ ਦੀ ਤਰਜ ਤੇ ਸੀਵਰੇਜ ਪਾਉਣ ਦੀ ਸਕੀਮ ਕਿਸ ਪੜਾਅ ਤੱਕ ਪਹੁੰਚੀ ਹੈ;

ਅ) ਸਰਕਾਰ ਕੁੱਲ ਕਿੰਨੇ ਪਿੰਡਾਂ ਵਿੱਚ ਸੀਵਰੇਜ ਪਾਉਣਾ ਚਾਹੁੰਦੀ ਹੈ ਅਤੇ ਇਸ ਲਈ ਕੀ ਕਦਮ ਚੁੱਕੇ ਜਾ ਰਹੇ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸ਼੍ਰੀਮਾਨ ਜੀ,ਇਹ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਲਈ 15ਵੇਂ ਵਿੱਤ ਕਮਿਸ਼ਨ ਤੋਂ 22108.00 ਕਰੋੜ ਰੁਪਏ ਦੀ ਮੰਗ ਕੀਤੀ ਗਈ ਹੈ ।

------

## ਰਾਜ ਵਿੱਚ ਆਰ.ਓ.ਸਿਸਟਮ ਬੈਂਚਾਂ/ਡੈੱਸਕਾਂ ਵਾਲੇ ਸਰਕਾਰੀ ਸਕੂਲਾਂ ਦੀ ਗਿਣਤੀ

***1850 (ਸੀ.ਯੂ.) ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਰਾਜ ਵਿੱਚ ਉਨ੍ਹਾਂ ਸਰਕਾਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ ਜਿਥੇ ਆਰ.ਓ.ਸਿਸਟਮ ਚੱਲ ਰਹੇ ਹਨ ਅਤੇ ਬਾਕੀ ਰਹਿੰਦੇ ਸਕੂਲਾਂ ਵਿੱਚ ਆਰ.ਓ.ਸਿਸਟਮ ਲਗਾਉਣ ਵਾਸਤੇ ਸਰਕਾਰ ਦੁਆਰਾ ਚੁੱਕੇ ਗਏ/ਚੁੱਕੇ ਜਾਣ ਵਾਲੇ ਕਦਮ ਕੀ ਕੀ ਹਨ ਅਤੇ ਇਸ ਉਪਰ ਕਿੰਨਾ ਸਮਾਂ ਲੱਗਣ ਦੀ ਆਸ ਹੈ;

ਅ) ਅਜਿਹੇ ਸਰਕਾਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਪਾਸ ਵਿਦਿਆਰਥੀਆਂ ਲਈ ਬੈਂਚਾਂ/ਡੈੱਸਕਾਂ ਦੀ ਲੋੜੀਂਦੀ ਗਿਣਤੀ ਹੈ ਅਤੇ ਬਾਕੀ ਰਹਿੰਦੇ ਸਰਕਾਰੀ ਸਕੂਲਾਂ ਵਿੱਚ ਬੈਂਚਾਂ/ਡੈਸਕਾਂ ਦੀ ਲੋੜੀਂਦੀ ਗਿਣਤੀ ਕਦੋਂ ਤੱਕ ਉਪਲਬਧ ਕਰਵਾਉਣ ਦੀ ਸੰਭਾਵਨਾ ਹੈ?

**ਸ਼੍ਰੀ ਓਮ ਪ੍ਰਕਾਸ਼ ਸੋਨੀ :** ੳ) ਕੁੱਲ 19128 ਸਰਕਾਰੀ ਸਕੂਲਾਂ ਵਿੱਚੋਂ 9102 ਸਕੂਲਾਂ ਵਿੱਚ ਆਰ.ਓ.ਸਿਸਟਮ ਦੀ ਸੁਵਿਧਾ ਉਪਲਬਧ ਹੈ। ਨਾਬਾਰਡ ਰੂਰਲ ਇਨਫਰਾਸਟਰਕਚਰ ਡਿਵੈਲਪਮੈਂਟ ਫੰਡ (NABARD-RIDF) ਤਹਿਤ ਹੋਰ 1500 ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਆਰ.ਓ. ਸਿਸਟਮ ਲਗਾਉਣ ਲਈ ਟੈਂਡਰ ਪ੍ਰਕਿਰਿਆ ਚੱਲ ਰਹੀ ਹੈ। ਇਸ ਉਪਰ ਲਗਭਗ 6 ਮਹੀਨੇ ਦਾ ਸਮਾਂ ਲੱਗਣ ਦਾ ਅਨੁਮਾਨ ਹੈ।

ਅ) ਕੁੱਲ 19128 ਸਰਕਾਰੀ ਸਕੂਲਾਂ ਵਿੱਚੋਂ 1884 ਸਕੂਲਾਂ ਵਿੱਚ ਵਿਦਿਆਰਥੀਆਂ ਲਈ ਫਰਨੀਚਰ ਦੀ ਸੁਵਿਧਾ ਉਪਲਬਧ ਹੈ। 17244 ਸਕੂਲਾਂ ਵਿੱਚ ਕੁਝ ਵਿਦਿਆਰਥੀਆਂ ਲਈ ਫਰਨੀਚਰ ਦੀ ਘਾਟ ਹੈ। ਪ੍ਰਾਇਮਰੀ ਸਕੂਲਾਂ ਲਈ 1,10,000 ਡੈਸਕਾਂ ਦੀ ਖਰੀਦ ਪ੍ਰਕਿਰਿਆ ਚੱਲ ਰਹੀ ਹੈ। ਮਿਡਲ, ਹਾਈ ਅਤੇ ਸੈਕੰਡਰੀ ਸਕੂਲਾਂ ਵਿੱਚ ਫਰਨੀਚਰ ਦੀ ਘਾਟ ਨੂੰ ਪੂਰਾ ਕਰਨ ਲਈ ਰੈਸ਼ਨੇਲਾਈਜ਼ੇਸ਼ਨ ਕੀਤੀ ਜਾ ਰਹੀ ਹੈ।

------

## ਖੇਮਕਰਨ ਵਿੱਚ ਨਸ਼ਾ ਛੁਡਾਊ ਕੇਂਦਰਾਂ ਦੀ ਗਿਣਤੀ

***1853 (ਸੀ.ਯੂ.). ਸਰਦਾਰ ਸੁਖਪਾਲ ਸਿੰਘ ਭੁੱਲਰ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਖੇਮਕਰਨ, ਪੰਜਾਬ ਦਾ ਇੱਕ ਸਰਹੱਦੀ ਖੇਤਰ ਹੈ (ਬਾਰਡਰ ਬੈਲਟ) ਹੈ ਜੋ ਕਿ ਨਸ਼ੇ ਦੀ ਸਮੱਸਿਆ ਨਾਲ ਪ੍ਰਭਾਵਿਤ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਖੇਤਰ ਵਿੱਚ ਮਨਜ਼ੂਰਸ਼ੁਦਾ/ਅਲਾਟ ਕੀਤੇ ਗਏ ਨਸ਼ਾ ਛੁਡਾਊ ਕੇਂਦਰਾਂ ਅਤੇ ਓ.ਓ.ਏ.ਟੀ.ਸੈਂਟਰਾਂ ਦੇ ਵੇਰਵੇ ਕੀ ਹਨ;

ਅ) ਕੀ ਹਲਕੇ ਦੇ ਦੂਰ-ਦਰਾਡੇ ਖੇਤਰਾਂ ਵਿੱਚ ਓ.ਓ.ਏ.ਟੀ. ਸੈਂਟਰ ਸਕੀਮਾਂ ਜ਼ਮੀਨੀ ਪੱਧਰ ਉੱਤੇ ਲਾਗੂ ਹਨ ਅਤੇ ਨਸ਼ਾ ਛੁਡਾਊ ਗੋਲੀਆਂ/ਦਵਾਈਆਂ ਉਪਲਬਧ ਹਨ,

ੲ) ਹਰ ਇੱਕ ਨਸ਼ਾ ਛੁਡਾਊ ਕੇਂਦਰਾਂ ਹੇਠ ਕਿੰਨੇ ਪਿੰਡਾਂ ਨੂੰ ਕਵਰ ਕੀਤਾ ਜਾਂਦਾ ਹੈ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, ੳ) ਹਾਂ ਜੀ, ਖੇਮਕਰਨ ਪੰਜਾਬ ਵਿੱਚ ਸਰਹੱਦੀ ਖੇਤਰ (ਬਾਰਡਰ ਬੈਲਟ) ਵਿੱਚ ਆਉਂਦਾ ਹੈ, ਇਹ ਖੇਤਰ ਨਸ਼ੇ ਦੀ ਸਮੱਸਿਆ ਨਾਲ ਪ੍ਰਭਾਵਿਤ ਹੈ। ਇਸ ਖੇਤਰ ਵਿੱਚ ਮਨਜ਼ੂਰਸ਼ੁਦਾ 2 ਓ.ਓ.ਏ.ਟੀ ਸੈਂਟਰ ਹਨ-ਸੀ.ਐਚ.ਸੀ., ਖੇਮਕਰਨ ਅਤੇ ਸੀ.ਐਚ.ਸੀ., ਸੁਰ ਸਿੰਘ ਹੈ।

ਅ) ਹਾਂ ਜੀ, ਓ.ਓ.ਏ.ਟੀ. ਸੈਂਟਰ ਸਕੀਮਾਂ ਜ਼ਮੀਨੀ ਪੱਧਰ ਤੇ ਲਾਗੂ ਹਨ ਅਤੇ ਨਸ਼ਾ ਛੁਡਾਊ ਕੇਂਦਰ ਵਿੱਚ ਗੋਲੀਆਂ/ਦਵਾਈਆਂ ਉਪਲਬਧ ਹਨ।

ੲ) ਹਲਕਾ ਖੇਮਕਰਨ ਵਿੱਚ ਆਉਂਦੇ 70 ਪਿੰਡਾਂ ਅਤੇ ਸੁਰ ਸਿੰਘ ਵਿੱਚ ਆਉਂਦੇ 76 ਪਿੰਡਾਂ ਨੂੰ ਓ.ਓ.ਏ.ਟੀ ਕੇਂਦਰਾਂ ਵੱਲੋਂ ਕਵਰ ਕੀਤਾ ਜਾਂਦਾ ਹੈ।

------

## ਸਬ-ਡਵੀਜ਼ਨ ਭਿੱਖੀਵਿੰਡ ਵਿਖੇ ਅਸਾਮੀਆਂ ਦਾ ਵੇਰਵਾ

***1856 (ਸੀ.ਯੂ). ਸਰਦਾਰ ਸੁਖਪਾਲ ਸਿੰਘ ਭੁੱਲਰ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਬ-ਡਵੀਜ਼ਨ ਲਈ ਸਰਕਾਰੀ ਸਟਾਫ ਕਦੋਂ ਤੱਕ ਮਨਜ਼ੂਰ ਕੀਤਾ ਜਾਵੇਗਾ ਅਤੇ ਇਸ ਡਵੀਜ਼ਨ ਵਿਖੇ ਅਸਾਮੀਆਂ ਦਾ ਵੇਰਵਾ ਕੀ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਸਬ-ਡਵੀਜ਼ਨ, ਭਿੱਖੀਵਿੰਡ ਲਈ ਸਰਕਾਰੀ ਸਟਾਫ ਮਨਜ਼ੂਰ ਕਰਨ ਲਈ ਦਫਤਰ ਵੱਲੋਂ ਨਾਰਮ ਅਤੇ ਹਦਾਇਤਾਂ ਅਨੁਸਾਰ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ ਜਿਸ ਨੂੰ ਹਾਲੇ ਸਮਾਂ ਲੱਗ ਸਕਦਾ ਹੈ, ਲੋੜੀਂਦੀ ਕਾਰਵਾਈ ਮੁਕੰਮਲ ਹੋਣ ਤੱਕ ਅਸਾਮੀਆਂ ਦਾ ਵੇਰਵਾ ਦੱਸਣਾ ਸੰਭਵ ਨਹੀਂ ਹੈ।

------

## ਖਾਲੜਾ, ਕੱਚਾ ਪੱਕਾ ਅਤੇ ਪਿੰਡ ਵਲਟੋਹਾ ਗੈਸਟ ਹਾਊਸਿਜ਼ ਦੀ ਤਾਜ਼ਾ ਸਥਿਤੀ

***1857 (ਸੀ.ਯੂ.). ਸਰਦਾਰ ਸੁਖਪਾਲ ਸਿੰਘ ਭੁੱਲਰ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਖਾਲੜਾ, ਕੱਚਾ-ਪੱਕਾ ਅਤੇ ਪਿੰਡ ਵਲਟੋਹਾ ਵਿੱਚ ਸਿੰਚਾਈ ਵਿਭਾਗ ਦੇ ਤਿੰਨ ਗੈਸਟ ਹਾਊਸਿਜ਼ ਦੀ ਸਥਿਤੀ ਕੀ ਹੈ;

ਅ) ਇਨ੍ਹਾਂ ਤਿੰਨ ਗੈਸਟ ਹਾਊਸਿਜ਼ ਦੀ ਖਰਾਬ/ਖਸਤਾ ਹਾਲਤ ਨੂੰ ਠੀਕ ਕਰਕੇ ਕਦੋਂ ਤੱਕ ਚਾਲੂ ਕੀਤਾ ਜਾਵੇਗਾ ਜੋ ਕਿ ਅਜੇ ਵਰਤੋਂ ਵਿੱਚ ਨਹੀਂ ਹਨ ਅਤੇ ਇਨ੍ਹਾਂ ਨੂੰ ਵਰਤੋਂ ਵਿੱਚ ਲਿਆਉਣ ਲਈ ਕੀ ਕੀ ਉਪਰਾਲੇ ਕੀਤੇ ਜਾ ਰਹੇ ਹਨ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ੳ) ਮਨਿਹਾਲਾ ਐਟ ਕੱਚਾ-ਪੱਕਾ ਅਤੇ ਵਲਟੋਹਾ ਵਿਖੇ ਜਲ ਸਰੋਤ ਵਿਭਾਗ ਦੇ ਰੈਸਟ ਹਾਊਸ ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਬਣੇ ਹੋਏ ਹਨ। ਖਾਲੜਾ ਰੈਸਟ ਹਾਊਸ ਸਾਲ 1990 ਵਿੱਚ ਬਣਾਇਆ ਗਿਆ ਸੀ। ਇਨ੍ਹਾਂ ਰੈਸਟ ਹਾਊਸਾਂ ਦੀ ਹਾਲਤ ਖਸਤਾ ਹੋ ਚੁੱਕੀ ਹੈ, ਜਿਸ ਕਾਰਨ ਇਹ ਰਹਿਣ ਯੋਗ ਨਹੀਂ ਹਨ।

ਅ) ਅਪਰ ਬਾਰੀ ਦੁਆਬ ਨਹਿਰ, ਸਿਸਟਮ ਦੀ ਲਾਈਨਿੰਗ/ਰਿਪੇਅਰ ਕਰਨ ਵਾਸਤੇ 1112.34 ਕਰੋੜ ਰੁਪਏ ਦਾ ਪ੍ਰੋਜੈਕਟ ਅਨੁਮਾਨ, ਸੈਂਟਰਲ ਵਾਟਰ ਕਮਿਸ਼ਨ, ਨਵੀਂ ਦਿੱਲੀ ਵੱਲੋਂ ਤਕਨੀਕੀ ਤੌਰ ਤੇ ਮਨਜ਼ੂਰ ਕੀਤਾ ਹੋਇਆ ਹੈ। ਇਸ ਵਿੱਚ ਮਨਿਹਾਲਾ ਅਤੇ ਵਲਟੋਹਾ ਰੈਸਟ ਹਾਊਸਾਂ ਦੀ ਰਿਪੇਅਰ ਕਰਨ ਦੀ ਤਜਵੀਜ਼ ਵੀ ਸ਼ਾਮਲ ਕੀਤੀ ਗਈ ਹੈ। ਸਰਕਾਰ ਵੱਲੋਂ ਇਸ ਪ੍ਰੋਜੈਕਟ ਲਈ ਫੰਡਜ਼ ਜਾਰੀ ਕਰਵਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਫੰਡਜ਼ ਪ੍ਰਾਪਤ ਹੋਣ ਤੇ ਇਨ੍ਹਾਂ ਰੈਸਟ ਹਾਊਸਾਂ ਦੀ ਰਿਪੇਅਰ ਕਰਵਾ ਕੇ ਇਨ੍ਹਾਂ ਨੂੰ ਵਰਤੋਂ ਵਿੱਚ ਲਿਆਂਦਾ ਜਾਵੇਗਾ।

ਖਾਲੜਾ ਰੈਸਟ ਹਾਊਸ ਬਾਰੇ ਦੱਸਿਆ ਜਾਂਦਾ ਹੈ ਕਿ ਇਸ ਰੈਸਟ ਹਾਊਸ ਨੂੰ ਰਿਪੇਅਰ ਕਰਨ ਦੀ ਫਿਲਹਾਲ ਕੋਈ ਤਜਵੀਜ਼ ਨਹੀਂ ਹੈ।

-----

## ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਫੰਡਾਂ ਦੀ ਦੁਰਵਰਤੋਂ ਦੀ ਪੜਤਾਲ ਸਬੰਧੀ ਮੌਜੂਦਾ ਸਥਿਤੀ

***1858 (ਸੀ.ਯੂ.). 1) ਡਾਕਟਰ ਰਾਜ ਕੁਮਾਰ ਚੱਬੇਵਾਲ**
**2) ਸ਼੍ਰੀਮਤੀ ਰੁਪਿੰਦਰ ਕੌਰ ਰੂਬੀ** : ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਪਿਛਲੇ ਸਾਲਾਂ ਦੇ ਦੌਰਾਨ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵਜ਼ੀਫਿਆਂ ਦੇ ਫੰਡਾਂ ਦੀ ਦੁਰਵਰਤੋਂ ਦੀ ਪੜਤਾਲ ਕਰਨ ਲਈ ਕੁਝ ਸੰਸਥਾਵਾਂ ਦੇ ਕੀਤੇ ਜਾਣ ਵਾਲੇ ਆਡਿਟ ਦੀ ਸਥਿਤੀ ਕੀ ਹੈ;

ਅ) ਇਸ ਦੀ ਅਦਾਇਗੀ ਸਬੰਧੀ ਕੇਂਦਰ ਸਰਕਾਰ ਦੁਆਰਾ ਪਹਿਲਾਂ ਹੀ ਜਾਰੀ ਕੀਤੀ ਗਈ 323 ਕਰੋੜ ਰੁਪਏ ਦੀ ਰਾਸ਼ੀ ਦੀ ਕੀ ਸਥਿਤੀ ਹੈ ਅਤੇ ਉਪਰੋਕਤ ਦੇ ਸਬੰਧ ਵਿਚ ਬਾਕੀ ਪੈਂਡਿੰਗ ਰਾਸ਼ੀ ਦੀ ਸਥਿਤੀ ਕੀ ਹੈ;

[1. ਡਾਕਟਰ ਰਾਜ ਕੁਮਾਰ ਚੱਬੇਵਾਲ]
[2. ਸ਼੍ਰੀਮਤੀ ਰੁਪਿੰਦਰ ਕੌਰ ਰੂਬੀ]

ੲ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਸੈਸ਼ਨ ਤੋਂ ਲੈ ਕੇ ਹੁਣ ਤੱਕ ਐਸ.ਸੀ. ਬੀ.ਸੀ. ਅਤੇ ਓ.ਬੀ.ਸੀ. ਵਿਦਿਆਰਥੀਆਂ ਨੂੰ ਸਕੂਲਾਂ ਕਾਲਜਾਂ ਅਤੇ ਸਵੈ-ਰੁਜ਼ਗਾਰ ਕੋਰਸਾਂ ਲਈ ਵਜ਼ੀਫਾ ਅਤੇ ਫੀਸਾਂ ਲਈ ਕੋਈ ਰਕਮ ਜਾਰੀ ਨਹੀਂ ਕੀਤੀ ਗਈ ਜਿਸ ਕਾਰਨ ਉਪਰੋਕਤ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਭਾਰੀ ਕਠਿਨਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਉਹਨਾਂ ਵਿਦਿਆਰਥੀਆਂ ਨੂੰ ਵਜ਼ੀਫਾ ਅਤੇ ਫੀਸਾਂ ਦੀ ਰਕਮ ਕਦੋਂ ਤੱਕ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਸਾਧੂ ਸਿੰਘ :** ੳ) ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਪਿਛਲੇ ਸਾਲਾਂ ਦੌਰਾਨ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਵਜ਼ੀਫਿਆਂ ਦੇ ਫੰਡਾਂ ਦੀ ਪੜਤਾਲ ਸਬੰਧੀ 3606 ਸੰਸਥਾਵਾਂ ਦਾ ਆਡਿਟ ਕੀਤਾ ਜਾ ਚੁੱਕਾ ਹੈ, ਜਿਸ ਅਨੁਸਾਰ 562.15 ਕਰੋੜ ਰੁਪਏ ਇਤਰਾਜ਼ਯੋਗ ਪਾਏ ਗਏ। ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 9-1-2019 ਨੂੰ ਹੋਈ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ, ਪ੍ਰਾਪਤ ਹੋਈਆਂ ਆਡਿਟ ਰਿਪੋਰਟਾਂ ਨੂੰ ਲਾਗੂਕਰਤਾ ਵਿਭਾਗਾਂ ਦੀਆਂ ਕਮੇਟੀਆਂ ਵੱਲੋਂ ਘੋਖਣ ਉਪਰੰਤ ਅਤੇ ਇਤਰਾਜ਼ ਸੈਟਲ ਕਰਨ ਉਪਰੰਤ ਮੁਕੰਮਲ ਅੰਤਿਮ ਰਿਪੋਰਟ ਪ੍ਰਾਪਤ ਹੋਣ ਤੇ ਬਕਾਇਆ ਰਾਸ਼ੀ ਦੀ ਅਦਾਇਗੀ ਕੀਤੀ ਜਾਵੇਗੀ।

ਅ) ਕੇਂਦਰ ਸਰਕਾਰ ਦੁਆਰਾ ਪਹਿਲਾਂ ਜਾਰੀ ਕੀਤੀ ਗਈ 327.39 ਕਰੋੜ ਰੁਪਏ ਦੀ ਸਾਰੀ ਰਾਸ਼ੀ ਖਰਚ ਕਰਕੇ ਭਾਰਤ ਸਰਕਾਰ ਨੂੰ ਵਰਤੋਂ ਸਰਟੀਫਿਕੇਟ ਭੇਜਿਆ ਜਾ ਚੁੱਕਾ ਹੈ।

ੲ) ਦਸੰਬਰ, 2018 ਤੋਂ ਲੈ ਕੇ ਹੁਣ ਤੱਕ ਐਸ.ਸੀ., ਬੀ.ਸੀ. ਅਤੇ ਓ.ਬੀ.ਸੀ. ਵਿਦਿਆਰਥੀਆਂ ਨੂੰ ਸਕੂਲਾਂ, ਕਾਲਜਾਂ ਅਤੇ ਸਵੈ ਰੋਜ਼ਗਾਰ ਕੋਰਸਾਂ ਲਈ ਵਜ਼ੀਫਾ ਅਤੇ ਫੀਸਾਂ ਲਈ ਜਾਰੀ ਕੀਤੀ ਗਈ ਰਕਮ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਸਕੀਮ | ਦਸੰਬਰ, 2018 ਤੋਂ ਲੈ ਕੇ ਹੁਣ ਤੱਕ ਐਸ.ਸੀ. ਵਿਦਿਆਰਥੀਆਂ ਲਈ ਜਾਰੀ ਕੀਤੀ ਗਈ ਵਜ਼ੀਫਾ ਅਤੇ ਫੀਸਾਂ ਦੀ ਰਾਸ਼ੀ | ਦਸੰਬਰ, 2018 ਤੋਂ ਲੈ ਕੇ ਹੁਣ ਤੱਕ ਬੀ.ਸੀ. ਵਿਦਿਆਰਥੀਆਂ ਲਈ ਜਾਰੀ ਕੀਤੀ ਗਈ ਵਜ਼ੀਫਾ ਅਤੇ ਫੀਸਾਂ ਦੀ ਰਾਸ਼ੀ |
|---|---|---|
| ਪੋਸਟ ਮੈਟ੍ਰਿਕ ਸਕੂਲ/ਕਾਲਜ | 121.34 ਕਰੋੜ ਰੁਪਏ | -ਨਿੱਲ- |
| ਸਵੈ ਰੋਜ਼ਗਾਰ ਕੋਰਸ | -ਨਿੱਲ- | -ਨਿੱਲ- |

-----

## ਨਜਾਇਜ਼ ਕਬਜ਼ੇ ਕਰਨ ਵਾਲਿਆਂ ਖਿਲਾਫ ਕਾਰਵਾਈ ਕਰਨਾ

***1860 (ਸੀ.ਯੂ). ਸਰਦਾਰ ਹਰਮਿੰਦਰ ਸਿੰਘ ਗਿੱਲ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਪੱਟੀ ਹਲਕੇ ਅਧੀਨ ਪੈਂਦੇ ਪਿੰਡ ਹਰੀਕੇ ਦੀ 100 ਏਕੜ ਤੋਂ ਵੱਧ ਪੰਚਾਇਤੀ ਜ਼ਮੀਨ ਤੇ ਲੋਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ ਅਤੇ ਅਫਸਰਾਂ ਦੀ ਮਿਲੀਭੁਗਤ ਨਾਲ ਗਿਰਦਾਵਰੀਆਂ ਆਪਣੇ ਨਾਮ ਕਰਵਾਈਆਂ ਹੋਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਡੀ.ਡੀ.ਪੀ.ਓ ਤਰਨਤਾਰਨ ਵਲੋਂ ਕਬਜ਼ਾ ਅਤੇ ਗਿਰਦਾਵਰੀਆਂ ਪੰਚਾਇਤ ਦੇ ਨਾਮ ਕਰਨ ਦੇ ਕੀਤੇ ਆਰਡਰ ਤੋਂ ਬਾਅਦ ਵੀ ਸਰਕਾਰੀ ਰਿਕਾਰਡ ਠੀਕ ਕਿਉਂ ਨਹੀ ਕੀਤਾ ਗਿਆ;

ਅ) ਜਿਹੜੇ ਲੋਕਾਂ ਜਾਂ ਅਫਸਰਾਂ ਨੇ ਕਬਜ਼ੇ ਕੀਤੇ ਜਾਂ ਗਿਰਦਾਵਰੀਆਂ ਬਦਲੀਆਂ ਹਨ; ਉਨ੍ਹਾਂ ਦੇ ਖਿਲਾਫ ਕੀ ਕਾਰਵਾਈ ਕੀਤੀ ਜਾ ਰਹੀ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, (ੳ) ਹਾਂ ਜੀ, 84 ਏਕੜ 4 ਕਨਾਲ ਸ਼ਾਮਲਾਤ ਜ਼ਮੀਨ ਦੇ ਨਜਾਇਜ਼ ਕਬਜੇ ਸਬੰਧੀ ਫੈਸਲਾ ਮਿਤੀ 29-11-2018 ਨੂੰ ਕੁਲੈਕਟਰ ਤਰਨਤਾਰਨ ਵੱਲੋਂ ਗਰਾਮ ਪੰਚਾਇਤ ਦੇ ਹੱਕ ਵਿੱਚ ਕਰ ਦਿੱਤਾ ਗਿਆ ਹੈ, ਜਿਸ ਦਾ ਕਬਜ਼ਾ ਗਰਾਮ ਪੰਚਾਇਤ ਨੂੰ ਦਿਵਾਉਣ ਲਈ ਕਬਜ਼ਾ ਵਾਰੰਟ ਵੀ ਜਾਰੀ ਕਰ ਦਿੱਤੇ ਗਏ ਹਨ।

(ਅ) ਗਰਾਮ ਪੰਚਾਇਤ ਹਰੀਕੇ ਦੀ ਜ਼ਮੀਨ ਦੀਆਂ ਗਿਰਦਾਵਰੀਆਂ ਮਾਲ ਵਿਭਾਗ ਦੇ ਜਿਹੜੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਨਜਾਇਜ਼ ਕਾਬਜ਼ਕਾਰਾਂ ਦੇ ਨਾਮ ਤੇ ਕੀਤੀਆਂ ਗਈਆਂ ਸਨ, ਉਨ੍ਹਾਂ ਵਿਰੁੱਧ ਕਾਰਵਾਈ ਕਰਨ ਲਈ ਡਿਪਟੀ ਕਮਿਸ਼ਨਰ, ਤਰਨਤਾਰਨ ਅਤੇ ਉਪ ਮੰਡਲ ਮੈਜਿਸਟਰੇਟ, ਪੱਟੀ ਨੂੰ ਲਿਖ ਦਿੱਤਾ ਗਿਆ ਹੈ।

------

## ਪਠਾਨਕੋਟ ਦੇ ਪੰਜ ਸਮਾਰਟ ਸਕੂਲਾਂ ਲਈ ਬਜਟ ਮਨਜ਼ੂਰ ਕਰਨਾ

***1862 (ਸੀ.ਯੂ). ਸ਼੍ਰੀ ਅਮਿਤ ਵਿਜ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਵੱਲੋਂ ਪਠਾਨਕੋਟ ਦੇ ਪੰਜ ਸਮਾਰਟ ਸਕੂਲਾਂ ਲਈ ਲਗਭਗ 1.5 ਕਰੋੜ ਦਾ ਬਜਟ (30 ਲੱਖ ਰੁਪਏ ਹਰ ਇੱਕ ਸਕੂਲ ਲਈ) ਕਦੋਂ ਤੱਕ ਮਨਜ਼ੂਰ ਕਰ ਦਿੱਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਪਠਾਨਕੋਟ ਦੇ 6 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਸਮਾਰਟ ਸਕੂਲਾਂ ਵਿੱਚ ਤਬਦੀਲ ਕੀਤਾ ਗਿਆ ਹੈ ਜਿਨ੍ਹਾਂ ਲਈ ਹੁਣ ਤੱਕ 92.26 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ।

----

## ਪਠਾਨਕੋਟ ਦੀਆਂ ਸੜਕਾਂ ਲਈ ਬਜਟ ਦਾ ਪ੍ਰਬੰਧ ਕਰਨਾ

***1864 (ਸੀ.ਯੂ). ਸ਼੍ਰੀ ਅਮਿਤ ਵਿਜ:** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਐਮ.ਸੀ.ਪਠਾਨਕੋਟ ਦੀ ਹੱਦ ਨੂੰ ਛੱਡ ਕੇ ਪਠਾਨਕੋਟ-ਕੁੱਲੂ ਸੜਕ 0.00 ਕਿ.ਮੀ. ਤੋਂ 3.25 ਕਿ.ਮੀ. ਅਤੇ 5.31 ਕਿ.ਮੀ. ਤੋਂ 6.95 ਕਿ.ਮੀ. ਸਮੇਤ ਰਜਬਾਹੇ ਉਪਰ 3 ਸਪੈਨ 21 ਮੀਟਰ ਹਰੇਕ ਐਮ.ਬੀ.ਲਿੰਕ 2 ਸਪੈਨ 20 ਮੀਟਰ ਉਪਰ ਨੂੰ ਅੱਪਗ੍ਰੇਡ ਕਰਨ ਲਈ ਲਗਭਗ 24 ਕਰੋੜ ਰਪਏ ਦਾ ਬਜਟ ਦਾ ਪ੍ਰਬੰਧ ਕਦੋਂ ਕੀਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਹਾਲ ਦੀ ਘੜੀ ਬਜਟ ਦੀ ਕੋਈ ਤਜਵੀਜ਼ ਨਹੀਂ ਹੈ।

------

## ਮੌਜੂਦਾ ਪੁਲੀ ਨੂੰ ਚੌੜਾ ਕਰਨ ਲਈ ਬਜਟ ਮੁੱਹਈਆ ਕਰਵਾਉਣਾ

***1865 (ਸੀ.ਯੂ). ਸ਼੍ਰੀ ਅਮਿਤ ਵਿਜ :** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਠਾਨਕੋਟ ਸ਼ਹਿਰ ਵਿੱਚ ਬਜਰੀ ਕੰਪਨੀ ਵੱਲੋਂ ਐਨ.ਐਚ.54 ਰੋਡ ਦੀ ਇੰਟਰ ਲੋਕਿੰਗ ਟਾਈਲ ਨਾਲ ਉਸਾਰੀ ਅਤੇ ਨਾਲ ਹੀ ਮੌਜੂਦਾ ਪੁਲੀ ਨੂੰ ਚੌੜਾ ਕਰਨ ਲਈ ਲਗਭਗ 4 ਕਰੋੜ ਰੁਪਏ ਦੇ ਬਜਟ ਨੂੰ ਕਦੋਂ ਤੱਕ ਮਨਜ਼ੂਰ ਕੀਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਹਾਲ ਦੀ ਘੜੀ ਬਜਟ ਦੀ ਕੋਈ ਤਜਵੀਜ਼ ਨਹੀਂ ਹੈ।

------

## ਜ਼ਿਲ੍ਹਾ ਪਠਾਨਕੋਟ ਵਿੱਚ ਮੈਡੀਕਲ ਕਾਲਜ ਲਈ ਬਜਟ ਦਾ ਉਪਬੰਧ ਕਰਨਾ

***1867 (ਸੀ.ਯੂ). ਸ਼੍ਰੀ ਅਮਿਤ ਵਿਜ :** ਕੀ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਪਠਾਨਕੋਟ ਵਿੱਚ ਮੈਡੀਕਲ ਕਾਲਜ (ਪੀ.ਪੀ.ਪੀ.ਮੋਡ) ਲਈ ਬਜਟ ਦਾ ਉਪਬੰਧ ਕਦੋਂ ਤੱਕ ਕੀਤਾ ਜਾਵੇਗਾ?

**ਸ਼੍ਰੀ ਬ੍ਰਹਮ ਮਹਿੰਦਰਾ :** ਨਹੀਂ, ਸ਼੍ਰੀਮਾਨ ਜੀ, ਸਰਕਾਰ ਵੱਲੋਂ ਪਠਾਨਕੋਟ ਵਿੱਚ ਸਥਾਪਤ ਕੀਤੇ ਜਾ ਰਹੇ ਮੈਡੀਕਲ ਕਾਲਜ ਨੂੰ (ਪੀ.ਪੀ.ਪੀ.ਮੋਡ) ਸਕੀਮ ਅਧੀਨ ਚਲਾਉਣ ਦੀ ਯੋਜਨਾ ਹੈ। ਇਸ ਕਾਲਜ ਲਈ ਸਰਕਾਰ ਵੱਲੋਂ ਫੰਡ ਦਾ ਉਪਬੰਧ ਨਹੀਂ ਕੀਤਾ ਜਾਣਾ।

------

**ਪਿੰਡ ਘਿਆਲਾ ਵਿਚ ਪੀ.ਐਚ.ਸੀ. ਤੋਂ ਸੀ.ਐਚ.ਸੀ. ਅਪਗ੍ਰੇਡ ਕਰਨ ਲਈ ਬਜਟ ਦਾ ਉਪਬੰਧ ਕਰਨਾ।**

***1868 (ਸੀ.ਯੂ). ਸ਼੍ਰੀ ਅਮਿਤ ਵਿਜ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

ੳ) ਜ਼ਿਲ੍ਹਾ ਪਠਾਨਕੋਟ ਦੇ ਪਿੰਡ ਘਿਆਲਾ ਵਿਚ ਪੀ.ਐਚ.ਸੀ. (ਮੁੱਢਲਾ ਸਿਹਤ ਕੇਂਦਰ) ਨੂੰ ਸੀ.ਐਚ.ਸੀ. (ਕਮਿਊਨਿਟੀ ਸਿਹਤ ਕੇਂਦਰ) ਵਿਚ ਅਪਗ੍ਰੇਡ ਕਰਨ ਲਈ ਬਜਟ ਦਾ ਉਪਬੰਧ ਕਦੋਂ ਤੱਕ ਕੀਤਾ ਜਾਵੇਗਾ ਅਤੇ ਸਟਾਫ ਦੀਆਂ ਕਿੰਨੀਆਂ ਸੈਂਕਸ਼ਨਡ ਪੋਸਟਾਂ ਖਾਲੀ ਹਨ;

ਅ) ਸਰਕਾਰ ਇਨ੍ਹਾਂ ਖਾਲੀ ਪਈਆਂ ਪੋਸਟਾਂ ਨੂੰ ਕਦੋਂ ਤੱਕ ਭਰਨ ਦਾ (ਸਟਾਫ ਪੂਰਾ) ਕਰਨ ਦਾ ਇਰਾਦਾ ਰੱਖਦੀ ਹੈ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, ੳ) ਹਾਂ ਜੀ। ਜ਼ਿਲ੍ਹਾ ਪਠਾਨਕੋਟ ਦੇ ਪਿੰਡ ਘਿਆਲਾ ਵਿਚ ਪ੍ਰਾਇਮਰੀ ਹੈਲਥ ਸੈਂਟਰ ਨੂੰ ਕਮਿਊਨਿਟੀ ਹੈਲਥ ਸੈਂਟਰ ਅਪਗ੍ਰੇਡ ਕਰਨ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਪ੍ਰਾਇਮਰੀ ਹੈਲਥ ਸੈਂਟਰ ਨੂੰ ਕਮਿਊਨਿਟੀ ਹੈਲਥ ਸੈਂਟਰ ਅਪਗ੍ਰੇਡ ਹੋਣ ਤੋਂ ਬਾਅਦ ਹੀ ਬਜਟ ਦਾ ਉਪਬੰਧ ਕੀਤਾ ਜਾਵੇਗਾ। ਇੱਥੇ ਕੰਮ ਕਰ ਰਹੇ ਸਟਾਫ ਦੀ ਸਥਿਤੀ ਹੇਠ ਅਨੁਸਾਰ ਹੈ:-

| ਲੜੀ ਨੰ: | ਅਸਾਮੀ ਦਾ ਨਾਮ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|
| 1 | ਮੈਡੀਕਲ ਅਫਸਰ | 1 | 1 | 0 |
| 2 | ਫਾਰਮਾਸਿਸਟ | 1 | 1 | 0 |
| 3 | ਸਟਾਫ ਨਰਸ | 1 | 0 | 1 |
| | ਐਨ.ਐਚ.ਐਮ. ਅਧੀਨ | 3 | 3 | 0 |
| 4 | ਐਮ.ਪੀ.ਐਚ. ਡਬਲਿਯੂ. (ਫੀਮੇਲ) | 1 | 0 | 1 |
| | ਐਨ.ਐਮ.ਐਚ. ਅਧੀਨ | 1 | 1 | 0 |

| | | | | |
|---|---|---|---|---|
| 5 | ਐਮ.ਪੀ.ਐਚ. ਡਬਲਿਯੂ (ਮੇਲ) | 1 | 1 | 0 |
| 6 | ਐਮ.ਪੀ.ਐਚ. ਸੁਪਰਵਾਈਜ਼ਰ (ਫੀਮੇਲ) | 1 | 1 | 0 |
| 7 | ਐਮ.ਪੀ.ਐਚ. ਡਬਲਿਯੂ (ਮੇਲ) | 1 | 1 | 0 |
| 8 | ਮਲਟੀਪਰਪਜ਼ ਹੈਲਥ ਵਰਕ ਗ੍ਰੇਡ-2 | 1 | 1 | 0 |
| 9 | ਦਰਜਾ-4 | 2 | 2 | 0 |
| | **ਕੁੱਲ** | **14** | **12** | **2** |

ਅ) ਖਾਲੀ ਪਈਆਂ ਆਸਾਮੀਆਂ ਨੂੰ ਜਲਦੀ ਹੀ ਭਰ ਦਿੱਤਾ ਜਾਵੇਗਾ।

------

## ਸੜਕਾਂ ਦੇ ਅਧੂਰੇ ਛੱਡੇ ਕੰਮਾਂ ਲਈ ਬਜਟ ਦਾ ਪ੍ਰਬੰਧ ਕਰਨਾ

***1870 (ਸੀ.ਯੂ). ਸ਼੍ਰੀ ਅਮਿਤ ਵਿਜ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇੰਪਰੂਵਮੈਂਟ ਟਰੱਸਟ ਪਠਾਨਕੋਟ ਦੇ ਪਹਿਲਾਂ ਤੋਂ ਹੀ ਜਾਰੀ ਕੀਤੇ ਟੈਂਡਰਾਂ ਲਈ ਵੱਖ-ਵੱਖ ਸੜਕਾਂ ਦੇ ਅਧੂਰੇ ਛੱਡੇ ਕੰਮਾਂ ਲਈ ਲਗਭਗ 1.50 ਕਰੋੜ ਰੁਪਏ ਦੇ ਬਜਟ ਦਾ ਪ੍ਰਬੰਧ ਕਦੋਂ ਤੱਕ ਕੀਤਾ ਜਾਵੇਗਾ ?

**ਸਰਦਾਰ ਨਵਜੋਤ ਸਿੰਘ ਸਿੱਧੂ :** ਨਗਰ ਸੁਧਾਰ ਟਰੱਸਟ, ਪਠਾਨਕੋਟ ਵਲੋਂ ਸਾਲ 2016 ਵਿਚ ਆਪਣੇ ਅਧੀਨ ਆਉਂਦੀਆਂ ਸਕੀਮਾਂ ਏ.ਪੀ.ਕੇ. ਰੋਡ ਅਤੇ ਸਿਆਲੀ ਰੋਡ ਦੀਆਂ ਸੜਕਾਂ ਦੇ ਟੈਂਡਰ ਕ੍ਰਮਵਾਰ 1.37 ਕਰੋੜ ਰੁਪਏ ਅਤੇ 0.58 ਕਰੋੜ ਰੁਪਏ ਟਰੱਸਟ ਦੀਆ ਪ੍ਰਾਪਰਟੀਆਂ ਨੂੰ ਵੇਚਣ ਦੀ ਆਸ ਵਿਚ ਕਾਲ ਕੀਤੇ ਸਨ। ਨਗਰ ਸੁਧਾਰ ਟਰੱਸਟ, ਪਠਾਨਕੋਟ ਵਲੋਂ ਮਿਤੀ 22.2.2019 ਨੂੰ ਨਿਲਾਮੀ ਰਾਹੀਂ ਟਰੱਸਟ ਦੀਆਂ ਜਾਇਦਾਦਾਂ ਵੇਚੀਆਂ ਜਾ ਰਹੀਆਂ ਹਨ, ਇਹਨਾਂ ਤੋਂ ਪ੍ਰਾਪਤ ਹੋਣ ਵਾਲੇ ਫੰਡਾਂ ਰਾਹੀਂ ਜਲਦੀ ਤੋਂ ਜਲਦੀ ਅਧੂਰੇ ਕੰਮਾਂ ਨੂੰ ਨੇਪਰੇ ਚੜ੍ਹਾਇਆ ਜਾਵੇਗਾ।

------

## ਪੁਲ ਦਾ ਨਿਰਮਾਣ ਕਰਨਾ

***1871 (ਸੀ.ਯੂ). ਸ਼੍ਰੀ ਅਮਿਤ ਵਿਜ:** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਜ਼ਿਲ੍ਹਾ ਪਠਾਨਕੋਟ ਵਿੱਚ 2 ਕਿਲੋਮੀਟਰ ਲੰਬੀ ਧੀਰਾ-ਧਾਰੀਵਾਲ ਸੜਕ ਤੋਂ ਧੀਰਾਂ ਘਰੋਟਾ ਸੜਕ ਤੇ ਪੈਂਦੇ ਨਲਵਾ ਨਾਲਾ ਕਰਾਸਿੰਗ ਉਪਰ ਬਣੇ 21 ਮੀਟਰ ਵਾਲੇ 5 ਸਪੈਨਾਂ ਵਾਲੇ ਉੱਚ ਪੱਧਰੀ ਪੁਲ ਦੇ ਨਿਰਮਾਣ ਅਤੇ ਇਸ ਦੇ ਪਹੁੰਚ ਮਾਰਗਾਂ ਅਤੇ ਮੌਜੂਦਾ ਸੜਕਾਂ ਨੂੰ ਅਪਗ੍ਰੇਡ ਅਤੇ ਮਜ਼ਬੂਤ ਕਰਨ ਲਈ ਲਗਭਗ 5.50 ਕਰੋੜ ਰੁਪਏ ਦਾ ਬਜਟ ਕਦੋਂ ਤੱਕ ਜਾਰੀ ਕਰ ਦਿੱਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਹਾਲ ਦੀ ਘੜੀ ਬਜਟ ਦੀ ਕੋਈ ਤਜਵੀਜ਼ ਨਹੀਂ ਹੈ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1873 (ਸੀ.ਯੂ.)****

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1874 (ਸੀ.ਯੂ.)*****

------

**ਕਰਜ਼ਾ ਮੁਆਫੀ ਸਬੰਧੀ**

***1877 (ਸੀ.ਯੂ). ਸ਼੍ਰੀਮਤੀ ਰੁਪਿੰਦਰ ਕੌਰ ਰੂਬੀ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਪੰਜਾਬ ਦੇ ਕਿਸਾਨਾਂ ਦੇ ਕਰਜ਼ੇ ਸਿਰਫ ਢਾਈ ਏਕੜ ਮਾਲਕੀ ਤੱਕ ਹੀ ਮੁਆਫ ਕੀਤੇ ਗਏ ਹਨ ਅਤੇ ਉਹ ਵੀ ਕੇਵਲ ਸਰਕਾਰੀ ਸੁਸਾਇਟੀਆਂ ਦੇ ਕਰਜ਼ੇ;

ਅ) ਕੀ 5 ਏਕੜ ਤੱਕ ਦੀ ਮਾਲਕੀ ਵਾਲੇ ਕਿਸਾਨਾਂ ਦੇ ਸਹਿਕਾਰੀ ਸੁਸਾਇਟੀਆਂ ਦੇ ਕਰਜ਼ੇ ਅਤੇ ਬੈਂਕਾਂ ਅਤੇ ਆੜ੍ਹਤੀਆਂ ਦੇ ਕਰਜ਼ੇ ਮੁਆਫ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਕੈਪਟਨ ਅਮਰਿੰਦਰ ਸਿੰਘ:** ੳ) ਨਹੀਂ ਜੀ।

ਅ) ਪੰਜਾਬ ਸਰਕਾਰ ਵੱਲੋਂ ਸਹਿਕਾਰੀ ਸਭਾਵਾਂ, ਸਹਿਕਾਰੀ ਬੈਂਕਾਂ ਅਤੇ ਸੂਚੀਕ੍ਰਿਤ ਬੈਂਕਾਂ ਦੇ ਕਰਜ਼ਦਾਰ ਸੀਮਾਂਤ ਅਤੇ ਛੋਟੇ ਕਿਸਾਨ ਜਿਨ੍ਹਾਂ ਦੀ ਮਾਲਕੀ 5 ਏਕੜ ਤੋਂ ਘੱਟ ਹੈ, ਨੂੰ ਦੋ ਲੱਖ ਰੁਪਏ ਤੱਕ ਦੀ ਕਰਜ਼ਾ ਰਾਹਤ ਇਸ ਸਬੰਧੀ ਬਣਾਈ ਸਕੀਮ ਦੀਆਂ ਸ਼ਰਤਾਂ ਅਨੁਸਾਰ ਦਿੱਤੀ ਗਈ ਹੈ। ਆੜ੍ਹਤੀਆਂ ਤੋਂ ਲਏ ਗਏ ਕਰਜ਼ੇ ਨੂੰ ਮੁਆਫ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

------

** ਸੀ.ਯੂ. ਪ੍ਰਸ਼ਨ ਨੰ: 1873 ਦਾ ਉੱਤਰ ਅਨੈਕਸਚਰ ਦੀ ਫਾਈਨਲ ਛਪਾਈ ਤੱਕ ਪ੍ਰਾਪਤ ਨਹੀਂ ਹੋਇਆ।

*** ਸੀ.ਯੂ. ਪ੍ਰਸ਼ਨ ਨੰ: 1874 ਦਾ ਉੱਤਰ ਅਨੈਕਸਚਰ ਦੀ ਫਾਈਨਲ ਛਪਾਈ ਤੱਕ ਪ੍ਰਾਪਤ ਨਹੀਂ ਹੋਇਆ।

## ਰਜਿਸਟਰੀਆਂ ਕਰਨ ਸਮੇਂ ਪੰਜਾਬ ਲੈਂਡ ਰਿਕਾਰਡ ਸੁਸਾਇਟੀ ਦੇ ਬਹਾਨੇ ਜਨਤਾ ਤੋਂ ਪੈਸੇ ਲੈਣਾ

***1878. (ਸੀ.ਯੂ) ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿੱਚ ਜ਼ਮੀਨ ਜਾਂ ਪਲਾਟ ਦੀਆਂ ਰਜਿਸਟਰੀਆਂ ਕਰਨ ਸਮੇਂ ਪੰਜਾਬ ਲੈਂਡ ਰਿਕਾਰਡ ਸੁਸਾਇਟੀ ਦੇ ਬਹਾਨੇ ਪੰਜਾਬ ਦੀ ਜਨਤਾ ਨੂੰ ਲੱਖਾਂ ਰੁਪਏ ਦਾ ਚੂਨਾ ਲਗਾਇਆ ਜਾ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਇਸ ਨੂੰ ਰੋਕਣ ਲਈ ਸਰਕਾਰ ਕੀ ਕਦਮ ਚੁੱਕ ਰਹੀ ਹੈ ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਨਹੀਂ ਜੀ। ਰਾਜ ਵਿੱਚ ਜ਼ਮੀਨ ਜਾਂ ਪਲਾਟ ਦੀਆਂ ਰਜਿਸਟਰੀਆਂ ਕਰਨ ਸਮੇਂ ਪੰਜਾਬ ਲੈਂਡ ਰਿਕਾਰਡ ਸੁਸਾਇਟੀ ਵੱਲੋਂ ਕੇਵਲ ਨਿਰਧਾਰਿਤ ਕੀਤੀ ਫੀਸ ਹੀ ਆਮ ਜਨਤਾ ਨੂੰ ਸਹੂਲਤ ਦੇਣ ਲਈ ਚਾਰਜ ਕੀਤੀ ਜਾਂਦੀ ਹੈ। ਸੁਸਾਇਟੀ ਦੇ ਗਠਨ ਨਾਲ ਰਾਜ ਦਾ ਮਾਲ ਰਿਕਾਰਡ ਆਨ-ਲਾਈਨ ਹੋ ਗਿਆ ਹੈ ਅਤੇ ਆਮ ਜਨਤਾ ਨੂੰ ਘਰ ਬੈਠੇ ਹੀ ਆਪਣੀ ਜ਼ਮੀਨ ਦਾ ਰਿਕਾਰਡ ਦੇਖਣ ਦੀ ਸਹੂਲਤ ਪ੍ਰਾਪਤ ਹੋ ਗਈ ਹੈ। ਜ਼ਮੀਨ ਦਾ ਰਿਕਾਰਡ ਕਲਾਊਡ ਸਿਸਟਮ ਤੇ ਪਾ ਦਿੱਤਾ ਗਿਆ ਹੈ, ਜਿਸ ਨਾਲ ਦੁਨੀਆਂ ਭਰ ਵਿੱਚ ਕਿਤੇ ਵੀ ਪੰਜਾਬ ਦਾ ਜ਼ਮੀਨੀ ਰਿਕਾਰਡ ਵੇਖਿਆ ਜਾ ਸਕਦਾ ਹੈ। ਅਜਿਹਾ ਹੋਣ ਨਾਲ ਪੰਜਾਬ ਲੈਂਡ ਰਿਕਾਰਡ ਸੁਸਾਇਟੀ ਵੱਲੋਂ ਪੰਜਾਬ ਦੀ ਜਨਤਾ ਨੂੰ ਚੂਨਾ ਨਹੀਂ ਲਗਾਇਆ ਜਾ ਰਿਹਾ ਹੈ ਬਲਕਿ ਜਨਤਾ ਨੂੰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

------

## ਕਮਾਂਡੋ ਪਾਸ ਜਵਾਨਾਂ ਨੂੰ ਜ਼ਿਲ੍ਹਾ ਪੁਲਿਸ ਵਿੱਚ ਤਬਦੀਲ ਕਰਨਾ

***1879. (ਸੀ.ਯੂ) ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਦੀ 2006-07 ਵਿੱਚ ਭਰਤੀ ਕੀਤੇ ਗਏ ਕਮਾਂਡੋ ਪਾਸ ਜਵਾਨਾਂ ਨੂੰ ਜ਼ਿਲ੍ਹਾ ਪੁਲਿਸ ਵਿੱਚ ਤਬਦੀਲ ਕਰਨ ਦੀ ਕੋਈ ਨੀਤੀ ਹੈ; ਜੇਕਰ ਨਹੀਂ ਤਾਂ ਕੀ ਸਰਕਾਰ ਅਜਿਹੀ ਕੋਈ ਨੀਤੀ ਬਣਾਉਣ ਦਾ ਵਿਚਾਰ ਰੱਖਦੀ ਹੈ?

**ਕੈਪਟਨ ਅਮਰਿੰਦਰ ਸਿੰਘ :** ਨਹੀਂ ਜੀ। ਅਜਿਹੀ ਕੋਈ ਤਜਵੀਜ਼ ਨਹੀਂ ਹੈ।

------

## ਕੈਂਸਰ ਦੇ ਮਰੀਜ਼ਾਂ ਸਬੰਧੀ

***1880. (ਸੀ.ਯੂ) ਸ਼੍ਰੀਮਤੀ ਰੁਪਿੰਦਰ ਕੌਰ ਰੂਬੀ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ 17 ਮਾਰਚ, 2017 ਤੋਂ ਲੈ ਕੇ 31 ਦਸੰਬਰ, 2018 ਤੱਕ ਕੈਂਸਰ ਦੇ ਕਿੰਨੇ ਨਵੇਂ ਮਰੀਜ਼ ਸਾਹਮਣੇ ਆਏ ਅਤੇ ਉਹਨਾਂ ਵਿੱਚੋਂ ਕਿੰਨੇ ਨਵੇਂ ਕੈਂਸਰ ਪੀੜਤਾਂ ਨੂੰ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਅਧੀਨ ਕੈਂਸਰ ਦੇ ਇਲਾਜ ਲਈ ਸੁਵਿਧਾ ਦਿੱਤੀ ਗਈ ;

ਅ) ਉਪਰੋਕਤ ਮੁੱਖ ਮੰਤਰੀ ਕੈਂਸਰ ਰਾਹਤ ਸਕੀਮ ਅਧੀਨ ਕਿਸ ਕਿਸ ਹਸਪਤਾਲ ਨੂੰ ਕਿੰਨੀ ਕਿੰਨੀ ਰਾਸ਼ੀ ਜਾਰੀ ਕੀਤੀ ਗਈ ;

ੲ) ਉਪਰੋਕਤ ਦੱਸੇ ਸਮੇਂ ਦੇ ਦੌਰਾਨ ਕਿਸ ਕਿਸ ਹਸਪਤਾਲ ਨੇ ਕੈਂਸਰ ਮਰੀਜ਼ਾਂ ਦੀ ਦਵਾਈ ਉੱਪਰ ਕਿੰਨਾ ਕਿੰਨਾ ਖਰਚ ਕੀਤਾ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਤੀ ਜੀ, (ੳ) ਕਈ ਮਰੀਜ਼ ਪ੍ਰਾਈਵੇਟ ਲੈਬਾਰਟਰੀਆਂ ਵਿੱਚ ਜਾ ਕੇ ਤੇ ਕਈ ਰਾਜ ਤੋਂ ਬਾਹਰ ਜਾ ਕੇ ਵੀ ਟੈਸਟ ਕਰਵਾਉਂਦੇ ਹਨ। ਕੁਝ ਮਰੀਜ਼ ਰਾਜ ਤੋਂ ਬਾਹਰ ਜਾ ਕੇ ਤੇ ਕੁਝ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਇਲਾਜ ਕਰਵਾਉਂਦੇ ਹਨ।

ਵਿਭਾਗ ਪਾਸ ਉਪਲਬਧ ਸੂਚਨਾ ਅਨੁਸਾਰ ਮੁੱਖ ਮੰਤਰੀ, ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਅਧੀਨ 15278 ਕੈਂਸਰ ਦੇ ਨਵੇਂ ਮਰੀਜ਼ ਸਾਹਮਣੇ ਆਏ ਅਤੇ 15278 ਕੈਂਸਰ ਪੀੜਤਾਂ ਨੂੰ ਹੀ ਸਕੀਮ ਅਧੀਨ ਗਾਈਡਲਾਈਨਜ਼ ਅਨੁਸਾਰ ਕੈਂਸਰ ਦੇ ਇਲਾਜ ਲਈ ਸੁਵਿਧਾ ਦੇ ਦਿੱਤੀ ਗਈ।

ਅ) ਉਪਰੋਕਤ ਮੁੱਖ ਮੰਤਰੀ ਕੈਂਸਰ ਰਾਹਤ ਸਕੀਮ ਅਧੀਨ ਵੱਖ ਵੱਖ ਹਸਪਤਾਲ ਨੂੰ ਜਾਰੀ ਕੀਤੀ ਰਾਸ਼ੀ ਦਾ ਵੇਰਵਾ ਅਨੁਲੱਗ-ੳ ਤੇ ਰੱਖਿਆ ਜਾਂਦਾ ਹੈ।

ੲ) ਉਪਰੋਕਤ ਦੱਸੇ ਸਮੇਂ ਦੇ ਦੌਰਾਨ ਕਿਸ ਕਿਸ ਹਸਪਤਾਲ ਨੇ ਕੈਂਸਰ ਮਰੀਜ਼ਾਂ ਦੀ ਦਵਾਈ ਉੱਪਰ ਕੀਤੇ ਖਰਚ ਦਾ ਵੇਰਵਾ ਅਨੁਲੱਗ-ਅ ਤੇ ਰੱਖਿਆ ਜਾਂਦਾ ਹੈ।

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ]

## ਅਨੁਲੱਗ-ਓ

ਮੁੱਖ ਮੰਤਰੀ, ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਅਧੀਨ ਮਿਤੀ 17 ਮਾਰਚ, 2017 ਤੋਂ 31 ਦਸੰਬਰ, 2018 ਤੱਕ ਵੱਖ ਵੱਖ ਹਸਪਤਾਲਾਂ ਨੂੰ ਜਾਰੀ ਕੀਤੀ ਰਾਸ਼ੀ ਦਾ ਵੇਰਵਾ:-

| ਲੜੀ ਨੰ: | ਹਸਪਤਾਲ ਦਾ ਨਾਮ | ਰਾਸ਼ੀ |
|---|---|---|
| 1 | ਮੋਹਨ ਦਈ ਓਸਵਾਲ ਹਸਪਤਾਲ, ਲੁਧਿਆਣਾ | 3,64,69,417 |
| 2 | ਸ੍ਰੀ ਗੁਰੂ ਰਾਮਦਾਸ ਰੋਟਰੀ ਕੈਂਸਰ ਹਸਪਤਾਲ, ਸ੍ਰੀ ਅੰਮ੍ਰਿਤਸਰ | 6,99,78,032 |
| 3 | ਕੈਪੀਟੋਲ ਹਸਪਤਾਲ, ਜਲੰਧਰ | 2,41,73,864 |
| 4 | ਮੈਕਸ ਹਸਪਤਾਲ, ਸਾਹਿਬਜ਼ਾਦਾ ਅਜੀਤ ਸਿੰਘ ਨਗਰ | 36,09,250 |
| 5 | ਆਈ.ਵੀ.ਵਾਈ ਹਸਪਤਾਲ, ਸਾਹਿਬਜ਼ਾਦਾ ਅਜੀਤ ਸਿੰਘ ਨਗਰ | 2,68,645 |
| 6 | ਕ੍ਰਿਸਚੀਅਨ ਹਸਪਤਾਲ, ਲੁਧਿਆਣਾ | 2,09,17,570 |
| 7 | ਪਟੇਲ ਹਸਪਤਾਲ, ਜਲੰਧਰ | 4,90,53,188 |
| 8 | ਮੈਕਸ ਹਸਪਤਾਲ, ਬਠਿੰਡਾ | 3,56,30,321 |
| 9 | ਦਯਾਨੰਦ ਹਸਪਤਾਲ, ਲੁਧਿਆਣਾ | 5,09,81,124 |
| 10 | ਪੀ.ਜੀ.ਆਈ. ਚੰਡੀਗੜ੍ਹ | 18,85,03,660 |
| 11 | ਅਚਾਰਿਆ ਤੁਲਸੀ ਰਿਜ਼ਨਲ ਕੈਂਸਰ ਹਸਪਤਾਲ, ਬੀਕਾਨੇਰ | ਨਿਲ |
| 12 | ਏਮਜ਼, ਨਵੀਂ ਦਿੱਲੀ | ਨਿਲ |
| 13 | ਜੀ.ਐਮ.ਸੀ.ਐਚ. 32, ਚੰਡੀਗੜ੍ਹ | 75,81,514 |
| 14 | ਸਰਕਾਰੀ ਮੈਡੀਕਲ ਕਾਲਜ ਤੇ ਹਸਪਤਾਲ, ਅੰਮ੍ਰਿਤਸਰ | 60,00,000 |
| 15 | ਸਰਕਾਰੀ ਮੈਡੀਕਲ ਕਾਲਜ ਤੇ ਹਸਪਤਾਲ, ਪਟਿਆਲਾ | 95,00,000 |
| 16 | ਹੋਮੀਭਾਬਾ ਕੈਂਸਰ ਹਸਪਤਾਲ, ਸੰਗਰੂਰ | 11,73,74,411 |
| 17 | ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ(ਸਮੇਤ ਐਡਵਾਂਸਡ ਕੈਂਸਰ ਸੈਂਟਰ ਬਠਿੰਡਾ) | 10,50,00,000 |

**ਅਨੁਲੱਗ–ਅ**

ਮੁੱਖ ਮੰਤਰੀ, ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਅਧੀਨ ਮਿਤੀ 17 ਮਾਰਚ 2017 ਤੋ 31 ਦਸੰਬਰ, 2018 ਤੱਕ ਵੱਖ ਵੱਖ ਹਸਪਤਾਲਾਂ ਵੱਲੋਂ ਦਵਾਈ ਉੱਪਰ ਖਰਚ ਰਾਸ਼ੀ ਦਾ ਵੇਰਵਾ

| ਲੜੀ ਨੰ: | ਹਸਪਤਾਲ ਦਾ ਨਾਮ | ਰਾਸ਼ੀ |
|---|---|---|
| 1 | ਮੋਹਨ ਦਈ ਓਸਵਾਲ ਹਸਪਤਾਲ, ਲੁਧਿਆਣਾ | 1,48,24,097 |
| 2 | ਸ੍ਰੀ ਗੁਰੂ ਰਾਮਦਾਸ ਰੋਟਰੀ ਕੈਂਸਰ ਹਸਪਤਾਲ, ਸ੍ਰੀ ਅੰਮ੍ਰਿਤਸਰ | 11,40,35,664 |
| 3 | ਕੈਪੀਟੋਲ ਹਸਪਤਾਲ, ਜਲੰਧਰ | 36,28,683 |
| 4 | ਮੈਕਸ ਹਸਪਤਾਲ, ਸਾਹਿਬਜ਼ਾਦਾ ਅਜੀਤ ਸਿੰਘ ਨਗਰ | 2,25,000 |
| 5 | ਆਈ.ਵੀ.ਵਾਈ. ਹਸਪਤਾਲ, ਸਾਹਿਬਜ਼ਾਦਾ ਅਜੀਤ ਸਿੰਘ ਨਗਰ | 2,68,645 |
| 6 | ਕ੍ਰਿਸਚੀਅਨ ਹਸਪਤਾਲ, ਲੁਧਿਆਣਾ | 5,33,350 |
| 7 | ਪਟੇਲ ਹਸਪਤਾਲ, ਜਲੰਧਰ | 1,89,75,704 |
| 8 | ਮੈਕਸ ਹਸਪਤਾਲ, ਬਠਿੰਡਾ | 2,91,16,508 |
| 9 | ਦਯਾਨੰਦ ਹਸਪਤਾਲ, ਲੁਧਿਆਣਾ | 4,32,00,000 |
| 10 | ਪੀ.ਜੀ.ਆਈ. ਚੰਡੀਗੜ੍ਹ | 18,85,03,660 |
| 11 | ਅਚਾਰਿਆ ਤੁਲਸੀ ਰਿਜ਼ਨਲ ਕੈਂਸਰ ਹਸਪਤਾਲ, ਬੀਕਾਨੇਰ | ਨਿਲ |
| 12 | ਏਮਜ, ਨਵੀਂ ਦਿੱਲੀ | ਨਿਲ |
| 13 | ਜੀ.ਐਮ.ਸੀ.ਐਚ. 32, ਚੰਡੀਗੜ੍ਹ | 75,81,514 |
| 14 | ਸਰਕਾਰੀ ਮੈਡੀਕਲ ਕਾਲਜ ਤੇ ਹਸਪਤਾਲ, ਅੰਮ੍ਰਿਤਸਰ | 1,30,39,642 |
| 15 | ਸਰਕਾਰੀ ਮੈਡੀਕਲ ਕਾਲਜ ਤੇ ਹਸਪਤਾਲ, ਪਟਿਆਲਾ | 1,20,34,255 |
| 16 | ਹੋਮੀਭਾਬਾ ਕੈਂਸਰ ਹਸਪਤਾਲ, ਸੰਗਰੂਰ | 6,86,00,000 |
| 17 | ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ (ਸਮੇਤ ਐਡਵਾਂਸਡ ਕੈਂਸਰ ਸੈਂਟਰ ਬਠਿੰਡਾ) | 4,77,33,354 |

------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1881 (ਸੀ.ਯੂ)**

------

** For Starred Question No. 1881 (C.U.) and reply thereto, please see Appendix to Annexure to this Debates.

## ਸੈਂਟਰਲ ਕੋਆਪ੍ਰੇਟਿਵ ਬੈਂਕ, ਨਵਾਂ ਸ਼ਹਿਰ ਵਿੱਚ ਹੋਏ ਘਪਲੇ ਸਬੰਧੀ

***1882. (ਸੀ.ਯੂ) ਡਾਕਟਰ ਸੁਖਵਿੰਦਰ ਕੁਮਾਰ :** ਕੀ ਸਹਿਕਾਰਤਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੈਂਟਰਲ ਕੋਆਪ੍ਰੇਟਿਵ ਬੈਂਕ, ਨਵਾਂ ਸ਼ਹਿਰ ਵਿੱਚ ਦੋ ਸਾਲ ਪਹਿਲਾਂ ਇਕ ਵੱਡਾ ਘਪਲਾ ਹੋਇਆ ਸੀ ਅਤੇ ਇਸ ਘਪਲੇ ਵਿੱਚ ਦੋਸ਼ੀ ਪਾਏ ਗਏ ਮੁਲਾਜ਼ਮਾਂ ਨੇ ਕੀਤੇ ਘਪਲੇ ਦੀ ਰਕਮ ਵਾਪਿਸ ਬੈਂਕ ਕੋਲ ਜਮ੍ਹਾਂ ਕਰਵਾ ਦਿੱਤੀ ਸੀ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਨੇ ਇਹਨਾਂ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਕੀਤੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ:** 1. ਜੀ ਹਾਂ। ਕੇਂਦਰੀ ਸਹਿਕਾਰੀ ਬੈਂਕ ਨਵਾਂ ਸ਼ਹਿਰ ਵਿਖੇ ਸਾਲ 2017 ਦੌਰਾਨ 69,38,554.13 ਰੁਪਏ ਦਾ ਗਬਨ ਸਾਹਮਣੇ ਆਇਆ ਸੀ। ਗਬਨ ਕੀਤੀ ਗਈ ਰਕਮ 69,38,554.13 ਸਮੇਤ ਵਿਆਜ 8,74,461.00 ਰੁਪਏ (ਕੁੱਲ 78,13,015.13) ਦੀ ਰਿਕਵਰੀ ਬੈਂਕ ਵੱਲੋਂ ਕਰ ਲਈ ਗਈ ਹੈ।

2. ਗਬਨ ਵਿਚ ਸ਼੍ਰੀ ਜਸਵੀਰ ਸਿੰਘ, ਸਹਾਇਕ ਮੈਨੇਜਰ, ਰਵਿੰਦਰ ਕੌਰ,ਕਲਰਕ-ਕਮ-ਡਾਟਾ ਐਂਟਰੀ ਓਪਰੇਟਰ ਅਤੇ ਸ਼੍ਰੀ ਬਲਦੇਵ ਸਿੰਘ, ਸਹਾਇਕ ਮੈਨੇਜਰ ਸ਼ਾਮਲ ਸਨ।

3. ਸ਼੍ਰੀ ਜਸਵੀਰ ਸਿੰਘ, ਸਹਾਇਕ ਮੈਨੇਜਰ ਨੂੰ ਮੁੱਖ ਦੋਸ਼ੀ ਹੋਣ ਕਾਰਨ ਬੈਂਕ ਦੀ ਕਾਰਜਕਾਰੀ ਕਮੇਟੀ ਵੱਲੋਂ ਨੌਕਰੀ ਤੋਂ ਬਰਖਾਸਤ ਕਰਨ ਦੀ ਸਜ਼ਾ ਤਜਵੀਜ਼ ਕੀਤੀ ਗਈ ਹੈ ਜੋ ਕਿ ਪੁਸ਼ਟੀ ਲਈ ਬੈਂਕ ਦੇ ਬੋਰਡ ਆਫ ਡਾਇਰੈਕਟਰਜ਼ ਦੇ ਵਿਚਾਰ ਅਧੀਨ ਹੈ।

4. ਪੜਤਾਲ ਰਿਪੋਰਟ ਮੁਤਾਬਿਕ ਬਾਕੀ ਦੇ ਦੋ ਕਰਮਚਾਰੀਆਂ ਦੀ ਸ਼ਮੂਲੀਅਤ ਘੱਟ ਹੋਣ ਕਾਰਨ ਸ਼੍ਰੀਮਤੀ ਰਵਿੰਦਰ ਕੌਰ, ਕਲਰਕ-ਕਮ-ਡਾਟਾ ਐਂਟਰੀ ਓਪਰੇਟਰ ਅਤੇ ਸ਼੍ਰੀ ਬਲਦੇਵ ਸਿੰਘ, ਸਹਾਇਕ ਮੈਨੇਜਰ ਦੀ ਕ੍ਰਮਵਾਰ ਇਕ ਅਤੇ ਦੋ ਸਲਾਨਾ ਤਰੱਕੀਆਂ ਭਵਿੱਖੀ ਅਸਰ ਨਾਲ ਬੰਦ ਕਰਨ ਦੀ ਸਜ਼ਾ ਬੋਰਡ ਆਫ ਡਾਇਰੈਕਟਰਜ਼ ਵੱਲੋਂ ਦਿਤੀ ਗਈ ਹੈ।

------

## ਬੰਗਾ ਤੋਂ ਪਿੰਡ ਸਾਹਲੋਂ ਸੜਕ ਦੀ ਰਿਪੇਅਰ ਕਰਨਾ

***1885. (ਸੀ.ਯੂ) ਡਾਕਟਰ ਸੁਖਵਿੰਦਰ ਕੁਮਾਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੰਗਾ ਤੋਂ ਪਿੰਡ ਸਾਹਲੋਂ

ਸੜਕ ਦੀ ਰਿਪੇਅਰ ਦਾ ਕੰਮ ਅਜੇ 40 ਫੀਸਦੀ ਹੀ ਪੂਰਾ ਹੋ ਪਾਇਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਸੜਕ ਦੇ ਕੰਮ ਨੂੰ ਪੈਂਡਿੰਗ ਰੱਖਣ ਦੇ ਕੀ ਕਾਰਨ ਹਨ ਅਤੇ ਇਸ ਸੜਕ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ, ਬੰਗਾ ਔੜ ਵਾਇਆ ਸਾਹਲੋਂ ਰੋਡ ਦੀ ਸਪੈਸ਼ਲ ਰਿਪੇਅਰ ਦਾ ਕੰਮ 291.87 ਲੱਖ ਦੀ ਲਾਗਤ ਨਾਲ ਏਜੰਸੀ ਨੂੰ ਮਿਤੀ 30.12.2016 ਨੂੰ ਅਲਾਟ ਕੀਤਾ ਗਿਆ ਸੀ। ਇਸ ਕੰਮ ਤੇ ਹੁਣ ਤੱਕ 46.81 ਲੱਖ ਰੁਪਏ ਖਰਚ ਹੋ ਚੁੱਕੇ ਹਨ। ਇਸ ਕੰਮ ਵਾਸਤੇ ਬਾਕੀ ਰਹਿੰਦੇ ਫੰਡਜ਼ 245.06 ਲੱਖ ਰੁਪਏ ਪ੍ਰਾਪਤ ਹੋਣ ਉਪਰੰਤ ਇਹ ਕੰਮ ਜਲਦ ਹੀ ਮੁਕੰਮਲ ਕਰਵਾ ਦਿੱਤਾ ਜਾਵੇਗਾ।

------

## ਬਹਿਰਾਮ ਤੋਂ ਮਾਹਿਲਪੁਰ (ਹੁਸ਼ਿਆਰਪੁਰ) ਸੜਕ ਨੂੰ ਚੌੜਾ ਕਰਨਾ

***1886. (ਸੀ.ਯੂ) ਡਾਕਟਰ ਸੁਖਵਿੰਦਰ ਕੁਮਾਰ :** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਜਲੰਧਰ ਵਿੱਚ ਬਹਿਰਾਮ ਤੋਂ ਮਾਹਿਲਪੁਰ (ਹੁਸ਼ਿਆਰਪੁਰ) ਸੜਕ ਦੀ ਬਹੁਤ ਖਸਤਾ ਹਾਲਤ ਹੋਣ ਕਰਕੇ ਇਸ ਨੂੰ ਚੌੜਾ ਕਰਨ ਅਤੇ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਹਾਲ ਦੀ ਘੜੀ ਇਸ ਸੜਕ ਨੂੰ ਚੌੜਾ/ਰਿਪੇਅਰ ਕਰਨ ਦੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

------

## ਹਲਕਾ ਬੰਗਾ ਵਿੱਚ ਸਿੰਗਲ ਟੀਚਰ ਵਾਲੇ ਸਰਕਾਰੀ ਸਕੂਲਾਂ ਦੀ ਗਿਣਤੀ

***1887. (ਸੀ.ਯੂ) ਡਾਕਟਰ ਸੁਖਵਿੰਦਰ ਕੁਮਾਰ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਬੰਗਾ ਵਿੱਚ ਸਿੰਗਲ ਟੀਚਰ ਵਾਲੇ ਕਿੰਨੇ ਸਰਕਾਰੀ ਸਕੂਲ ਹਨ ਅਤੇ ਇਨ੍ਹਾਂ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਦੇ ਅਨੁਸਾਰ ਹੋਰ ਲੋੜੀਂਦੇ ਟੀਚਰ ਕਦੋਂ ਤੱਕ ਮੁਹੱਈਆ ਕਰਵਾ ਦਿੱਤੇ ਜਾਣਗੇ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਵਿਧਾਨ ਸਭਾ ਹਲਕਾ ਬੰਗਾ ਵਿੱਚ ਕੋਈ ਵੀ ਸਰਕਾਰੀ ਸਕੂਲ ਸਿੰਗਲ ਟੀਚਰ ਸਕੂਲ ਨਹੀਂ ਹੈ। ਮੁਫਤ ਤੇ ਲਾਜ਼ਮੀ ਸਿੱਖਿਆ ਅਧਿਕਾਰ ਐਕਟ, 2009 ਦੇ ਨਾਰਮ ਸਨਮੁੱਖ ਟੀਚਰਾਂ ਦੀ ਗਿਣਤੀ ਪੂਰੀ ਹੈ।

------

## ਸਿਵਲ ਹਸਪਤਾਲ ਬੰਗਾ ਵਿਚ ਡਾਇਲਸਿਜ਼ ਦੀ ਸੇਵਾ ਪੱਕੇ ਤੌਰ ਤੇ ਉਪਲੱਬਧ ਕਰਵਾਉਣਾ

***1888. (ਸੀ.ਯੂ) ਡਾਕਟਰ ਸੁਖਵਿੰਦਰ ਕੁਮਾਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਸਿਵਲ ਹਸਪਤਾਲ, ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿੱਚ ਡਾਇਲਸਿਜ਼ ਦੀ ਸੇਵਾ ਉਪਲਬਧ ਹੈ ਤੇ ਇਸ ਦਾ ਸਾਰਾ ਇਨਫਰਾਸਟਰੱਕਚਰ ਵਰਕਿੰਗ ਕੰਡੀਸ਼ਨ ਵਿੱਚ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਿਵਲ ਹਸਪਤਾਲ, ਬੰਗਾ ਵਿੱਚ ਮਾਰਚ, 2017 ਤੋਂ ਮਿਤੀਬੱਧ ਤੱਕ ਡਾਇਲਸਿਜ਼ ਦੇ ਕਿੰਨੇ ਕੇਸ ਕੀਤੇ ਗਏ ਹਨ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਹ ਸੁਵਿਧਾ ਪੱਕੇ ਤੌਰ ਤੇ ਇੱਥੇ ਕਦੋਂ ਤੱਕ ਮੁਹੱਈਆ ਕਰਵਾ ਦਿੱਤੀ ਜਾਵੇਗੀ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, ੳ) ਜੀ ਹਾਂ, ਸਿਵਲ ਹਸਪਤਾਲ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਡਾਇਲਸਿਜ਼ ਦੀ ਸੇਵਾ ਉਪਲੱਬਧ ਹੈ ਅਤੇ ਇਸ ਦਾ ਸਾਰਾ ਬੁਨਿਆਦੀ ਢਾਂਚਾ ਕੰਮ ਕਰਨ ਵਾਲੀ ਹਾਲਤ ਵਿੱਚ ਹੈ।

ਅ) ਸਿਵਲ ਹਸਪਤਾਲ, ਬੰਗਾ ਵਿੱਚ ਮਾਰਚ, 2017 ਤੋਂ ਜਨਵਰੀ, 2019 ਤੱਕ 72 ਡਾਇਲਸਿਜ਼ ਹੋਏ ਹਨ।

------

## ਸ਼ਗਨ ਸਕੀਮ ਦੀ ਅਦਾਇਗੀ ਸਬੰਧੀ

*** 1889. (ਸੀ.ਯੂ) ਡਾਕਟਰ ਸੁਖਵਿੰਦਰ ਕੁਮਾਰ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਵਿਧਾਨ ਸਭਾ ਹਲਕਾ ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿੱਚ ਗਰੀਬ ਲੜਕੀਆਂ ਦੇ ਵਿਆਹਾਂ ਤੇ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਂਦੀ ਸ਼ਗਨ ਸਕੀਮ (ਅਸ਼ੀਰਵਾਦ ਸਕੀਮ) ਅਧੀਨ ਲਾਭ ਪ੍ਰਾਪਤ ਕਰਨ ਲਈ ਮਾਰਚ, 2017 ਤੋਂ ਮਿਤੀ 31 ਦਸੰਬਰ, 2018 ਤੱਕ ਕਿੰਨੇ ਵਿਅਕਤੀਆਂ ਨੇ ਅਪਲਾਈ ਕੀਤਾ ਸੀ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਕਿੰਨੇ ਲਾਭਪਾਤਰੀਆਂ ਨੂੰ ਇਸ ਸਕੀਮ ਅਧੀਨ ਪੈਸੇ ਦਿੱਤੇ ਗਏ ਹਨ ਅਤੇ ਕਿੰਨੇ ਯੋਗ ਲਾਭਪਾਤਰੀਆਂ ਨੂੰ

ਅਜੇ ਪੈਸੇ ਦੇਣੇ ਬਾਕੀ ਹਨ ਅਤੇ ਬਾਕੀ ਰਹਿੰਦੇ ਲਾਭਪਾਤਰੀਆਂ ਨੂੰ ਕਦੋਂ ਤੱਕ ਸ਼ਗਨ ਸਕੀਮ ਦੇ ਪੈਸਿਆਂ ਦੀ ਅਦਾਇਗੀ ਕਰ ਦਿੱਤੀ ਜਾਵੇਗੀ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਸਾਧੂ ਸਿੰਘ :** ੳ) ਵਿਧਾਨ ਸਭਾ ਹਲਕਾ ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿੱਚ ਗਰੀਬ ਲੜਕੀਆਂ ਦੇ ਵਿਆਹਾਂ ਤੇ ਪੰਜਾਬ ਸਰਕਾਰ ਵੱਲੋਂ ਦਿੱਤੀ ਜਾਂਦੀ ਸ਼ਗਨ ਸਕੀਮ (ਆਸ਼ੀਰਵਾਦ ਸਕੀਮ) ਅਧੀਨ ਲਾਭ ਪ੍ਰਾਪਤ ਕਰਨ ਲਈ ਮਾਰਚ, 2017 ਤੋਂ ਮਿਤੀ 31 ਦਸੰਬਰ, 2018 ਤੱਕ 724 ਵਿਅਕਤੀਆਂ ਨੇ ਅਪਲਾਈ ਕੀਤਾ ਸੀ।

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ 724 ਯੋਗ ਲਾਭਪਾਤਰੀਆਂ ਲਈ 21,000/-ਰੁਪਏ ਪ੍ਰਤੀ ਲਾਭਪਾਤਰੀ ਦੇ ਹਿਸਾਬ ਨਾਲ 152.04 ਲੱਖ ਰੁਪਏ ਦੀ ਰਾਸ਼ੀ ਰਿਲੀਜ਼ ਕੀਤੀ ਜਾ ਚੁੱਕੀ ਹੈ ਅਤੇ ਮਿਤੀ 31 ਦਸੰਬਰ, 2018 ਤੱਕ ਦਾ ਕੋਈ ਕੇਸ ਅਦਾਇਗੀ ਲਈ ਪੈਂਡਿੰਗ ਨਹੀਂ ਹੈ।

----

**ਰਾਜ ਵਿੱਚ ਬਿਜਲੀ ਦੀਆਂ ਦਰਾਂ ਵਿੱਚ ਕੀਤੇ ਵਾਧੇ ਸਬੰਧੀ**

***1890. (ਸੀ.ਯੂ) 1. ਡਾਕਟਰ ਸੁਖਵਿੰਦਰ ਕੁਮਾਰ**

**2. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਸਰਕਾਰ ਵੱਲੋਂ ਮਾਰਚ, 2017 ਤੋਂ ਮਿਤੀ ਅੰਤ ਤੱਕ ਬਿਜਲੀ ਦੀਆਂ ਦਰਾਂ ਵਿੱਚ ਕਿੰਨੀ ਵਾਰ ਵਾਧਾ ਕੀਤਾ ਗਿਆ ਹੈ ਅਤੇ ਵਧਾਏ ਗਏ ਰੇਟਾਂ ਤੋਂ ਪੀ.ਐਸ.ਪੀ.ਸੀ.ਐਲ. ਰਾਹੀਂ ਸਰਕਾਰ ਨੂੰ ਕੁੱਲ ਕਿੰਨੀ ਰਕਮ ਪ੍ਰਾਪਤ ਹੋਈ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** ਮਾਰਚ, 2017 ਤੋਂ ਹੁਣ ਤੱਕ ਪੀ.ਐਸ.ਈ.ਆਰ.ਸੀ. ਨੇ ਦੋ ਵਾਰ ਬਿਜਲੀ ਦੀਆਂ ਦਰਾਂ ਵਿੱਚ ਵਾਧਾ ਕੀਤਾ ਹੈ। ਸਾਲ 2017-18 ਦੌਰਾਨ ਪਿਛਲੇ ਸਾਲ ਤੋਂ 9.33% ਬਿਜਲੀ ਦੀਆਂ ਦਰਾਂ ਵਿੱਚ ਵਾਧਾ ਹੋਇਆ ਸੀ ਅਤੇ ਇਸ ਤੋਂ ਪੀ.ਐਸ.ਪੀ.ਸੀ.ਐਲ. ਨੇ ਤਕਰੀਬਨ 2522 ਕਰੋੜ ਰੁਪਏ ਦਾ ਰੈਵੇਨਿਊ ਪ੍ਰਾਪਤ ਕੀਤਾ ਸੀ। ਸਾਲ 2018-19 ਦੌਰਾਨ ਪਿਛਲੇ ਸਾਲ ਤੋਂ 2.17% ਬਿਜਲੀ ਦੀਆਂ ਦਰਾਂ ਵਿੱਚ ਵਾਧਾ ਹੋਇਆ ਹੈ ਅਤੇ ਇਸ ਤੋਂ ਮਾਰਚ, 2019 ਤੱਕ ਪੀ.ਐਸ.ਪੀ.ਸੀ.ਐਲ. ਤਕਰੀਬਨ 688 ਕਰੋੜ ਰੁਪਏ ਦਾ ਰੈਵੇਨਿਊ ਪ੍ਰਾਪਤ ਹੋਵੇਗਾ।

ਜਿਸ ਵਿੱਚੋਂ ਐਕਸਾਈਜ਼ ਡਿਊਟੀ, ਬੁਨਿਆਦੀ ਢਾਂਚਾ ਫੰਡ, ਮਿਊਂਸਿਪਲ ਟੈਕਸ ਅਤੇ ਗਊ ਸੈੱਸ ਦੇ ਬਦਲੇ ਪੰਜਾਬ ਸਰਕਾਰ ਤਰਫੋਂ ਪੀ.ਐਸ.ਪੀ.ਸੀ.ਐਲ. ਨੇ 421 ਕਰੋੜ ਰੁਪਏ ਸਾਲ 2017-18 ਵਿੱਚ ਪ੍ਰਾਪਤ ਕੀਤੇ ਅਤੇ 115 ਕਰੋੜ ਰੁਪਏ ਸਾਲ 2018-19 ਵਿੱਚ ਪ੍ਰਾਪਤ ਕਰੇਗਾ।

-------

## ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਸਵਾਈਨ ਫਲੂ ਦੇ ਕੇਸਾਂ ਦੀ ਗਿਣਤੀ

***1891. (ਸੀ.ਯੂ.) ਡਾਕਟਰ ਸੁਖਵਿੰਦਰ ਕੁਮਾਰ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਮਾਰਚ, 2017 ਤੋਂ ਮਿਤੀ ਬੱਧ ਤੱਕ ਸਵਾਈਨ ਫਲੂ ਦੇ ਕਿੰਨੇ ਕੇਸ ਪਾਏ ਗਏ ਹਨ;

ਅ) ਕੀ ਸਰਕਾਰੀ ਹਸਪਤਾਲ ਸ਼ਹੀਦ ਭਗਤ ਸਿੰਘ ਨਗਰ ਵਿੱਚ ਸਵਾਈਨ ਫਲੂ ਦਾ ਟੈਸਟ ਕਰਨ ਦੀ ਸੁਵਿਧਾ ਉਪਲਬਧ ਹੈ? ਜੇਕਰ ਹੈ ਤਾਂ ਕਦੋਂ ਤੋਂ ਹੈ ਜੇਕਰ ਨਹੀਂ ਹੈ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਹ ਸੁਵਿਧਾ ਕਦੋਂ ਤੱਕ ਮੁਹੱਈਆ ਕਰਵਾ ਦਿੱਤੀ ਜਾਵੇਗੀ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਮਾਰਚ, 2017 ਤੋਂ ਮਿਤੀ ਬੱਧ ਤੱਕ ਸਵਾਈਨ ਫਲੂ ਦੇ 7 ਕੇਸ ਰਿਪੋਰਟ ਹੋਏ ਹਨ। ਸਵਾਈਨ ਫਲੂ ਦੇ ਕੇਸਾਂ ਦੀ ਮਹੀਨਾਵਾਰ ਗਿਣਤੀ ਦਾ ਵੇਰਵਾ ਹੇਠਾਂ ਅਨੁਸਾਰ ਹੈ:-

| ਜ਼ਿਲ੍ਹੇ ਦਾ ਨਾਮ | ਮਹੀਨਾ/ ਸਾਲ | ਸਵਾਈਨ ਫਲੂ ਦੇ ਪਾਜ਼ੇਟਿਵ ਕੇਸਾਂ ਦੀ ਗਿਣਤੀ |
|---|---|---|
| ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ | ਅਗਸਤ- 2017 | 01 |
| | ਸਤੰਬਰ- 2017 | 02 |
| | ਦਸੰਬਰ- 2018 | 01 |
| | ਫਰਵਰੀ- 2019 | 03 |
| ਮਾਰਚ, 2017 ਤੋਂ ਮਿਤੀ ਅੰਤ ਤੱਕ ਸਵਾਈਨ ਫਲੂ ਦੇ ਕੇਸਾਂ ਦੀ ਕੁੱਲ ਗਿਣਤੀ | | 07 |

- ਸਰਕਾਰੀ ਹਸਪਤਾਲ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਸਵਾਈਨ ਫਲੂ ਦੇ ਟੈਸਟਾਂ ਦੀ ਸੁਵਿਧਾ ਉਪਲਬਧ ਨਹੀਂ ਹੈ।
- ਸਵਾਈਨ ਫਲੂ ਦੇ ਨਮੂਨਿਆਂ ਦੀ ਜਾਂਚ ਸਬੰਧੀ ਲੈਬੋਰਟਰੀਆਂ ਦਾ ਚੁਣਾਵ ਭਾਰਤ ਸਰਕਾਰ ਵੱਲੋਂ ਕੀਤਾ ਜਾਂਦਾ ਹੈ।
- ਮੌਜੂਦਾ ਸਮੇਂ ਪੀ.ਜੀ.ਆਈ. ਚੰਡੀਗੜ੍ਹ (ਨੈਸ਼ਨਲ ਸੈਂਟਰ ਫਾਰ ਡਜ਼ੀਜ਼ ਕੰਟਰੋਲ, ਨਵੀਂ ਦਿੱਲੀ ਦੀ ਮਦਦ ਨਾਲ ਚਲਾਈ ਜਾ ਰਹੀ ਹੈ) ਤੋਂ ਇਲਾਵਾ ਸਵਾਈਨ ਫਲੂ ਦੇ ਨਮੂਨਿਆਂ ਦੀ ਜਾਂਚ ਦੀ ਸੁਵਿਧਾ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਅਤੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ (ਇਹ ਲੈਬੋਰਟਰੀਆਂ ਆਈ.ਸੀ.ਐਮ.ਆਰ. ਅਤੇ ਰਾਜ ਦੀ ਮਦਦ ਨਾਲ ਚਲਾਈਆਂ ਜਾ ਰਹੀਆਂ ਹਨ) ਵਿੱਚ ਉਪਲਬਧ ਹੈ।
- ਸਰਕਾਰੀ ਹਸਪਤਾਲ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਸਵਾਈਨ ਫਲੂ ਦੇ ਨਮੂਨਿਆਂ ਦੀ ਜਾਂਚ ਕਰਨ ਦਾ ਕੋਈ ਵੀ ਪ੍ਰਾਵਧਾਨ ਨਹੀਂ ਹੈ। ਸਾਰੇ ਸਰਕਾਰੀ ਹਸਪਤਾਲਾਂ ਵਿੱਚ ਸਵਾਈਨ ਫਲੂ ਦੇ ਸ਼ੱਕੀ ਮਰੀਜ਼ਾਂ ਦੇ ਨਮੂਨੇ ਲਏ ਜਾਂਦੇ ਹਨ ਤੇ ਜਾਂਚ ਲਈ ਭੇਜੇ ਜਾਂਦੇ ਹਨ।

------

## ਦਲਿਤ ਪਰਿਵਾਰਾਂ ਦੇ ਬੱਚਿਆਂ ਨੂੰ ਗਰਮ ਵਰਦੀਆਂ ਅਤੇ ਕਿਤਾਬਾਂ ਮੁਹੱਈਆ ਕਰਵਾਉਣਾ

***1892. (ਸੀ.ਯੂ) ਡਾਕਟਰ ਸੁਖਵਿੰਦਰ ਕੁਮਾਰ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਲੋੜਵੰਦ ਦਲਿਤ ਪਰਿਵਾਰਾਂ ਨਾਲ ਸਬੰਧਤ ਬੱਚਿਆਂ ਨੂੰ ਸਰਕਾਰ ਵੱਲੋਂ ਗਰਮ ਵਰਦੀਆਂ ਅਤੇ ਕਿਤਾਬਾਂ ਮੁਹੱਈਆ ਕਰਵਾ ਦਿੱਤੀਆਂ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕਿਸ ਮਿਤੀ ਨੂੰ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ ਅਤੇ ਸਰਕਾਰ ਅਜਿਹੇ ਬੱਚਿਆਂ ਨੂੰ ਵਰਦੀਆਂ ਅਤੇ ਕਿਤਾਬਾਂ ਮੁਹੱਈਆ ਕਰਵਾਉਣ ਲਈ ਕੀ ਵਿਸ਼ੇਸ਼ ਉਪਰਾਲੇ ਕਰ ਰਹੀ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ :** (ੳ) ਜੀ ਹਾਂ।

(ਅ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਲਿਤ ਪਰਿਵਾਰਾਂ ਨਾਲ ਸਬੰਧਤ ਬੱਚਿਆਂ ਨੂੰ ਕਿਤਾਬਾਂ ਅਕਾਦਮਿਕ ਸੈਸ਼ਨ 2018-19 ਦੇ ਸ਼ੁਰੂ ਵਿੱਚ ਦੇ ਦਿੱਤੀਆਂ ਗਈਆਂ ਸਨ। ਸਕੂਲ ਸਿੱਖਿਆ ਵਿਭਾਗ ਵੱਲੋਂ ਸਾਲ 2018-19 ਦੀਆਂ ਵਰਦੀਆਂ ਵਿਦਿਆਰਥੀਆਂ ਨੂੰ ਮਿਲ ਚੁੱਕੀਆਂ ਹਨ। ਸਿਰਫ ਕੁਝ ਵਰਦੀਆਂ ਦੇ ਸਾਈਜ਼ ਵਿਦਿਆਰਥੀਆਂ ਦੇ ਮਾਪ ਅਨੁਸਾਰ ਨਾ ਹੋਣ ਕਾਰਨ ਇਹ ਵਰਦੀਆਂ ਸਬੰਧਤ ਫਰਮਾਂ ਵੱਲੋਂ ਬਦਲੀਆਂ ਜਾ ਰਹੀਆਂ ਹਨ।

----

## ਰਾਜ ਵਿੱਚ ਪੈਟਰੋਲ ਅਤੇ ਡੀਜ਼ਲ ਦੇ ਪ੍ਰਤੀ ਲੀਟਰ ਰੇਟ ਵੱਧ ਹੋਣ ਸਬੰਧੀ

***1893. (ਸੀ.ਯੂ.) 1. ਸ਼੍ਰੀ ਪਵਨ ਕੁਮਾਰ ਟੀਨੂ**

**2. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਰਾਜ ਵਿੱਚ ਪੈਟਰੋਲ ਅਤੇ ਡੀਜ਼ਲ ਦੇ ਪ੍ਰਤੀ ਲੀਟਰ ਰੇਟ ਚੰਡੀਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਐਂਡ ਕਸ਼ਮੀਰ ਰਾਜਾਂ ਤੋਂ ਵੱਧ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕਿੰਨੇ ਪੈਸੇ ਪ੍ਰਤੀ ਲੀਟਰ ਰੇਟ ਵੱਧ ਹਨ ਅਤੇ ਇਸ ਦੇ ਕੀ ਕਾਰਨ ਹਨ;

ੲ) ਰਾਜ ਸਰਕਾਰ ਨੂੰ ਸਾਲ 2017-18 ਵਿੱਚ ਵਾਧੂ ਵੈਟ ਲਾਉਣ ਨਾਲ ਕਿੰਨੀ ਰਕਮ ਪ੍ਰਾਪਤ ਹੋਈ ਹੈ ਅਤੇ ਕੀ ਰਾਜ ਸਰਕਾਰ ਵੱਲੋਂ ਲਗਾਏ ਗਏ ਵੈਟ ਦੇ ਰੇਟ ਵਿੱਚ ਕਟੌਤੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਕੈਪਟਨ ਅਮਰਿੰਦਰ ਸਿੰਘ:** (ੳ) ਹਾਂ ਜੀ।

(ਅ) ਅਤੇ (ੲ) ਲੋੜੀਂਦੀ ਸੂਚਨਾ ਨਾਲ ਨੱਥੀ ਸਟੇਟਮੈਂਟ ਅਨੁਸਾਰ ਹੈ।

### ਸਟੇਟਮੈਂਟ

ਅ) ਮਿਤੀ 12.02.2019 ਨੂੰ ਪੰਜਾਬ ਅਤੇ ਗੁਆਂਢੀ ਰਾਜਾਂ ਵਿੱਚ ਪੈਟਰੋਲ ਅਤੇ ਡੀਜ਼ਲ ਦੇ ਪ੍ਰਤੀ ਲੀਟਰ ਰੇਟ ਹੇਠ ਲਿਖੀ ਸਾਰਣੀ ਵਿੱਚ ਦਿੱਤੇ ਗਏ ਹਨ:-

| ਰਾਜ/ ਕੇਂਦਰੀ ਸ਼ਾਸਿਤ ਪ੍ਰਦੇਸ਼ | ਪੈਟਰੋਲ ਦਾ ਪ੍ਰਤੀ ਲੀਟਰ ਰੇਟ | ਡੀਜ਼ਲ ਦਾ ਪ੍ਰਤੀ ਲੀਟਰ ਰੇਟ |
|---|---|---|
| ਪੰਜਾਬ (ਜਲੰਧਰ) | 75.30 ਰੁਪਏ | 65.53 ਰੁਪਏ |
| ਚੰਡੀਗੜ੍ਹ | 66.47 ਰੁਪਏ | 62.46 ਰੁਪਏ |
| ਹਰਿਆਣਾ (ਅੰਬਾਲਾ) | 70.85 ਰੁਪਏ | 65.03 ਰੁਪਏ |
| ਹਿਮਾਚਲ ਪ੍ਰਦੇਸ਼ (ਸ਼ਿਮਲਾ) | 69.29 ਰੁਪਏ | 63.69 ਰੁਪਏ |
| ਜੰਮੂ ਅਤੇ ਕਸ਼ਮੀਰ (ਜੰਮੂ) | 71.78 ਰੁਪਏ | 64.37 ਰੁਪਏ |

ਪੰਜਾਬ ਅਤੇ ਗੁਆਂਢੀ ਰਾਜਾਂ ਵਿੱਚ ਪੈਟਰੋਲ ਅਤੇ ਡੀਜ਼ਲ ਦੇ ਪ੍ਰਤੀ ਲੀਟਰ ਰੇਟ ਵਿੱਚ ਫਰਕ ਪੈਟਰੋਲ ਅਤੇ ਡੀਜ਼ਲ ਉੱਪਰ ਵੈਟ ਦੀਆਂ ਦਰਾਂ ਦੇ ਅੰਤਰ ਅਤੇ Logistics Cost ਕਾਰਨ ਹੈ।

ੲ) ਰਾਜ ਸਰਕਾਰ ਨੂੰ 2017-18 ਵਿੱਚ ਪੈਟਰੋਲ ਅਤੇ ਡੀਜ਼ਲ ਤੋਂ 5033 ਕਰੋੜ ਰੁਪਏ (ਵੈਟ ਅਤੇ ਸੀ.ਐਸ.ਟੀ.) ਅਤੇ 330 ਕਰੋੜ ਰੁਪਏ (ਆਈ.ਡੀ.ਫੀਸ) ਦਾ ਮਾਲੀਆ ਪ੍ਰਾਪਤ ਹੋਇਆ। 18 ਫਰਵਰੀ, 2019 ਨੂੰ ਪੰਜਾਬ ਦਾ ਬਜਟ ਪੇਸ਼ ਕਰਦੇ ਹੋਏ ਪੈਟਰੋਲ ਦੀ ਕੀਮਤ ਵਿੱਚ 5/- ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ ਦੀ ਕੀਮਤ ਵਿੱਚ 1/- ਰੁਪਏ ਪ੍ਰਤੀ ਲੀਟਰ ਕਟੌਤੀ ਦੀ ਤਜਵੀਜ਼ ਕੀਤੀ ਗਈ ਅਤੇ ਇਹ ਕਟੌਤੀ 18 ਫਰਵਰੀ, 2019 ਦੀ ਰਾਤ 12:00 ਵਜੇ ਤੋਂ ਅਮਲ ਵਿੱਚ ਲਿਆਂਦੀ ਗਈ ਹੈ। ਡੀਜ਼ਲ ਅਤੇ ਪੈਟਰੋਲ ਦੀ ਵੈਟ ਦੀ ਦਰ ਘਟਾਉਣ ਦੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਅਤੇ ਉਸ ਦੀ ਕਾਪੀ ਨਾਲ ਨੱਥੀ ਕੀਤੀ ਜਾਂਦੀ ਹੈ।

**PUNJAB GOVT. GAZ. (EXTRA). FEBRUARY 18, 2019**

**(MAGHA 29, 1940 SAKA)**

**PART III**

**GOVERNMENT OF PUNJAB**

**DEPARTMENT OF EXCISE AND TAXATION**

**(EXCISE AND TAXATION-1 BRANCH)**

**NOTIFICATION**

The 18th February, 2019

No. S.Q. 12/P.A.8/2005/S.8/2019-Whereas the State Govenment is satisfied that circumstances exist, which render it necessary to take immediate action in public interest;

Now, therefore, in exercise of the powers conferred by sub-section (3) of section 8 of the Punjab Value Added Tax Act, 2005 (Punjab Act No. 8 of 2005) and all other powers enabling him in this behalf, the Governor of Punjab is pleased to make the following amendment in Schedule "E" appended to the said Act, with immediate effect, dispensing with the condition of previous notice, namely:-

**AMENDMENT**

Is the said Schedule "E"-

(i) in Serial No. 1, under the heading "Rate of tax", for the figures and words "13.4 percent ", the figures and word" 11.8 percent" shall be substituted; and

(ii) in Serial No. 2, under the heading 'Rate of Tax', for the figures and words "28 per cent", the figures and word "20.11 percent" shall be substiuted.

sd/-

Additional Chief Secretary to
Government of Punjab-cum-Financial
Commissioner, Department of Excise
and Taxation

------

## ਪਿੰਡ ਬਿਆਸ ਤੋਂ ਕੋਟਲੀ ਸ਼ੇਖਾਂ ਤੱਕ ਲਿੰਕ ਰੋਡ ਦੇ ਨਿਰਮਾਣ ਦਾ ਕੰਮ ਮੁਕੰਮਲ ਕਰਨ ਬਾਰੇ

***1895. (ਸੀ.ਯੂ.) ਸ਼੍ਰੀ ਪਵਨ ਕੁਮਾਰ ਟੀਨੂ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਆਦਮਪੁਰ (ਜ਼ਿਲ੍ਹਾ ਜਲੰਧਰ) ਅਧੀਨ ਪੈਂਦੀ ਬਿਆਸ ਪਿੰਡ ਤੋਂ ਕੋਟਲੀ ਸ਼ੇਖਾਂ ਤੱਕ ਲਿੰਕ ਰੋਡ (ਲੰਬਾਈ ਕਰੀਬ 2.80 ਕਿਲੋਮੀਟਰ) ਦੇ ਨਿਰਮਾਣ ਦਾ ਲਗਭਗ 52 ਲੱਖ ਰੁਪਏ ਦਾ ਕੰਮ ਜੋ ਸਰਕਾਰ ਵੱਲੋਂ ਸਾਲ 2016 ਵਿੱਚ ਸ਼ੁਰੂ ਕਰਵਾਇਆ ਗਿਆ ਸੀ, ਉਹ ਸਾਲ 2017 ਵਿੱਚ ਵਿੱਚ ਹੀ ਰੋਕ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਸ ਸੜਕ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ?

**ਕੈਪਟਨ ਅਮਰਿੰਦਰ ਸਿੰਘ:** ਹਾਂ ਜੀ, ਇਹ ਕੰਮ ਨਿਸ਼ਾਨਦੇਹੀ ਦੇ ਝਗੜੇ ਕਾਰਨ ਆਰਜ਼ੀ ਤੌਰ ਤੇ ਰੋਕ ਦਿੱਤਾ ਗਿਆ ਸੀ। ਹੁਣ ਇਹ ਝਗੜਾ ਖਤਮ ਹੋ ਗਿਆ ਹੈ ਅਤੇ ਕੰਮ ਮਿਤੀ 30.06.2019 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ।

------

## ਕੁਦਰਤੀ ਖੇਤੀ ਨੂੰ ਪ੍ਰਫੁੱਲਤ ਕਰਨਾ

***1896. (ਸੀ.ਯੂ.) ਸਰਦਾਰ ਪਰਮਿੰਦਰ ਸਿੰਘ ਪਿੰਕੀ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਮਨੁੱਖੀ ਸਿਹਤ ਅਤੇ ਵਾਤਾਵਰਣ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਕੀ ਸਰਕਾਰ ਕੁਦਰਤੀ ਖੇਤੀ ਨੂੰ ਪ੍ਰਫੁੱਲਤ ਕਰਨ ਦਾ ਵਿਚਾਰ ਰੱਖਦੀ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਜਵਾਬ ਹਾਂ ਵਿੱਚ ਹੋਵੇ ਤਾਂ ਇਸ ਸਬੰਧੀ ਸਰਕਾਰ ਵੱਲੋਂ ਚੁੱਕੇ ਜਾ ਰਹੇ ਕਦਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇ।

**ਕੈਪਟਨ ਅਮਰਿੰਦਰ ਸਿੰਘ :** ੳ) ਜੀ ਹਾਂ।

ਅ) ਪੰਜਾਬ ਸਰਕਾਰ ਵੱਲੋਂ ਕੁਦਰਤੀ ਖੇਤੀ (ਜੈਵਿਕ ਖੇਤੀ) ਨੂੰ ਪ੍ਰਫੁੱਲਤ ਕਰਨ ਲਈ ਬਹੁਤ ਉਪਰਾਲੇ ਕੀਤੇ ਜਾ ਰਹੇ ਹਨ, ਜਿਨ੍ਹਾਂ ਦਾ ਵਿਸਥਾਰ ਹਾਊਸ ਸਾਹਮਣੇ ਅਨੁਲੱਗ-ੳ ਅਨੁਸਾਰ ਪੇਸ਼ ਹੈ :-

[ਮੁੱਖ ਮੰਤਰੀ]

## ਅਨੁਲੱਗ-ੳ

1. ਪੰਜਾਬ ਸਰਕਾਰ ਵੱਲੋਂ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਨੂੰ ਆਰਗੈਨਿਕ ਫਾਰਮਿੰਗ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਏਜੰਸੀ ਘੋਸ਼ਿਤ ਕੀਤਾ ਹੋਇਆ ਹੈ। ਇਸ ਏਜੰਸੀ ਵੱਲੋਂ ਭਾਰਤ ਸਰਕਾਰ ਦੀਆਂ ਵੱਖ ਵੱਖ ਸਕੀਮਾਂ ਜਿਵੇਂ ਕਿ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਅਤੇ ਪਰੰਪਰਾਗਤ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ ਕੁਦਰਤੀ ਖੇਤੀ/ਜੈਵਿਕ ਖੇਤੀ ਨੂੰ ਪ੍ਰਫੁੱਲਤ ਕਰਨ ਲਈ ਬਿਜਾਈ ਤੋਂ ਲੈ ਕੇ ਪ੍ਰੋਸੈਸਿੰਗ ਅਤੇ ਮਾਰਕੀਟਿੰਗ ਤੱਕ ਦੀ ਕਿਸਾਨਾਂ ਨੂੰ ਵਿਸ਼ੇਸ਼ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ।

2. ਇਸ ਤੋਂ ਇਲਾਵਾ ਏਜੰਸੀ ਵੱਲੋਂ ਜੈਵਿਕ ਇਨਪੁਟਸ ਦੇ ਨਾਲ ਨਾਲ ਕਿਸਾਨਾਂ ਨੂੰ ਏਜੰਸੀ ਮਾਹਿਰਾਂ ਵੱਲੋਂ ਜੈਵਿਕ ਇਨਪੁਟਸ ਨੂੰ ਤਿਆਰ ਕਰਨ ਅਤੇ ਜੈਵਿਕ ਖੇਤੀ ਦੀ ਕਾਸ਼ਤ ਸਬੰਧੀ ਤਕਨੀਕੀ ਸਿਖਲਾਈ ਦਿੱਤੀ ਜਾਂਦੀ ਹੈ।

3. ਪੈਗਰੈਕਸੋ ਵੱਲੋਂ ਜੈਵਿਕ ਖੇਤੀ ਕਰਨ ਲਈ ਕਿਸਾਨ ਅਪੀਡਾ ਐਕਰੀਡੇਟਿਡ ਗਲੋਬਲ ਆਰਗੈਨਿਕ ਸਰਟੀਫਿਕੇਸ਼ਨ ਏਜੰਸੀ ਰਾਹੀਂ ਰਜਿਸਟਰਡ ਕੀਤੇ ਜਾਂਦੇ ਹਨ।

4. 2,300 ਕਿਸਾਨਾਂ ਦਾ 8,800 ਏਕੜ ਰਕਬਾ ਜੈਵਿਕ ਖੇਤੀ ਲਈ ਪਹਿਲਾਂ ਹੀ ਰਜਿਸਟਰਡ ਕੀਤਾ ਜਾ ਚੁੱਕਾ ਹੈ।

5. 2,170 ਕਿਸਾਨਾਂ ਦਾ 5,000 ਏਕੜ ਰਕਬਾ ਜੈਵਿਕ ਖੇਤੀ ਲਈ ਰਜਿਸਟਰਡ ਕਰਨ ਲਈ ਵਿਚਾਰ ਅਧੀਨ ਹੈ, ਕਿਉਂਕਿ ਜੈਵਿਕ ਖੇਤੀ ਦੀ ਰਜਿਸਟਰਡ ਹੋਣ ਵਾਸਤੇ ਲਗਾਤਾਰ ਤਿੰਨ ਸਾਲ ਜੈਵਿਕ ਖੇਤੀ ਕਰਨਾ ਜ਼ਰੂਰੀ ਹੁੰਦਾ ਹੈ।

6. ਕਿਸਾਨਾਂ ਦੀ ਸਹਾਇਤਾ ਲਈ ਏਜੰਸੀ ਵੱਲੋਂ ਕਿਸਾਨਾਂ ਦੇ ਜੈਵਿਕ ਉਤਪਾਦ ਜਿਵੇਂ ਕਿ ਕਣਕ, ਬਾਸਮਤੀ ਚਾਵਲ, ਮੱਕੀ ਆਦਿ ਫਸਲਾਂ ਮਾਰਕੀਟ ਨਾਲੋਂ ਵੱਧ ਰੇਟ ਤੇ ਖਰੀਦ ਕਰਕੇ ਦੇਸ਼ ਅਤੇ ਵਿਦੇਸ਼ ਵਿੱਚ ਵਿੱਕਰੀ ਕਰਨ ਲਈ ਭੇਜੀਆਂ ਜਾਂਦੀਆਂ ਹਨ।

7. ਪੈਗਰੈਕਸੋ ਵੱਲੋਂ ਖਰੀਦ ਕੀਤੇ ਗਏ ਜੈਵਿਕ ਉਤਪਾਦ ਵਿਸ਼ੇਸ਼ ਸਾਧਨਾਂ ਵਿੱਚ ਕੀੜੇ ਅਤੇ ਬਿਮਾਰੀਆਂ ਤੋਂ ਸੁਰੱਖਿਅਤ ਸਟੋਰ ਕੀਤੇ ਜਾਂਦੇ ਹਨ।

8. ਤਸਦੀਕਸ਼ੁਦਾ ਜੈਵਿਕ ਉਤਪਾਦ ਏਜੰਸੀ ਵੱਲੋਂ ਵਿਸ਼ੇਸ਼ ਤਸਦੀਕ ਕੀਤੇ ਜੈਵਿਕ ਪ੍ਰੋਸੈਸਿੰਗ ਪਲਾਂਟ ਯੂਨਿਟਾਂ ਵਿੱਚ ਤਿਆਰ ਕੀਤੇ ਜਾਂਦੇ ਹਨ। ਪੈਗਰੈਕਸੋ ਵੱਲੋਂ ਤਿਆਰ ਕੀਤੇ ਗਏ ਜੈਵਿਕ ਉਤਪਾਦ ਪੰਜ ਦਰਿਆਵਾਂ ਦੇ ਬਰਾਂਡ ਹੇਠ ਵੇਚੇ ਜਾਂਦੇ ਹਨ।

9. ਪੰਜਾਬ ਸਰਕਾਰ ਵੱਲੋਂ ਜੈਵਿਕ ਖੇਤੀ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਗਏ ਉਪਰਾਲਿਆਂ ਸਦਕਾ ਭਾਰਤ ਸਰਕਾਰ ਵੱਲੋਂ ਪੰਜਾਬ ਰਾਜ ਨੂੰ ਜੈਵਿਕ ਇੰਡੀਆ ਅਵਾਰਡ ਨਾਲ ਨਿਵਾਜਿਆ ਗਿਆ ਹੈ।

------

## ਅਬਾਦੀ ਵਾਲੀ ਜ਼ਮੀਨ ਦੀ ਰਜਿਸਟਰੀ ਅਤੇ ਇੰਤਕਾਲ ਵਿਅਕਤੀਆਂ ਦੇ ਨਾਮ ਕਰਨ ਬਾਰੇ

***1898. (ਸੀ.ਯੂ.) ਸਰਦਾਰ ਹਰਦਿਆਲ ਸਿੰਘ ਕੰਬੋਜ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਮਿਉਂਸਿਪਲ ਕੌਂਸਲ, ਬਨੂੜ ਦੀ ਕੋਈ ਅਬਾਦੀ ਵਾਲੀ ਜ਼ਮੀਨ ਦੀ ਪ੍ਰਾਈਵੇਟ ਵਿਅਕਤੀਆਂ ਦੇ ਨਾਂ ਤੇ ਰਜਿਸਟਰੀ ਕਰਨ ਅਤੇ ਅਬਾਦੀ ਦੇਹ ਮਾਲਕੀ ਵਿੱਚ ਮਾਲਕ ਬਣਾਉਣ ਉਪਰੰਤ ਉਸ ਦਾ ਇੰਤਕਾਲ ਕੀਤੇ ਜਾਣ ਸਬੰਧੀ ਕੋਈ ਸ਼ਿਕਾਇਤ ਪ੍ਰਾਪਤ ਹੋਈ ਹੈ;

ਅ) ਜੇਕਰ ਉਪਰੋਕਤ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਹ ਕੁਤਾਹੀ ਕਿਸ ਅਧਿਕਾਰੀ ਵੱਲੋਂ ਕੀਤੀ ਗਈ ਹੈ; ਕੁਤਾਹੀ ਕਰਨ ਵਾਲੇ ਅਧਿਕਾਰੀ ਖਿਲਾਫ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਗਈ ਜਾਂ ਕੀਤੀ ਜਾ ਰਹੀ ਹੈ ਅਤੇ ਜੇਕਰ ਨਹੀਂ ਕੀਤੀ ਗਈ ਤਾਂ ਸਬੰਧਤ ਦੋਸ਼ੀ ਅਧਿਕਾਰੀ ਖਿਲਾਫ ਕਦੋਂ ਤੱਕ ਕਾਰਵਾਈ ਕੀਤੀ ਜਾਵੇਗੀ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ੳ) ਹਾਂ ਜੀ।

ਅ) ਹਾਲ ਦੀ ਘੜੀ ਕੁਤਾਹੀ ਕਰਨ ਵਾਲੇ ਅਧਿਕਾਰੀ ਦਾ ਨਾਮ ਦੱਸਿਆ ਨਹੀਂ ਜਾ ਸਕਦਾ, ਕਿਉਂਕਿ ਇਸ ਵਿਸ਼ੇ ਸਬੰਧੀ ਪੜਤਾਲ ਚੱਲ ਰਹੀ ਹੈ। ਇਹ ਮੁੱਢਲੀ ਪੜਤਾਲ ਕਮਿਸ਼ਨਰ, ਰੂਪਨਗਰ ਮੰਡਲ, ਰੂਪਨਗਰ ਵੱਲੋਂ ਕੀਤੀ ਜਾ ਰਹੀ ਹੈ।

------

## ਸਰਹੰਦ ਫੀਡਰ ਵਿੱਚੋਂ ਨਿਕਲਦੀਆਂ ਮਾਈਨਰਾਂ ਵਿੱਚੋਂ ਪਾਣੀ ਦੀ ਚੋਰੀ ਰੋਕਣਾ

***1900. (ਸੀ.ਯੂ.) ਸ਼੍ਰੀ ਨੱਥੂ ਰਾਮ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਸਰਹੰਦ ਫੀਡਰ ਵਿੱਚੋਂ ਨਿਕਲਦੀ ਮਲੂਕਪੁਰ ਮਾਈਨਰ, ਅਬੋਹਰ ਬ੍ਰਾਂਚ, ਲੰਬੀ ਮਾਈਨਰ ਤੇ ਸੁਖਚੈਨ ਮਾਈਨਰ ਹੈੱਡ ਤੋਂ ਲੈ ਕੇ ਟੇਲ ਤੱਕ ਪਿਛਲੇ ਦੋ ਸਾਲਾਂ ਵਿੱਚ ਪਾਣੀ ਚੋਰੀ ਦੇ ਕਿੰਨੇ ਕੇਸ ਪਕੜੇ ਹਨ ਅਤੇ ਇਨ੍ਹਾਂ ਤੇ ਕੀ ਕਾਰਵਾਈ ਹੋਈ ਹੈ;

ਅ) ਬਹੁਮੁੱਲੇ ਪਾਣੀ ਦੀ ਚੋਰੀ ਨੂੰ ਰੋਕਣ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ;

ੲ) ਕੀ ਸਰਕਾਰ ਪਾਣੀ ਦੀ ਚੋਰੀ ਰੋਕਣ ਲਈ ਕੋਈ ਟਾਸਕ ਫੋਰਸ ਜਾਂ ਸਖਤ ਕਾਨੂੰਨ ਬਣਾਉਣ ਦਾ ਇਰਾਦਾ ਰੱਖਦੀ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ੳ) ਸਰਹੰਦ ਫੀਡਰ ਵਿੱਚੋਂ ਨਿਕਲਦੀ ਮਲੂਕਪੁਰ ਮਾਈਨਰ, ਅਬੋਹਰ ਬ੍ਰਾਂਚ, ਲੰਬੀ ਮਾਈਨਰ ਤੇ ਸੁਖਚੈਨ ਮਾਈਨਰ ਤੱਕ ਪਿਛਲੇ ਦੋ ਸਾਲਾਂ ਵਿੱਚ ਪਾਣੀ ਦੀ ਚੋਰੀ ਦੇ 124 ਕੇਸ ਫੜੇ ਗਏ ਹਨ ਅਤੇ ਉਨ੍ਹਾਂ ਦੇ ਵਿਰੁੱਧ ਨਾਰਦਨ ਇੰਡੀਆ ਕੈਨਾਲ ਅਤੇ ਡਰੇਨੇਜ ਐਕਟ, 1873 ਅਧੀਨ ਕਾਰਵਾਈ ਕਰਦੇ ਹੋਏ 10,90,095/- ਰੁਪਏ ਜੁਰਮਾਨਾ ਪਾਇਆ ਗਿਆ ਹੈ।

ਅ) ਬਹੁਮੁੱਲੇ ਪਾਣੀ ਦੀ ਚੋਰੀ ਨੂੰ ਰੋਕਣ ਲਈ ਕੈਨਾਲ ਅਤੇ ਡਰੇਨੇਜ ਐਕਟ, 1873 ਅਧੀਨ ਪਾਣੀ ਚੋਰੀ ਕਰਨ ਵਾਲੇ ਦੋਸ਼ੀਆਂ ਨੂੰ ਤਵਾਨ ਪਾਇਆ ਜਾਂਦਾ ਹੈ ਅਤੇ ਪੁਲਿਸ ਨੂੰ ਕਾਨੂੰਨੀ ਕਾਰਵਾਈ ਕਰਨ ਲਈ ਲਿਖਿਆ ਜਾਂਦਾ ਹੈ।

ੲ) ਪਾਣੀ ਦੀ ਚੋਰੀ ਰੋਕਣ ਲਈ ਪਹਿਲਾਂ ਹੀ ਸਰਕਾਰ ਵੱਲੋਂ ਨਾਰਦਨ ਇੰਡੀਆ ਕੈਨਾਲ ਅਤੇ ਡਰੇਨੇਜ ਐਕਟ, 1873 ਅਧੀਨ ਦੋਸ਼ੀਆਂ ਦੇ ਖਿਲਾਫ ਕਾਰਵਾਈ ਕਰਨ ਲਈ ਐਕਟ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਪਾਣੀ ਦੀ ਚੋਰੀ ਨੂੰ ਰੋਕਣ ਲਈ ਟਾਸਕ ਫੋਰਸ ਦਾ ਗਠਨ ਕਰਨ ਲਈ ਸਰਕਾਰ ਅਧੀਨ ਕੋਈ ਵੀ ਤਜਵੀਜ਼ ਨਹੀਂ ਹੈ।

------

## ਸਰਹਿੰਦ ਫੀਡਰ ਦੇ ਮੱਲਾਂ ਵਾਲੇ ਹੈੱਡ ਤੋਂ ਟੇਲ ਤੱਕ ਮਨਜ਼ੂਰ ਲਿਫਟਿੰਗ ਪੰਪਾਂ ਦੀ ਗਿਣਤੀ

***1901. (ਸੀ.ਯੂ.) ਸ਼੍ਰੀ ਨੱਥੂ ਰਾਮ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਸਰਹਿੰਦ ਫੀਡਰ ਦੇ ਮੱਲਾਂ ਵਾਲਾ ਹੈੱਡ ਤੋਂ ਲੈ ਕੇ ਟੇਲ ਤੱਕ ਕਿੰਨੇ ਲਿਫਟਿੰਗ ਪੰਪ (ਸਟਕਾ ਪਾਈਪ) ਮਨਜ਼ੂਰ ਕੀਤੇ ਗਏ ਹਨ;

ਅ) ਇਨ੍ਹਾਂ ਲਿਫਟਿੰਗ ਪੰਪਾਂ ਲਈ ਕਿੰਨਾ ਪਾਣੀ ਲੈਣ ਦੀ ਮਨਜ਼ੂਰੀ ਦਿੱਤੀ ਗਈ ਹੈ;

ੲ) ਕੀ ਲਿਫਟਿੰਗ ਪੰਪਾਂ ਲਈ ਹੈੱਡ ਤੋਂ ਵਾਧੂ ਪਾਣੀ ਛੱਡਿਆ ਜਾਂਦਾ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ੳ) ਸਰਹਿੰਦ ਫੀਡਰ ਨਹਿਰ ਦੀ ਪੂਰੀ ਲੰਬਾਈ (ਬੁਰਜੀ 0 ਤੋਂ 447927 ਟੇਲ) ਵਿੱਚ ਕੁੱਲ 260 ਲਿਫਟ ਪੰਪ ਮਨਜ਼ੂਰ ਹਨ।

ਅ) ਇਨ੍ਹਾਂ ਲਿਫਟਿੰਗ ਪੰਪਾਂ ਲਈ ਕੁੱਲ 203.24 ਕਿਊਸਿਕ ਪਾਣੀ ਮਨਜ਼ੂਰ ਕੀਤਾ ਗਿਆ ਹੈ।

ੲ) ਸਰਹੰਦ ਫੀਡਰ ਨਹਿਰ ਵਿੱਚ ਨਹਿਰਾਂ ਅਤੇ ਸਿੱਧੇ ਮੋਘੇ/ ਲਿਫਟ ਪੰਪਾਂ ਦੀ ਲੋੜ ਮੁਤਾਬਕ ਪਾਣੀ ਛੱਡਿਆ ਜਾਂਦਾ ਹੈ।

------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 1903 (ਸੀ.ਯੂ)**

------

## ਕੰਢੀ ਖੇਤਰ ਵਿੱਚ 24 ਘੰਟੇ ਬਿਜਲੀ ਸਪਲਾਈ ਯਕੀਨੀ ਬਣਾਉਣਾ

***1904. (ਸੀ.ਯੂ.) ਡਾਕਟਰ ਰਾਜ ਕੁਮਾਰ ਚੱਬੇਵਾਲ :** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਸਰਕਾਰ ਦੁਆਰਾ ਕੰਢੀ ਖੇਤਰ ਵਿਚ 24 ਘੰਟੇ ਬਿਜਲੀ ਸਪਲਾਈ ਯਕੀਨੀ ਬਨਾਉਣ ਦੀ ਕੋਈ ਯੋਜਨਾ ਹੈ; ਖਾਸ ਕਰਕੇ ਜਦੋਂ ਖੇਤੀਬਾੜੀ ਅਤੇ ਘਰੇਲੂ ਲੋਡ ਵੱਖ-ਵੱਖ ਹੋਣ;

ਅ) ਸਰਕਾਰ ਦੀ ਅਨੁਸੂਚਿਤ ਜਾਤੀ ਦੇ ਪਰਿਵਾਰਾਂ ਨੂੰ ਉਹਨਾਂ ਦੇ ਕੁਨੈਕਟਿਡ ਲੋਡਜ਼ ਤੋਂ ਇਲਾਵਾ ਮੁਫ਼ਤ ਬਿਜਲੀ ਮੁਹੱਈਆ ਕਰਵਾਉਣ ਦੀ ਕੀ ਯੋਜਨਾ ਹੈ?

** For Starred Question No. 1903 (C.U.) and reply thereto, please see Appendix to Annexure to this Debates.

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** ੳ) ਜੀ ਹਾਂ, ਇਹ ਸਹੀ ਹੈ ਕਿ ਊਰਜਾ ਮੰਤਰਾਲਾ/ਭਾਰਤ ਸਰਕਾਰ ਵੱਲੋਂ ਚਲਾਈ ਗਈ ਦੀਨ ਦਿਆਲ ਉਪਾਧਿਆਏ ਗ੍ਰਾਮੀਣ ਜਯੋਤੀ ਯੋਜਨਾ (ਕੰਢੀ ਖੇਤਰ) ਅਧੀਨ ਫੀਡਰਾਂ ਉੱਪਰ ਟਿਊਬਵੈਲਾਂ ਦੇ ਕੁਨੈਕਸ਼ਨ ਦੀ ਸਪਲਾਈ ਅਲੱਗ ਕਰਨ ਦਾ ਕੰਮ ਪੀ.ਐਸ.ਪੀ.ਸੀ.ਐਲ. ਵੱਲੋਂ ਕਰਵਾਇਆ ਜਾ ਰਿਹਾ ਹੈ।

ਇੱਥੇ ਇਹ ਜ਼ਿਕਰਯੋਗ ਹੈ ਕਿ ਕੰਡੀ ਏਰੀਆ ਵਿਚ ਫੀਡਰਾਂ ਉੱਪਰ ਟਿਊਬਵੈਲਾਂ ਦੇ ਕੁਨੈਕਸ਼ਨਾਂ ਦੀ ਸਪਲਾਈ ਅਲੱਗ ਕਰਨ ਉਪਰੰਤ ਖੇਤੀਬਾੜੀ ਦੇ ਕੰਮਾਂ ਲਈ ਕਿਸਾਨਾਂ ਨੂੰ ਪੂਰੀ ਬਿਜਲੀ ਦੀ ਸਪਲਾਈ ਦੇਣ ਲਈ ਮਾਨਯੋਗ ਮੁੱਖ ਮੰਤਰੀ, ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਊਰਜਾ ਵਿਭਾਗ/ ਪੰਜਾਬ ਸਰਕਾਰ ਵੱਲੋਂ ਪੀ.ਐਸ.ਪੀ.ਸੀ.ਐਲ. ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ ਅਤੇ ਫੀਡਰਾਂ ਉੱਪਰ ਟਿਊਬਵੈਲਾਂ ਦੇ ਕੁਨੈਕਸ਼ਨਾਂ ਦੀ ਸਪਲਾਈ ਅਲੱਗ ਕਰਨ ਉਪਰੰਤ ਬਿਜਲੀ ਦੀ ਸਪਲਾਈ ਵਿੱਚ ਕੋਈ ਕਮੀ ਨਹੀਂ ਆਵੇਗੀ।

ਅ) ਅਨੁਸੂਚਿਤ ਜਾਤੀ ਦੇ ਖਪਤਕਾਰਾਂ ਨੂੰ ਉਹਨਾਂ ਦੇ ਮਨਜ਼ੂਰਸ਼ੁਦਾ ਲੋਡ ਦੇ ਅਧਾਰ ਤੇ ਹੀ ਪ੍ਰਤੀ ਮਹੀਨਾ ਬਿਜਲੀ ਯੂਨਿਟਾਂ ਵਿੱਚ ਛੋਟ ਦਿੱਤੀ ਜਾਂਦੀ ਹੈ। ਅਨੁਸੂਚਿਤ ਜਾਤੀ ਦੇ ਅਜਿਹੇ ਖਪਤਕਾਰ ਜਿਨ੍ਹਾਂ ਦਾ ਘਰੇਲੂ ਸ਼੍ਰੇਣੀ ਦੇ ਬਿਜਲੀ ਕੁਨੈਕਸ਼ਨ ਦਾ ਮਨਜ਼ੂਰਸ਼ੁਦਾ ਲੋਡ 1000 ਵਾਟ ਤੱਕ ਹੈ ਉਹਨਾਂ ਨੂੰ 200 ਯੂਨਿਟ ਪ੍ਰਤੀ ਮਹੀਨਾ ਬਿਜਲੀ ਯੂਨਿਟਾਂ ਵਿੱਚ ਛੋਟ ਮਿਤੀ 31.10.2006 ਤੋਂ ਦਿੱਤੀ ਜਾ ਰਹੀ ਹੈ।

ਪੰਜਾਬ ਸਰਕਾਰ ਦੀਆਂ ਹਦਾਇਤਾਂ ਦੇ ਮੱਦੇਨਜ਼ਰ 01.11.2017 ਤੋਂ ਜਿਹੜੇ ਅਨੁਸੂਚਿਤ ਜਾਤੀ ਦੇ ਖਪਤਕਾਰ 200 ਯੂਨਿਟ ਪ੍ਰਤੀ ਮਹੀਨਾ ਬਿਜਲੀ ਯੂਨਿਟਾਂ ਵਿੱਚ ਛੋਟ ਦਾ ਲਾਭ ਪ੍ਰਾਪਤ ਕਰ ਰਹੇ ਸਨ। ਜੇਕਰ ਉਹਨਾਂ ਦੀ ਸਲਾਨਾ ਬਿਜਲੀ ਦੀ ਖਪਤ 3000 ਯੂਨਿਟਾਂ ਤੋਂ ਵੱਧ ਜਾਂਦੀ ਸੀ ਤਾਂ ਉਹਨਾਂ ਨੂੰ ਛੋਟ ਦਾ ਲਾਭ ਦੇਣਾ ਬੰਦ ਕਰ ਦਿੱਤਾ ਗਿਆ ਸੀ ਪ੍ਰੰਤੂ ਹੁਣ ਮੰਤਰੀ ਪ੍ਰੀਸ਼ਦ ਦੀ ਮਿਤੀ 29.01.2019 ਨੂੰ ਹੋਈ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਹੈ ਕਿ ਜਿਹੜੇ ਅਨੁਸੂਚਿਤ ਜਾਤੀ ਘਰੇਲੂ ਕੈਟਾਗਰੀ ਦੇ ਯੋਗ ਖਪਤਕਾਰ (ਇੱਕ ਕਿਲੋਵਾਟ ਤੱਕ ਲੋਡ ਵਾਲੇ) 3000 ਯੂਨਿਟ ਸਾਲਾਨਾ ਤੋਂ ਵੱਧ ਵੀ ਖਪਤ ਕਰਦੇ ਹਨ, ਉਹ ਵੀ ਬਿਨਾਂ ਕਿਸੇ ਸ਼ਰਤ 200 ਯੂਨਿਟ ਪ੍ਰਤੀ ਮਹੀਨਾ ਦੀ ਮੁਫਤ ਬਿਜਲੀ ਦਾ ਲਾਭ ਲੈ ਸਕਣਗੇ। ਸਿਰਫ ਇਨਕਮ ਟੈਕਸ ਅਦਾ ਕਰਨ ਵਾਲੇ ਅਨੁਸੂਚਿਤ ਜਾਤੀ ਦੇ ਖਪਤਕਾਰ 200 ਯੂਨਿਟ ਮੁਫਤ ਬਿਜਲੀ ਦੀ ਸਹੂਲਤ ਦਾ ਲਾਭ ਨਹੀਂ ਲੈ ਸਕਣਗੇ।

------

## ਮੋਰਿੰਡਾ ਤੋਂ ਪਨਿਆਲੀ ਸੜਕ ਨੂੰ ਨੈਸ਼ਨਲ ਹਾਈਵੇ ਘੋਸ਼ਿਤ ਕਰਨਾ

***1909. (ਸੀ.ਯੂ). ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੇ ਮੋਰਿੰਡਾ ਤੋਂ ਪਨਿਆਲੀ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਾਇਆ ਚਮਕੌਰ ਸਾਹਿਬ ਸੜਕ ਨੂੰ ਨੈਸ਼ਨਲ ਹਾਈਵੇ ਘੋਸ਼ਿਤ ਕਰ ਦਿੱਤਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਰਾਜ ਸਰਕਾਰ ਨੇ ਇਸ ਪ੍ਰੋਜੈਕਟ ਸਬੰਧੀ ਆਪਣੀਆਂ ਸਾਰੀਆਂ ਫਾਰਮੈਲਿਟੀਆਂ ਪੂਰੀਆਂ ਕਰ ਦਿੱਤੀਆਂ ਹਨ ਅਤੇ ਇਸ ਸੜਕ ਦਾ ਕੰਮ ਕਦੋਂ ਤੋਂ ਸ਼ੁਰੂ ਕਰਕੇ ਮੁਕੰਮਲ ਕੀਤੇ ਜਾਣ ਦਾ ਟੀਚਾ ਮਿੱਥਿਆ ਗਿਆ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ, ਭਾਰਤ ਸਰਕਾਰ ਦੇ ਸੜਕੀ ਆਵਾਜਾਈ ਅਤੇ ਪਰਿਵਾਹਨ ਮੰਤਰਾਲੇ ਵਲੋਂ ਮੋਰਿੰਡਾ ਤੋਂ ਪਨਿਆਲੀ ਵਾਇਆ ਚਮਕੌਰ ਸਾਹਿਬ ਸੜਕ ਨੂੰ ਸਿਧਾਂਤਕ ਤੌਰ ਤੇ ਨੈਸ਼ਨਲ ਹਾਈਵੇ ਬਣਾਉਣਾ ਮਨਜ਼ੂਰ ਕੀਤਾ ਹੈ। ਇਸ ਸੜਕ ਦਾ ਮਿਆਰ ਉੱਚਾ ਚੁੱਕਣ ਲਈ ਭਾਰਤ ਸਰਕਾਰ ਦੁਆਰਾ ਨਿਯੁਕਤ ਤਕਨੀਕੀ ਕੰਸਲਟੈਂਟ ਵਲੋਂ ਪ੍ਰੋਜੈਕਟ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ। ਭਾਰਤ ਸਰਕਾਰ ਦੁਆਰਾ ਪ੍ਰੋਜੈਕਟ ਰਿਪੋਰਟ ਪ੍ਰਵਾਨ ਹੋਣ ਤੋਂ ਬਾਅਦ ਇਸ ਸੜਕ ਨੂੰ ਨੈਸ਼ਨਲ ਹਾਈਵੇ ਘੋਸ਼ਿਤ ਕੀਤਾ ਜਾਵੇਗਾ ਅਤੇ ਇਸ ਤੋਂ ਬਾਅਦ ਹੀ ਰਾਜ ਸਰਕਾਰ ਫਾਰਮੈਲਿਟੀਆਂ ਪੂਰੀਆਂ ਕਰੇਗੀ ਅਤੇ ਕੰਮ ਮੁਕੰਮਲ ਕੀਤੇ ਜਾਣ ਦਾ ਟੀਚਾ ਵੀ ਮਿੱਥਿਆ ਜਾ ਸਕੇਗਾ।

------

## ਜ਼ਿਲ੍ਹਾ ਪਟਿਆਲਾ ਵਿੱਚ ਨਜਾਇਜ਼ ਮਾਈਨਿੰਗ ਵਿਰੁੱਧ ਕੀਤੀ ਗਈ ਕਾਰਵਾਈ

***1910. (ਸੀ.ਯੂ). ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਕੀ ਮਾਈਨਿੰਗ ਅਤੇ ਜੀਓਲੋਜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2018-19 ਦੌਰਾਨ ਜ਼ਿਲ੍ਹਾ ਪਟਿਆਲਾ ਵਿੱਚ ਵੱਡੇ ਪੱਧਰ ਤੇ ਨਜਾਇਜ਼ ਮਾਈਨਿੰਗ ਕਰਨ ਵਾਲਿਆਂ ਵਿਰੁੱਧ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ, ਵੇਰਵੇ ਸਹਿਤ ਦੱਸਿਆ ਜਾਵੇ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਜ਼ਿਲ੍ਹਾ ਪਟਿਆਲਾ ਵਿੱਚ ਜ਼ਿਆਦਾਤਰ ਗੈਰਕਾਨੂੰਨੀ ਮਾਈਨਿੰਗ ਖੇਤਾਂ ਵਿੱਚੋਂ ਚੰਗੀ ਮਿੱਟੀ ਚੁੱਕ ਕੇ ਇੱਟਾਂ ਬਣਾਉਣ, ਸੜਕਾਂ ਉੱਚੀਆਂ ਕਰਨ ਆਦਿ ਕਾਰਨ ਹੁੰਦੀ ਹੈ ।ਜ਼ਿਲ੍ਹਾ ਪਟਿਆਲਾ ਵਿਖੇ ਇਹਨਾਂ ਗਤੀਵਿਧੀਆਂ ਸਬੰਧੀ 7 ਐਫ.ਆਈ.ਆਰ ਅਤੇ 18 ਰਿਕਵਰੀ ਨੋਟਿਸ ਜਾਰੀ ਕੀਤੇ ਗਏ।

------

## ਬੰਗਾ-ਗੜ੍ਹਸ਼ੰਕਰ, ਸ੍ਰੀ ਅਨੰਦਪੁਰ ਸਾਹਿਬ ਸ੍ਰੀ ਨੈਣਾ ਦੇਵੀ ਨੈਸ਼ਨਲ ਹਾਈਵੇ ਦੇ ਪ੍ਰੋਜੈਕਟ ਬਾਰੇ

***1912. (ਸੀ.ਯੂ.) ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਨੇ ਬੰਗਾ-ਗੜ੍ਹਸ਼ੰਕਰ, ਸ੍ਰੀ ਅਨੰਦਪੁਰ ਸਾਹਿਬ-ਸ੍ਰੀ ਨੈਣਾ ਦੇਵੀ ਨੈਸ਼ਨਲ ਹਾਈਵੇ ਦੇ ਪ੍ਰੋਜੈਕਟ ਸਬੰਧੀ ਆਪਣੀਆਂ ਸਾਰੀਆਂ ਰਸਮੀ ਕਾਰਵਾਈਆਂ ਪੂਰੀਆਂ ਕਰ ਦਿੱਤੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਸੜਕ ਦਾ ਕੰਮ ਕਦੋਂ ਸ਼ੁਰੂ ਹੋ ਜਾਵੇਗਾ ਅਤੇ ਕਦੋਂ ਤੱਕ ਮੁਕੰਮਲ ਕੀਤੇ ਜਾਣ ਦਾ ਟੀਚਾ ਮਿੱਥਿਆ ਗਿਆ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ੍ਰੀ ਵਿਜੈ ਇੰਦਰ ਸਿੰਗਲਾ :** ਸ੍ਰੀਮਾਨ ਜੀ, ਭਾਰਤ ਸਰਕਾਰ ਦੇ ਸੜਕੀ ਆਵਾਜਾਈ ਅਤੇ ਪਰਿਵਾਹਨ ਮੰਤਰਾਲੇ ਵਲੋਂ ਬੰਗਾ-ਗੜ੍ਹਸ਼ੰਕਰ, ਸ੍ਰੀ ਅਨੰਦਪੁਰ ਸਾਹਿਬ -ਸ੍ਰੀ ਨੈਣਾ ਦੇਵੀ ਸੜਕ ਨੂੰ ਸਿਧਾਂਤਕ ਤੌਰ ਤੇ ਨੈਸ਼ਨਲ ਹਾਈਵੇ ਬਣਾਉਣਾ ਮਨਜ਼ੂਰ ਕੀਤਾ ਹੈ। ਇਸ ਸੜਕ ਦਾ ਮਿਆਰ ਉੱਚਾ ਚੁੱਕਣ ਲਈ ਭਾਰਤ ਸਰਕਾਰ ਦੁਆਰਾ ਨਿਯੁਕਤ ਤਕਨੀਕੀ ਕੰਸਲਟੈਂਟ ਵਲੋਂ ਪ੍ਰੋਜੈਕਟ ਰਿਪੋਰਟ ਤਿਆਰ ਕਰਕੇ ਭਾਰਤ ਸਰਕਾਰ ਨੂੰ ਭੇਜੀ ਗਈ ਹੈ। ਰਾਜ ਸਰਕਾਰ ਵਲੋਂ ਇਸ ਪ੍ਰੋਜੈਕਟ ਦੀ ਪ੍ਰਵਾਨਗੀ ਲਈ ਸਾਰੀਆਂ ਰਸਮੀ ਕਾਰਵਾਈਆਂ ਪੂਰੀਆਂ ਕੀਤੀਆਂ ਜਾ ਚੁੱਕੀਆਂ ਹਨ। ਭਾਰਤ ਸਰਕਾਰ ਦੇ ਸੜਕੀ ਆਵਾਜਾਈ ਅਤੇ ਪਰਿਵਾਹਨ ਮੰਤਰਾਲੇ ਵਲੋਂ ਪ੍ਰੋਜੈਕਟ ਦੀ ਪ੍ਰਵਾਨਗੀ ਉਪਰੰਤ ਹੀ ਸੜਕ ਦੇ ਕੰਮ ਸ਼ੁਰੂ ਹੋਣ ਅਤੇ ਮੁਕੰਮਲ ਹੋਣ ਦਾ ਟੀਚਾ ਮਿੱਥਿਆ ਜਾ ਸਕੇਗਾ।

-----

## ਰਾਜ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ

***1913. (ਸੀ.ਯੂ.). ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਇਸ ਵੇਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਸਕੂਲਾਂ ਵਿੱਚੋਂ ਕਿੰਨੇ ਸਕੂਲਾਂ ਵਿੱਚ ਮੈਡੀਕਲ ਅਤੇ ਨਾਨ-ਮੈਡੀਕਲ ਸੁਵਿਧਾ ਉਪਲਬਧ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ੍ਰੀ ਵਿਜੈ ਇੰਦਰ ਸਿੰਗਲਾ:** ਰਾਜ ਵਿੱਚ ਇਸ ਵੇਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਕੁੱਲ ਗਿਣਤੀ 1894 ਹੈ ਅਤੇ ਇਨ੍ਹਾਂ ਵਿੱਚੋਂ 529 ਸਰਕਾਰੀ ਸੀਨੀਅਰ

ਸੈਕੰਡਰੀ ਸਕੂਲਾਂ ਵਿੱਚ ਮੈਡੀਕਲ ਅਤੇ ਨਾਨ-ਮੈਡੀਕਲ ਗਰੁੱਪ, 05 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕੇਵਲ ਮੈਡੀਕਲ ਗਰੁੱਪ ਅਤੇ 33 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕੇਵਲ ਨਾਨ-ਮੈਡੀਕਲ ਗਰੁੱਪ ਦੀ ਸੁਵਿਧਾ ਉਪਲਬਧ ਹੈ।

------

## ਲੋਕ ਸਭਾ ਮੈਂਬਰਾਂ ਦੀ ਤਰਜ ਤੇ ਰਾਜ ਦੇ ਵਿਧਾਇਕਾਂ ਨੂੰ ਅਖਤਿਆਰੀ ਗ੍ਰਾਂਟ ਜਾਰੀ ਕਰਨਾ

***1914. (ਸੀ.ਯੂ.) 1. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ**
**2. ਸਰਦਾਰ ਲਖਬੀਰ ਸਿੰਘ ਲੋਧੀਨੰਗਲ** : ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਰਾਜ ਸਰਕਾਰ ਲੋਕ ਸਭਾ ਮੈਂਬਰਾਂ ਨੂੰ ਦਿੱਤੀ ਜਾਂਦੀ ਗ੍ਰਾਂਟ ਦੀ ਤਰਜ ਤੇ ਰਾਜ ਦੇ ਸਾਰੇ ਵਿਧਾਇਕਾਂ ਨੂੰ ਵੀ ਅਖਤਿਆਰੀ ਗ੍ਰਾਂਟ ਦੇਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੋਵੇ ਤਾਂ ਇਸ ਪਾਲਿਸੀ ਦੇ ਵਿਸਥਾਰ ਸਹਿਤ ਵੇਰਵੇ ਕੀ ਹਨ?

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ):** ੳ) ਨਹੀਂ ਜੀ, ਅਜਿਹੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

------

## ਹਲਕਾ ਸਨੌਰ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਅਤੇ ਹੋਰ ਲੋੜੀਂਦੇ ਸਟਾਫ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ

***1915 (ਸੀ.ਯੂ.). ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਵਿਧਾਨ ਸਭਾ ਹਲਕਾ ਸਨੌਰ ਤੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਅਤੇ ਹੋਰ ਲੋੜੀਂਦੇ ਸਟਾਫ ਦੀਆਂ ਮਨਜੂਰਸ਼ੁਦਾ ਕਿੰਨੀਆਂ ਅਸਾਮੀਆਂ ਇਸ ਵੇਲੇ ਖਾਲੀ ਪਈਆਂ ਹਨ;

(ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਖਾਲੀ ਅਸਾਮੀਆਂ ਜੇ ਹੋਣ ਤਾਂ ਇਨ੍ਹਾਂ ਨੂੰ ਖਾਲੀ ਰੱਖਣ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਨੂੰ ਕਿੰਨੇ ਚਿਰ ਵਿੱਚ ਭਰ ਦਿੱਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ:** (ੳ) ਵਿਧਾਨ ਸਭਾ ਹਲਕਾ ਸਨੌਰ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਅਤੇ ਹੋਰ ਲੋੜੀਂਦੇ ਸਟਾਫ ਦੀਆਂ ਕੁੱਲ 1726 ਮਨਜ਼ੂਰਸ਼ੁਦਾ ਅਸਾਮੀਆਂ ਵਿਚੋਂ ਇਸ ਸਮੇਂ 336 ਅਸਾਮੀਆਂ ਖਾਲੀ ਹਨ।

(ਅ) ਇਹ ਅਸਾਮੀਆਂ ਖਾਲੀ ਰੱਖਣ ਦੇ ਕੋਈ ਵਿਸ਼ੇਸ਼ ਕਾਰਨ ਨਹੀਂ ਹਨ। ਨੇੜੇ ਭਵਿੱਖ ਵਿਚ ਇਨ੍ਹਾਂ ਖਾਲੀ ਅਸਾਮੀਆਂ ਨੂੰ ਸਿੱਧੀ ਭਰਤੀ, ਤਰੱਕੀਆਂ ਅਤੇ ਰੈਸ਼ਨੇਲਾਈਜ਼ੇਸ਼ਨ ਅਧੀਨ ਭਰਨ ਦੇ ਉਪਰਾਲੇ ਕੀਤੇ ਜਾਣਗੇ।

------

## ਹਲਕਾ ਮਹਿਲ ਕਲਾਂ ਵਿੱਚ ਮਨਰੇਗਾ ਅਧੀਨ ਕੰਮ ਕਰਦੇ ਮਜ਼ਦੂਰਾਂ ਦੀ ਹਾਜ਼ਰੀ ਸਬੰਧੀ

***1918. (ਸੀ.ਯੂ). ਸਰਦਾਰ ਕੁਲਵੰਤ ਸਿੰਘ ਪੰਡੋਰੀ :** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ ਵਿਖੇ ਮਨਰੇਗਾ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਹਾਜ਼ਰੀ ਉਹਨਾਂ ਦੇ ਜੌਬ ਕਾਰਡਾਂ ਤੇ ਨਹੀਂ ਲਗਾਈ ਜਾਂਦੀ ਜਿਸ ਕਰਕੇ ਮਜ਼ਦੂਰਾਂ ਦੁਆਰਾ ਕੀਤੇ ਗਏ ਕੰਮਾਂ ਚ ਬਹੁਤ ਵੱਡੇ ਘੁਟਾਲੇ ਹੁੰਦੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਮਸਟਰੌਲ ਮੁਤਾਬਿਕ ਮਜ਼ਦੂਰਾਂ ਦੀ ਹਾਜ਼ਰੀ ਜੌਬ ਕਾਰਡ ਤੇ ਨਾ ਲਗਵਾਉਣ ਵਾਲੇ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਕੋਈ ਕਾਰਵਾਈ ਕੀਤੀ ਜਾਵੇਗੀ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸ਼੍ਰੀਮਾਨ ਜੀ, ਇਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਬਰਨਾਲਾ ਵੱਲੋਂ ਰਿਪੋਰਟ ਭੇਜੀ ਗਈ ਹੈ ਅਤੇ ਉਨ੍ਹਾਂ ਵੱਲੋਂ ਦੱਸਿਆ ਹੈ ਕਿ ਉਨ੍ਹਾਂ ਵੱਲੋਂ ਸਰਕਾਰ ਦੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਂਦੀ ਹੈ ਅਤੇ ਅਜਿਹਾ ਕੋਈ ਕੇਸ ਉਨ੍ਹਾਂ ਦੇ ਧਿਆਨ ਵਿੱਚ ਨਹੀਂ ਆਇਆ ਹੈ। ਪਰੰਤੂ ਫੇਰ ਵੀ ਸ਼੍ਰੀਮਤੀ ਸ਼ਾਕਸ਼ੀ ਸਾਹਨੀ, ਆਈ.ਏ.ਐਸ., ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਬਠਿੰਡਾ ਦੀ ਡਿਊਟੀ ਲਗਾਈ ਗਈ ਹੈ ਕਿ ਉਹ ਇਸ ਵਿਸ਼ੇ ਤੇ ਪੜਤਾਲ ਕਰਕੇ ਇੱਕ ਮਹੀਨੇ ਦੇ ਅੰਦਰ ਅੰਦਰ ਰਿਪੋਰਟ ਪੇਸ਼ ਕਰਨ। ਪੜਤਾਲ ਵਿੱਚ ਜੇਕਰ ਕੋਈ ਊਣਤਾਈ ਪਾਈ ਜਾਂਦੀ ਹੈ ਤਾਂ ਉਸ ਤੇ ਸਖਤ ਕਾਰਵਾਈ ਕੀਤੀ ਜਾਵੇਗੀ।

------

## ਸਬ-ਤਹਿਸੀਲ ਮਹਿਲ ਕਲਾਂ ਨੂੰ ਤਹਿਸੀਲ ਦਾ ਦਰਜਾ ਦੇਣਾ

***1919. (ਸੀ.ਯੂ). ਸਰਦਾਰ ਕੁਲਵੰਤ ਸਿੰਘ ਪੰਡੋਰੀ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ-ਤਹਿਸੀਲ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ ਨਾਲ ਸਬੰਧਤ 13 ਪਿੰਡ ਤੋੜ ਕੇ ਤਹਿਸੀਲ ਰਾਏਕੋਟ ਨਾਲ ਜੋੜ ਦਿੱਤੇ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਕੀ ਉਨ੍ਹਾਂ 13 ਪਿੰਡਾਂ ਨੂੰ ਮਹਿਲ ਕਲਾਂ ਨਾਲ ਜੋੜ ਕੇ ਮਹਿਲ ਕਲਾਂ ਨੂੰ ਤਹਿਸੀਲ ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਨਹੀਂ ਜੀ।

-----

## ਪਿੰਡ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ ਵਿਖੇ ਬੱਸ ਸਟੈਂਡ ਬਣਾਉਣਾ

***1921. (ਸੀ.ਯੂ). ਸਰਦਾਰ ਕੁਲਵੰਤ ਸਿੰਘ ਪੰਡੋਰੀ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ ਮੁੱਖ ਮਾਰਗ ਤੇ ਹੋਣ ਕਰਕੇ ਤਕਰੀਬਨ 40 ਪਿੰਡਾਂ ਨੂੰ ਜੋੜਦਾ ਹੈ ਪਰ ਹੁਣ ਤੱਕ ਉੱਥੇ ਕੋਈ ਬੱਸ ਸਟੈਂਡ ਨਹੀਂ ਬਣਿਆ ਹੈ; ਜੇਕਰ ਅਜਿਹਾ ਹੈ ਤਾਂ ਉਥੇ ਬੱਸ ਸਟੈਂਡ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

**ਸ਼੍ਰੀਮਤੀ ਅਰੁਨਾ ਚੌਧਰੀ:** ਪਿੰਡ ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ ਵਿਖੇ ਬੱਸ ਸਟੈਂਡ ਉਸਾਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

-----

## ਸਰਕਾਰੀ ਪ੍ਰਾਇਮਰੀ ਸਕੂਲ ਵਿਧਾਤਾ ਦੀ ਨਵੀਂ ਬਿਲਡਿੰਗ ਬਣਾਉਣ ਬਾਰੇ

***1922. (ਸੀ.ਯੂ). ਸਰਦਾਰ ਕੁਲਵੰਤ ਸਿੰਘ ਪੰਡੋਰੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲ ਵਿਧਾਤਾ ਦੀ ਬਿਲਡਿੰਗ 2 ਸਾਲ ਤੋਂ ਅਣਸੇਫ ਘੋਸ਼ਿਤ ਕੀਤੀ ਹੋਈ ਹੈ ਪਰ ਬੱਚੇ ਉਥੇ ਹੀ ਪੜ੍ਹਦੇ ਹਨ; ਜੇਕਰ ਹੈ ਤਾਂ ਉੱਥੇ ਨਵੀਂ ਬਿਲਡਿੰਗ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਨਹੀਂ ਜੀ, ਜ਼ਿਲ੍ਹਾ ਬਰਨਾਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਧਾਤਾ ਵਿਖੇ 4 ਕਮਰੇ ਮੌਜੂਦ ਹਨ ਅਤੇ ਸਾਰੇ ਕਮਰੇ ਸੇਫ ਹਾਲਤ ਵਿੱਚ ਹਨ।

------

## ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਨੂੰ ਵਰਤੋਂ ਵਿੱਚ ਲਿਆਉਣਾ

***1923. (ਸੀ.ਯੂ). ਰਾਣਾ ਗੁਰਜੀਤ ਸਿੰਘ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਕਪੂਰਥਲਾ ਵਿਖੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਦਾ ਨਿਰਮਾਣ ਕਾਰਜ ਪਿਛਲੇ ਤਿੰਨ ਸਾਲਾਂ ਤੋਂ ਪੂਰਾ ਹੋ ਗਿਆ ਹੈ;

ਅ) ਕੀ ਇਹ ਵੀ ਠੀਕ ਹੈ ਕਿ ਇਹ ਕੰਪਲੈਕਸ ਅਜੇ ਤੱਕ ਇਸਤੇਮਾਲ ਵਿੱਚ ਨਹੀਂ ਲਿਆਂਦਾ ਗਿਆ ਹੈ, ਕਿਉਂਕਿ ਫੰਡਾਂ ਦੀ ਘਾਟ ਕਾਰਣ ਇਹ ਅਜੇ ਤੱਕ ਫਰਨਿਸ਼ ਨਹੀਂ ਕੀਤਾ ਜਾ ਸਕਿਆ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਸ ਮੰਤਵ ਲਈ ਲੋੜੀਂਦੇ ਫੰਡ ਕਦੋਂ ਤੱਕ ਮੁਹੱਈਆ ਕਰਵਾ ਕੇ ਕੰਪਲੈਕਸ ਨੂੰ ਵਰਤੋਂ ਵਿੱਚ ਲਿਆਂਦਾ ਜਾਵੇਗਾ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ੳ) ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ, ਕਪੂਰਥਲਾ ਦਾ ਕੰਮ ਮੈਸ: ਮੇਘ ਰਾਜ ਬਾਂਸਲ ਠੇਕੇਦਾਰ ਨੂੰ ਮਿਤੀ 18.4.2011 ਨੂੰ ਅਲਾਟ ਕੀਤਾ ਗਿਆ ਸੀ। ਇਹ ਕੰਮ ਦੋ ਸਾਲ ਦੀ ਮਿਆਦ ਵਿੱਚ ਠੇਕੇਦਾਰ ਵੱਲੋਂ ਮੁਕੰਮਲ ਕੀਤਾ ਜਾਣਾ ਸੀ। ਪਰ ਸਮੇਂ ਸਿਰ ਫੰਡ ਉਪਲਬਧ ਨਾ ਹੋਣ ਕਰਕੇ ਇਹ ਕੰਮ ਅਜੇ ਤੱਕ 90% ਹੀ ਮੁਕੰਮਲ ਹੋਇਆ ਹੈ।

ਅ) ਕਿਉਂਕਿ ਕੰਪਲੈਕਸ ਦੀ ਉਸਾਰੀ ਅਜੇ ਪੂਰੀ ਨਹੀਂ ਹੋਈ ਹੈ, ਇਸ ਲਈ ਇਹ ਵਰਤੋਂ ਵਿੱਚ ਨਹੀਂ ਹੈ। ਇਸ ਤੋਂ ਇਲਾਵਾ, ਉਸਾਰੀ ਦਾ ਕੰਮ ਪੂਰਾ ਹੋਣ ਤੋਂ ਬਾਅਦ ਹੀ ਫਰਨਿਸ਼ਿੰਗ ਦਾ ਕੰਮ ਕੀਤਾ ਜਾਵੇਗਾ।

ੲ) ਇਸ ਕੰਮ ਦੇ ਲੋੜੀਂਦੇ ਫੰਡ 265.61 ਲੱਖ ਰੁਪਏ ਦੀ ਮੰਗ ਲੋਕ ਨਿਰਮਾਣ ਵਿਭਾਗ ਅਤੇ ਡਿਪਟੀ ਕਮਿਸ਼ਨਰ, ਕਪੂਰਥਲਾ ਰਾਹੀਂ ਮੁੱਖ ਪ੍ਰਸ਼ਾਸਕ, ਪੁੱਡਾ ਪਾਸੋਂ ਕੀਤੀ ਗਈ ਹੈ। ਜੇਕਰ ਲੋੜੀਂਦੇ ਫੰਡ ਲੋਕ ਨਿਰਮਾਣ ਵਿਭਾਗ ਨੂੰ ਮੁਹੱਈਆ ਹੋ ਜਾਂਦੇ ਹਨ ਤਾਂ ਰਹਿੰਦਾ ਕੰਮ ਤਿੰਨ ਮਹੀਨੇ ਦੇ ਵਿੱਚ ਮੁਕੰਮਲ ਕਰਕੇ ਕੰਪਲੈਕਸ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1928 (ਸੀ.ਯੂ.)****

------

**ਸਰਕਾਰ ਵੱਲੋਂ ਬਣਾਈਆਂ ਗਈਆਂ ਡਰੇਨਜ਼ ਦੀ ਡਾਇਰੈਕਸ਼ਨ ਬਾਰੇ**

***1932 (ਸੀ.ਯੂ). ਸ਼੍ਰੀ ਨੱਥੂ ਰਾਮ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਵੱਲੋਂ ਬਣਾਈਆਂ ਗਈਆਂ ਡਰੇਨਜ਼/ਸੇਮ ਨਾਲਿਆਂ (ਅਸਪਾਲ ਡ੍ਰੇਨ, ਸਰਾਵਾਂ ਬੋਦਲਾ ਡ੍ਰੇਨ, ਅਬੁੱਲ ਖੁਰਾਣਾ ਡ੍ਰੇਨ) ਦੀ ਡਾਇਰੈਕਸ਼ਨ ਮਨਜ਼ੂਰ ਨਕਸ਼ੇ ਮੁਤਾਬਿਕ ਸਹੀ ਹੈ; ਜੇਕਰ ਹਾਂ ਤਾਂ ਇਸ ਦੀ ਜਾਂਚ ਕਦੋਂ ਕਰਵਾਈ ਗਈ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਹਾਂ ਜੀ, ਅਸਪਾਲ ਡਰੇਨ, ਸਰਾਵਾਂ ਬੋਦਲਾ ਡਰੇਨ ਅਤੇ ਅਬੁੱਲ ਖੁਰਾਣਾ ਡਰੇਨ ਦੀ ਡਾਇਰੈਕਸ਼ਨ ਸਮਰੱਥ ਅਧਿਕਾਰੀ ਤੋਂ ਮਨਜ਼ੂਰਸ਼ੁਦਾ ਨਕਸ਼ੇ ਦੇ ਮੁਤਾਬਿਕ ਸਹੀ ਹੈ। ਇਸ ਦੀ ਜਾਂਚ ਖੁਦਾਈ ਕਰਨ ਸਮੇਂ ਕੀਤੀ ਗਈ ਸੀ।

-----

**ਸੇਮ ਨਾਲਿਆਂ ਦੀ ਸਫਾਈ ਦੀ ਵਿਵਸਥਾ ਬਾਰੇ**

***1933 (ਸੀ.ਯੂ). ਸ਼੍ਰੀ ਨੱਥੂ ਰਾਮ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਪੰਜਾਬ ਸਰਕਾਰ ਵੱਲੋਂ ਸੇਮ ਨਾਲਿਆਂ ਦੀ ਸਫਾਈ ਦੀ ਕੀ ਵਿਵਸਥਾ ਹੈ ਅਤੇ ਸਾਲ ਵਿੱਚ ਕਿੰਨੀ ਵਾਰ ਇਸ ਦੀ ਸਫਾਈ ਕਰਵਾਈ ਜਾਂਦੀ ਹੈ;

ਅ) ਪਿਛਲੇ ਪੰਜ ਸਾਲਾਂ ਵਿੱਚ ਬੱਲੂਆਣਾ ਹਲਕੇ ਦੇ ਵਿੱਚ ਪੈਂਦੀਆਂ ਡਰੇਨਜ਼ ਲਈ ਕਿੰਨਾ ਫੰਡ ਜਾਰੀ ਕੀਤਾ ਗਿਆ ਅਤੇ ਇਨ੍ਹਾਂ ਡਰੇਨੇਜ਼ ਦੀ ਕਿੰਨੀ ਵਾਰ ਸਫਾਈ ਕਰਵਾਈ ਗਈ ਹੈ;

ੲ) ਬੱਲੂਆਣਾ ਹਲਕੇ ਦੀਆਂ ਡਰੇਨਾਂ ਦੀ ਸਫਾਈ 2019 ਲਈ ਕਦੋਂ ਕਰਵਾਈ ਜਾਵੇਗੀ?

---

** ਸੀ.ਯੂ. ਪ੍ਰਸ਼ਨ ਨੰ: 1928 ਦਾ ਉੱਤਰ ਅਨੈਕਸਚਰ ਦੀ ਫਾਈਨਲ ਛਪਾਈ ਤੱਕ ਪ੍ਰਾਪਤ ਨਹੀਂ ਹੋਇਆ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ੳ) ਸੇਮ ਗ੍ਰਸਤ ਇਲਾਕਿਆਂ ਵਿੱਚੋਂ ਲੰਘਦੇ ਸੇਮ ਨਾਲਿਆਂ ਦੀ ਸਫਾਈ ਲੋੜ ਅਨੁਸਾਰ ਮੌਨਸੂਨ ਸੀਜ਼ਨ ਤੋਂ ਪਹਿਲਾਂ ਕਰਵਾਈ ਜਾਂਦੀ ਹੈ।

ਅ) ਬੱਲੂਆਣਾ ਹਲਕੇ ਵਿੱਚ ਪੈਂਦੀਆਂ ਡਰੇਨਾਂ ਦੀ ਸਫਾਈ ਲਈ ਪਿਛਲੇ ਪੰਜ ਸਾਲਾਂ ਦੌਰਾਨ 6.23 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਗਏ ਸਨ। ਪਿਛਲੇ ਪੰਜ ਸਾਲਾਂ ਦੌਰਾਨ ਅਬੁਲ ਖੁਰਾਣਾ ਡਰੇਨ ਅਤੇ ਵਹਾਬਵਾਲਾ ਡਰੇਨ ਦੀ ਸਫਾਈ 3 ਵਾਰ ਸਾਲ 2014, 2015 ਅਤੇ 2018 ਅਤੇ ਬਾਕੀ ਡਰੇਨਾਂ ਦੀ ਸਫਾਈ 5 ਵਾਰ ਸਾਲ 2014 ਤੋਂ 2018 ਤੱਕ ਕਰਵਾਈ ਗਈ ਹੈ।

ੲ) ਬੱਲੂਆਣਾ ਹਲਕੇ ਦੀਆਂ ਡਰੇਨਾਂ ਦੀ ਸਫਾਈ ਫੰਡਾਂ ਦੀ ਉਪਲੱਬਧਤਾ ਅਨੁਸਾਰ ਸਾਲ 2019 ਦੇ ਮੌਨਸੂਨ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਕਰਵਾ ਦਿੱਤੀ ਜਾਵੇਗੀ।

-----

## ਬੱਲੂਆਣੇ ਹਲਕੇ ਵਿਚ ਰੁੱਖਾਂ ਦੀ ਨਜਾਇਜ਼ ਕਟਾਈ ਦੇ ਕੇਸਾਂ ਦੀ ਗਿਣਤੀ

***1934 (ਸੀ.ਯੂ.). ਸ਼੍ਰੀ ਨੱਥੂ ਰਾਮ :** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਗ੍ਰੀਨ ਟ੍ਰਿਬਿਊਨਲ ਐਕਟ ਅਧੀਨ ਕੋਈ ਵੀ ਦਰੱਖਤ ਕੱਟਣ ਦੀ ਮਨਾਹੀ ਹੈ ਅਤੇ ਜੇਕਰ ਕੋਈ ਰੁੱਖ ਕੱਟਦਾ ਪਕੜਿਆ ਜਾਂਦਾ ਹੈ ਤਾਂ ਕੀ ਉਸ ਨੂੰ ਸਜ਼ਾ ਦਾ ਕੋਈ ਪ੍ਰਾਵਧਾਨ ਹੈ;

ਅ) ਹੁਣ ਤੱਕ ਖਾਸ ਤੌਰ ਤੇ ਬੱਲੂਆਣਾ ਹਲਕੇ ਦੇ ਵਿਚ ਨਜਾਇਜ਼ ਰੁੱਖ ਕੱਟਣ ਦੇ ਕਿੰਨੇ ਕੇਸ ਪਕੜੇ ਗਏ ਹਨ;

ੲ) ਕੀ ਸਰਕਾਰ ਨਜਾਇਜ਼ ਰੁੱਖਾਂ ਦੀ ਕਟਾਈ ਨੂੰ ਰੋਕਣ ਲਈ ਕੋਈ ਹੋਰ ਸਖਤ ਕਾਨੂੰਨ ਲੈ ਕੇ ਆਉਣ ਦਾ ਇਰਾਦਾ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਸਾਧੂ ਸਿੰਘ :** ੳ) "ਦੀ ਨੈਸ਼ਨਲ ਗਰੀਨ ਟ੍ਰਿਬਿਊਨਲ ਐਕਟ, 2010" ਤਹਿਤ ਮਾਨਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਕੇਸਾਂ ਦਾ ਫੈਸਲਾ ਕੀਤਾ ਜਾਂਦਾ ਹੈ ਅਤੇ ਕੁਝ ਕੇਸਾਂ ਵਿੱਚ ਰੁੱਖਾਂ ਦੀ ਕਟਾਈ ਨੂੰ ਵੀ ਮਨ੍ਹਾ ਕੀਤਾ ਜਾਂਦਾ ਹੈ। ਵਣ ਰਕਬੇ ਵਿੱਚ ਰੁੱਖਾਂ ਦੀ ਨਜਾਇਜ਼ ਕਟਾਈ ਸਬੰਧੀ ਦੋਸ਼ੀਆਂ ਨੂੰ ਸਜ਼ਾ ਦੇਣ ਦਾ ਪ੍ਰਾਵਧਾਨ" ਭਾਰਤੀ ਵਣ ਐਕਟ, 1927 "ਅਤੇ" ਇੰਡੀਅਨ ਫਾਰੈਸਟ (ਪੰਜਾਬ ਅਮੈਂਡਮੈਂਟ) ਐਕਟ, 2004" ਵਿੱਚ ਕੀਤਾ ਹੋਇਆ ਹੈ। ਨਜਾਇਜ਼ ਤੌਰ ਤੇ ਰੁੱਖ ਕੱਟਣ ਵਾਲੇ ਦੋਸ਼ੀਆਂ ਨੂੰ

ਉਕਤ ਕਾਨੂੰਨਾਂ ਅਨੁਸਾਰ 5000/- ਰੁਪਏ ਤੱਕ ਦਾ ਜੁਰਮਾਨਾ ਜਾਂ 2 ਸਾਲ ਤੱਕ ਦੀ ਕੈਦ ਜਾਂ ਦੋਵੇਂ ਸਜ਼ਾਵਾਂ ਦੇਣ ਦਾ ਪ੍ਰਾਵਧਾਨ ਹੈ।

ਅ) ਸਾਲ 2017-18 ਤੋਂ ਲੈ ਕੇ ਹੁਣ ਤੱਕ ਬੱਲੂਆਣਾ ਹਲਕੇ ਦੇ ਵਿੱਚ ਨਜਾਇਜ਼ ਰੁੱਖ ਕੱਟਣ ਦੇ 57 ਕੇਸ ਪਕੜੇ ਗਏ ਹਨ।

ੲ) ਨਹੀਂ ਹੈ ਜੀ।

------

### ਪਿੰਡ ਸ਼ੇਰਗੜ੍ਹ ਦੇ ਵਾਟਰ ਵਰਕਸ ਲਈ ਪਾਸ ਹੋਏ ਪਾਣੀ ਨੂੰ ਚਾਲੂ ਕਰਨਾ

***1935 (ਸੀ.ਯੂ). ਸ਼੍ਰੀ ਨੱਥੂ ਰਾਮ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਕੀ ਇਹ ਠੀਕ ਹੈ ਕਿ ਪਿੰਡ ਸ਼ੇਰਗੜ੍ਹ ਦੇ ਵਾਟਰ ਵਰਕਸ ਦੀ ਵਾਰੀ ਦਾ ਏ. ਫਾਰਮ ਜੋ ਪੱਤਰ ਨੰ. 9762/1137/ਡ.ਏ.ਐਫ. ਰਾਹੀਂ ਮਿਤੀ 3.3.2016 ਦਾ ਪਾਸ ਹੋਇਆ ਹੈ ਅਤੇ ਰਾਮਸਰਾ ਮਾਈਨਰ ਦੀ ਬੁਰਜੀ ਨੰ. 6022/ਐਲ ਤੇ ਡਿਸਚਾਰਜ ਵਧਾ ਕੇ ਮੰਜ਼ੂਰ ਕੀਤਾ ਗਿਆ ਹੈ ਪਰ ਇਸ ਵਾਰੀ ਨੂੰ ਪਿਛਲੇ ਤਿੰਨ ਸਾਲਾਂ ਤੋਂ ਅਜੇ ਤੱਕ ਨਹੀਂ ਚਲਾਇਆ ਗਿਆ ਹੈ ਜਿਸ ਨਾਲ ਜੋ ਪਿੰਡ ਪਿਛਲੇ 12-13 ਸਾਲਾਂ ਤੋਂ ਪਾਣੀ ਲਈ ਤਰਸ ਰਿਹਾ ਸੀ ਉਹ ਵਾਰੀ ਪਾਸ ਹੋਣ ਦੇ ਬਾਵਜੂਦ ਪਿਛਲੇ ਤਿੰਨ ਸਾਲਾਂ ਤੋਂ ਵਾਰੀ ਚੱਲਣ ਦੀ ਉਡੀਕ ਵਿੱਚ ਬੈਠਾ ਹੈ;

ਅ) ਕੀ ਸਰਕਾਰ ਲੋਕਾਂ ਦੇ ਭਲੇ ਲਈ ਵਾਟਰ ਵਰਕਸ ਨਹਿਰੀ ਪਾਣੀ ਦੀ ਵਾਰੀ ਨੂੰ ਡਿਸਚਾਰਜ ਵਧਾ ਕੇ ਚਲਾਉਣ ਦਾ ਇਰਾਦਾ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ** : ੳ) ਨਹੀਂ ਜੀ। ਪਿੰਡ ਸ਼ੇਰਗੜ੍ਹ ਦੇ ਵਾਟਰ ਵਰਕਸ ਨੂੰ 0.19 ਕਿਊਸਿਕ ਪਾਣੀ ਰਾਮਸਰਾ ਮਾਈਨਰ ਦੀ ਬੁਰਜੀ 88625-ਟੇਲ ਖੱਬਾ ਤੋਂ ਦਿੱਤਾ ਜਾਂਦਾ ਸੀ। ਇਸ ਪਾਣੀ ਦੀ ਮਾਤਰਾ 0.19 ਕਿਊਸਿਕ ਤੋਂ ਵਧਾ ਕੇ ਬੁਰਜੀ 86022-ਖੱਬਾ ਤੋਂ 0.35 ਕਿਊਸਿਕ ਕਰਨ ਲਈ ਏ-ਫਾਰਮ ਨਿਗਰਾਨ ਇੰਜੀਨੀਅਰ, ਫਿਰੋਜ਼ਪੁਰ ਕੈਨਾਲ ਸਰਕਲ ਫਿਰੋਜ਼ਪੁਰ ਵੱਲੋਂ ਪੱਤਰ ਨੰ 6486 ਮਿਤੀ 6.11.2015 ਰਾਹੀਂ ਮਨਜ਼ੂਰ ਕੀਤਾ ਗਿਆ ਹੈ। ਬੁਰਜੀ 88625-ਟੇਲ ਖੱਬਾ ਰਾਮਸਰਾ ਮਾਈਨਰ ਪਿੰਡ ਸ਼ੇਰਗੜ੍ਹ ਦੇ ਹਿੱਸੇਦਾਰਾਂ ਵਿਚਾਲੇ ਪਾਣੀ ਦੀ ਵੰਡ ਦਾ ਫੈਸਲਾ ਡਿਪਟੀ ਕੁਲੈਕਟਰ, ਅਬੋਹਰ ਵੱਲੋਂ ਮਿਤੀ 24.9.2019 ਨੂੰ ਕਰ ਦਿੱਤਾ ਗਿਆ ਹੈ ਅਤੇ ਵਾਰੀ ਜੋ ਕਿ 13.15 ਘੰਟੇ ਮਨਜ਼ੂਰ ਸੀ, ਨੂੰ ਹਿੱਸੇਦਾਰ ਵਿੱਚ

[ਜਲ ਸਰੋਤ ਮੰਤਰੀ]

ਵੰਡ ਕਰ ਦਿੱਤੀ ਗਈ ਹੈ। ਹੁਣ ਮੋਘਾ ਬੁਰਜੀ 86022-ਖੱਬਾ ਤੋਂ 0.35 ਕਿਊਸਿਕ ਨਹਿਰੀ ਪਾਣੀ ਵਾਟਰ ਵਰਕਸ ਨੂੰ ਦਿੱਤਾ ਜਾ ਰਿਹਾ ਹੈ।

ਅ) ਜੀ ਹਾਂ। ਪਿੰਡ ਵਾਸੀਆਂ ਦੇ ਭਲੇ ਲਈ ਵਾਟਰ ਵਰਕਸ ਦਾ ਪਾਣੀ 0.19 ਕਿਊਸਿਕ ਤੋਂ ਵਧਾ ਕੇ 0.35 ਕਿਊਸਿਕ ਪਹਿਲਾਂ ਤੋਂ ਹੀ ਮਨਜ਼ੂਰ ਕੀਤਾ ਗਿਆ ਹੈ। ਇਹ ਪਾਣੀ ਰਾਮਸਰਾ ਮਾਈਨਰ ਦੀ ਬੁਰਜੀ 86022-ਖੱਬਾ ਤੋਂ ਪਾਈਪ ਲਾਈਨ ਰਾਹੀਂ ਦਿੱਤਾ ਜਾ ਰਿਹਾ ਹੈ।

-----

## ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਢੀ ਏਰੀਏ ਦੇ ਪੇਂਡੂ ਖੇਤਰਾਂ ਵਿੱਚ ਕੈਂਸਰ ਦੀ ਰੋਕਥਾਮ ਕਰਨਾ

***1939 (ਸੀ.ਯੂ.). ਸਰਦਾਰ ਸੰਗਤ ਸਿੰਘ ਗਿਲਜੀਆਂ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਠੀਕ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਕੰਢੀ ਖੇਤਰ ਦੇ ਪੇਂਡੂ ਖੇਤਰਾਂ ਵਿੱਚ ਕੈਂਸਰ ਦੀ ਜਾਨਲੇਵਾ ਬਿਮਾਰੀ ਤੇਜ਼ੀ ਨਾਲ ਫੈਲ ਰਹੀ ਹੈ ਅਤੇ ਪਿਛਲੇ ਕੁਝ ਸਮੇਂ ਵਿੱਚ ਸਿਰਫ 50 ਘਰਾਂ ਵਾਲੇ ਛੋਟੇ ਜਿਹੇ ਪਿੰਡ ਹਰਦੋ ਪੱਟੀ ਵਿੱਚ ਹੋਈਆਂ ਮੌਤਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਜਾਨਲੇਵਾ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਸਰਕਾਰ ਦੇ ਇਹਤਿਆਤੀ ਉਪਾਅ ਕੀ ਹਨ?

**ਸ਼੍ਰੀ ਬ੍ਰਹਮ ਮਹਿੰਦਰਾ :** ਸ਼੍ਰੀਮਾਨ ਜੀ, ਜੀ ਨਹੀਂ। ਦੱਸਿਆ ਜਾਂਦਾ ਹੈ ਕਿ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ ਮੌਜੂਦਾ ਅੰਕੜਿਆਂ ਅਨੁਸਾਰ ਪਿੰਡ ਹਰਦੋ ਪੱਟੀ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਕੈਂਸਰ ਦੀ ਬਿਮਾਰੀ ਨਾਲ 3 ਮੌਤਾਂ ਹੋਈਆਂ ਹਨ।

ਇਸ ਜਾਨਲੇਵਾ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਸਰਕਾਰ ਦੁਆਰਾ ਹੇਠ ਲਿਖੇ ਉਪਰਾਲੇ ਕੀਤੇ ਗਏ ਹਨ :-

- ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ- ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਸਕੀਮ ਅਧੀਨ ਪੰਜਾਬ ਰਾਜ ਦੇ ਉਹ ਵਸਨੀਕ ਜੋ ਕੈਂਸਰ ਦੀ ਬਿਮਾਰੀ ਨਾਲ ਪੀੜਤ ਹਨ, ਨੂੰ ਡੇਢ ਲੱਖ ਰੁਪਏ ਤੱਕ (ਰੁਪਏ 1.50 ਲੱਖ) ਦੀ ਸਹਾਇਤਾ ਸਰਕਾਰੀ/ ਇੰਪੈਨਲਡ ਹਸਪਤਾਲਾਂ ਵਿੱਚ ਇਲਾਜ ਲਈ ਦਿੱਤੀ ਜਾਂਦੀ ਹੈ।

- ਭਾਰਤ ਸਰਕਾਰ ਅਤੇ ਪੰਜਾਬ ਸਰਕਾਰ (60%+40%) ਦੇ ਸਹਿਯੋਗ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 50 ਬਿਸਤਰਿਆਂ ਦਾ ਟਰਸ਼ਰੀ ਕੈਂਸਰ ਕੇਅਰ ਹਸਪਤਾਲ ਬਣਾਏ ਜਾਣ ਦੀ ਤਜਵੀਜ਼ ਹੈ।

  ਸਟੇਟ ਕੈਂਸਰ ਇੰਸਟੀਚਿਊਟ ਨੂੰ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਵਿਖੇ ਕੇਂਦਰ ਦੇ ਸਹਿਯੋਗ ਨਾਲ ਸਥਾਪਿਤ ਕੀਤਾ ਜਾ ਰਿਹਾ ਹੈ।

- ਐਨ.ਪੀ.ਸੀ.ਡੀ.ਸੀ.ਐਸ. ਪ੍ਰੋਗਰਾਮ ਅਧੀਨ 3 ਤਰ੍ਹਾਂ ਦੇ ਕੈਂਸਰ (ਬੱਚੇ ਦਾਨੀ ਦੇ ਮੂੰਹ, ਛਾਤੀ ਅਤੇ ਮੂੰਹ ਦੇ ਕੈਂਸਰ) ਦੀ ਸਕਰੀਨਿੰਗ ਦਾ ਕੰਮ ਏ.ਐਨ.ਐਮ. ਦੁਆਰਾ ਕੀਤਾ ਜਾ ਰਿਹਾ ਹੈ।

------

## ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡਾਂ ਵਿੱਚੋਂ ਲੰਘਦੀ ਕਾਲੀ ਬੇਈਂ ਦੀ ਸਫਾਈ

***1940 (ਸੀ.ਯੂ). ਸਰਦਾਰ ਸੰਗਤ ਸਿੰਘ ਗਿਲਜੀਆਂ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡਾਂ ਬਾਲੜਾ, ਕਾਹਲਵਾਂ, ਕੋਟਲਾ, ਇਬਰਾਹਿਮਪੁਰ, ਗਿਲਜੀਆਂ, ਸੰਗਲੀ, ਕਮਾਲਪੁਰ, ਟੋਲਾ ਆਦਿ ਪਿੰਡਾਂ ਵਿੱਚੋਂ ਲੰਘਦੀ ਕਾਲੀ ਬੇਈਂ ਦੀ ਸਫਾਈ ਲਈ ਚੁੱਕੇ ਜਾਣ ਵਾਲੇ ਪ੍ਰਸਤਾਵਿਤ ਕਦਮ ਕੀ ਕੀ ਹਨ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਹਾਂ ਜੀ, ਉਪਰੋਕਤ ਦਰਸਾਏ ਪਿੰਡਾਂ ਵਿੱਚੋਂ ਲੰਘਦੀ ਕਾਲੀ ਬੇਈਂ ਦੀ ਸਫਾਈ ਸਾਲ 2019 ਦੇ ਬਰਸਾਤੀ ਮੌਸਮ ਤੋਂ ਪਹਿਲਾਂ ਕਰਵਾ ਦਿੱਤੀ ਜਾਵੇਗੀ।

------

## ਬਲਾਕ ਟਾਂਡਾ ਦੇ ਪਿੰਡਾਂ ਵਿੱਚੋਂ ਗੰਦੇ ਪਾਣੀ ਦੀ ਨਿਕਾਸੀ ਕਰਨਾ

***1941 (ਸੀ.ਯੂ). ਸਰਦਾਰ ਸੰਗਤ ਸਿੰਘ ਗਿਲਜੀਆਂ :** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੇ ਬਲਾਕ ਟਾਂਡਾ ਦੇ ਬੇਟ ਖੇਤਰ ਦੇ ਪਿੰਡਾਂ ਜਿਵੇਂ ਕਿ ਮਿਆਣੀ, ਭੂਲਪੁਰ, ਬੈਂਸ ਅਵੈਣ, ਤਲਵੰਡੀ ਡੋਡੀਆਂ, ਜ਼ੋਹਰਾ, ਕਲਿਆਣਪੁਰ, ਹਰਸੀਪਿੰਡ, ਜਾਜਾ ਆਦਿ ਦੇ ਨਿਵਾਸੀਆਂ ਵਿੱਚ ਗੰਭੀਰ ਬਿਮਾਰੀਆਂ ਫੈਲਣ ਤੋਂ ਰੋਕਣ ਲਈ ਗੰਦੇ ਪਾਣੀ ਦੀ ਨਿਯਮਤ ਨਿਕਾਸੀ ਲਈ ਚੁੱਕੇ ਜਾਣ ਵਾਲੇ ਪ੍ਰਸਤਾਵਿਤ ਕਦਮ ਕੀ ਕੀ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਨੂੰ ਕਿਹਾ ਗਿਆ ਹੈ ਕਿ ਉਹ ਆਪ ਵੱਲੋਂ ਦੱਸੇ ਗਏ ਪਿੰਡਾਂ ਵਿੱਚ ਮਗਨਰੇਗਾ ਦੇ ਫੰਡਾਂ ਦਾ ਇਸਤੇਮਾਲ ਕਰਦੇ ਹੋਏ ਸੀਚੇਵਾਲ ਮਾਡਲ ਤੇ ਪਿੰਡਾਂ ਦੇ ਛੱਪੜਾਂ ਵਿੱਚ ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਕਰਨ।

------

## ਨਿਵੇਸ਼ ਪੰਜਾਬ ਅਧੀਨ ਉਦਯੋਗਿਕ ਪਾਲਿਸੀ

***1942 (ਸੀ.ਯੂ). ਸਰਦਾਰ ਰਣਦੀਪ ਸਿੰਘ :** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੀ ਨਿਵੇਸ਼ ਪੰਜਾਬ ਅਧੀਨ ਉਦਯੋਗਿਕ ਪਾਲਿਸੀ ਕੀ ਹੈ ਅਤੇ ਮੌਜੂਦਾ ਸਾਸ਼ਨ ਕਾਲ ਦੌਰਾਨ ਰਾਜ ਵਿੱਚ ਕਿੰਨੀ ਰਾਸ਼ੀ ਉਦਯੋਗਿਕ ਨਿਵੇਸ਼ ਲਈ ਆਈ?

**ਸ਼੍ਰੀ ਸੁੰਦਰ ਸ਼ਾਮ ਅਰੋੜਾ:** ਸ਼੍ਰੀਮਾਨ ਜੀ, ਪੰਜਾਬ ਰਾਜ ਵਿੱਚ ਨਿਵੇਸ਼ ਨੂੰ ਬੜਾਵਾ ਦੇਣ ਲਈ ਉਦਯੋਗਿਕ ਵਪਾਰ ਤੇ ਵਿਕਾਸ ਪਾਲਿਸੀ-2017 ਮਿਤੀ 17.10.2017 ਨੂੰ ਨੋਟੀਫਾਈ ਕੀਤੀ ਗਈ। ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰਮੋਸ਼ਨ ਦੇ ਦਫਤਰ ਵਿਖੇ ਮਿਤੀ 15.1.2019 ਤੱਕ 802 ਤਜਵੀਜ਼ਾਂ 66802 ਕਰੋੜ ਰੁਪਏ ਦੀ ਰਾਸ਼ੀ ਨਾਲ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚ ਮੌਜੂਦਾ ਸਰਕਾਰ ਦੇ ਸਾਸ਼ਨ ਕਾਲ ਦੌਰਾਨ 348 ਤਜਵੀਜ਼ਾਂ ਰੁਪਏ 35480 ਕਰੋੜ ਦੀ ਰਾਸ਼ੀ ਨਾਲ ਪ੍ਰਾਜੈਕਟ ਸਥਾਪਤ ਕਰਨ ਲਈ ਪ੍ਰਾਪਤ ਹੋ ਚੁੱਕੀਆਂ ਹਨ।

------

## ਹਲਕਾ ਅਮਲੋਹ ਦੀਆਂ ਸੜਕਾਂ ਨੂੰ ਚੌੜਾ ਅਤੇ ਮੁਰੰਮਤ ਕਰਵਾਉਣਾ

***1944 (ਸੀ.ਯੂ.). ਸਰਦਾਰ ਰਣਦੀਪ ਸਿੰਘ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਵਿਧਾਨ ਸਭਾ ਹਲਕਾ ਅਮਲੋਹ ਵਿਚ ਪੈਂਦੀਆਂ ਸੜਕਾਂ ਨੂੰ ਚੌੜਾ ਅਤੇ ਮੁਰੰਮਤ ਕਰਵਾਉਣ ਲਈ ਸਰਕਾਰ ਦੀ ਯੋਜਨਾ ਕੀ ਹੈ ਅਤੇ ਕਿਸ ਸਕੀਮ ਅਧੀਨ ਅਜਿਹਾ ਕੀਤਾ ਜਾਵੇਗਾ ਅਤੇ ਇਸ ਉਪਰ ਖਰਚ ਕੀਤੀ ਜਾ ਰਹੀ ਅਨੁਮਾਨਿਤ ਲਾਗਤ ਕਿੰਨੀ ਹੈ;

ਅ) ਇਹ ਸੜਕਾਂ ਦੀ ਕਦੋਂ ਤੱਕ ਪੂਰੀ ਤਰ੍ਹਾਂ ਮੁਰੰਮਤ/ਚੌੜੀਆਂ ਕਰ ਦਿੱਤੀਆਂ ਜਾਣਗੀਆਂ ਅਤੇ ਇਸ ਸਬੰਧ ਵਿੱਚ ਟੈਂਡਰ ਪ੍ਰਣਾਲੀ ਮਿੱਥਣ ਲਈ ਸਮਾਂ ਸੀਮਾ ਕੀ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਵਿਧਾਨ ਸਭਾ ਹਲਕਾ ਅਮਲੋਹ ਮਾਰਕੀਟ ਕਮੇਟੀ ਅਮਲੋਹ ਵਿੱਚ ਪੈਂਦੀਆਂ 17 ਨੰਬਰ ਲਿੰਕ ਸੜਕਾਂ ਜਿਨ੍ਹਾਂ ਦੀ ਲੰਬਾਈ 47.22 ਕਿ:ਮੀ: ਹੈ, ਨੂੰ 570 ਲੱਖ ਰੁਪਏ ਦੀ ਲਾਗਤ ਨਾਲ ਸਪੈਸ਼ਲ ਰਿਪੇਅਰ ਪ੍ਰੋਗਰਾਮ 2018-19 ਫੇਜ਼-1 ਅਧੀਨ ਰਿਪੇਅਰ ਕੀਤਾ ਜਾ ਰਿਹਾ ਹੈ, ਜੋ ਕਿ ਮਿਤੀ 30.06.2019 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ।

ਇਸੇ ਹਲਕੇ ਵਿੱਚ ਪੈਂਦੀਆਂ 66 ਨੰਬਰ ਲਿੰਕ ਸੜਕਾਂ, ਜਿਨ੍ਹਾਂ ਦੀ ਲੰਬਾਈ 73.79 ਕਿ:ਮੀ: ਹੈ, ਨੂੰ 962.88 ਲੱਖ ਰੁਪਏ ਦੀ ਲਾਗਤ ਨਾਲ ਸਪੈਸ਼ਲ ਰਿਪੇਅਰ ਪ੍ਰੋਗਰਾਮ ਸਾਲ 2018-19 ਫੇਜ -।। ਅਧੀਨ ਰਿਪੇਅਰ ਕੀਤਾ ਜਾ ਰਿਹਾ ਹੈ ਅਤੇ ਇਹ ਕੰਮ ਸਾਲ 2019-20 ਵਿੱਚ ਟੈਂਡਰ ਲਗਾ ਕੇ ਮੁਕੰਮਲ ਕਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਅਮਲੋਹ ਭਾਂਬਰੀ ਬੁੱਗਾ ਸੜਕ 18.20 ਕਿ:ਮੀ: (ਓ.ਡੀ.ਆਰ.-08) ਨੂੰ 68.27 ਲੱਖ ਰੁਪਏ ਲਗਾ ਕੇ ਸਾਲਾਨਾ ਮੈਂਟੀਨੈਂਸ ਹੈੱਡ 3054 ਅਧੀਨ ਪੈਚ ਵਰਕ ਦਾ ਕੰਮ ਮਈ, 2019 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ।

-----

## ਕਿਸਾਨਾਂ ਵੱਲੋਂ ਕੀਤੀਆਂ ਗਈਆਂ ਖੁਦਕੁਸ਼ੀਆਂ ਦੇ ਵੇਰਵੇ

***1945. (ਸੀ.ਯੂ). 1. ਸਰਦਾਰ ਕੁਲਤਾਰ ਸਿੰਘ ਸੰਧਵਾਂ**
**2. ਸਰਦਾਰ ਬਿਕਰਮ ਸਿੰਘ ਮਜੀਠੀਆ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਮਾਰਚ, 2017 ਤੋਂ ਲੈ ਕੇ 31 ਦਸੰਬਰ, 2018 ਤੱਕ ਰਾਜ ਵਿੱਚ ਕਿੰਨੇ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਕਿਸਾਨਾਂ ਵਿਚੋਂ ਜਿਨ੍ਹਾਂ ਦੇ ਵਾਰਸਾਂ ਨੂੰ 10 ਲੱਖ ਰੁਪਏ ਵਿੱਤੀ ਸਹਾਇਤਾ ਦਿੱਤੀ ਗਈ ਹੈ ਉਨ੍ਹਾਂ ਦੇ ਜ਼ਿਲ੍ਹਾ ਵਾਰ ਵੇਰਵੇ ਕੀ ਹਨ ਅਤੇ ਕੀ ਇਸ ਰਾਸ਼ੀ ਵਿੱਚ ਵਾਧਾ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਹਰ ਇੱਕ ਲਾਭਪਾਤਰੀ ਦਾ ਨਾਮ ਅਤੇ ਦਿੱਤੀ ਗਈ ਰਾਸ਼ੀ ਦੇ ਵੇਰਵੇ ਕੀ ਹਨ;

ੲ) ਉਪਰੋਕਤ ਵਰਣਿਤ ਮ੍ਰਿਤਕ ਕਿਸਾਨਾਂ ਵਿਚੋਂ ਰਹਿ ਗਏ ਕਿਸਾਨਾਂ ਦੇ ਵਾਰਸਾਂ ਨੂੰ ਵਿੱਤੀ ਸਹਾਇਤਾ ਕਦੋਂ ਤੱਕ ਦਿੱਤੀ ਜਾਵੇਗੀ ਅਤੇ ਪੀੜਤ ਪਰਿਵਾਰਾਂ ਦੇ ਕਿੰਨੇ ਮੈਂਬਰਾਂ ਨੂੰ ਸਰਕਾਰ ਵੱਲੋਂ ਹੁਣ ਤੱਕ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ ਅਤੇ ਬਕਾਇਆ ਕੇਸਾਂ ਦੀ ਜ਼ਿਲ੍ਹਾਵਾਰ ਗਿਣਤੀ ਕੀ ਹੈ?

**ਮਾਲ ਅਤੇ ਪੁਨਰਵਾਸ ਤੇ ਡਿਜਾਸਟਰ ਮੈਨੇਜਮੈਂਟ ਮੰਤਰੀ (ਸਰਦਾਰ ਗੁਰਪ੍ਰੀਤ ਸਿੰਘ ਕਾਂਗੜ) :** ਹਾਂ ਜੀ।

ੳ) ਮਾਰਚ, 2017 ਤੋਂ 31.12.2018 ਤੱਕ 231 ਕਿਸਾਨਾਂ/ਖੇਤ ਮਜ਼ਦੂਰਾਂ ਵੱਲੋਂ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀਆਂ ਕੀਤੀਆਂ ਹਨ।

ਅ) ਖੇਤੀਬਾੜੀ ਵਿਭਾਗ ਦੀ ਰਿਪੋਰਟ ਅਨੁਸਾਰ ਮ੍ਰਿਤਕ ਕਿਸਾਨਾਂ ਦੇ ਪਰਿਵਾਰਾਂ ਨੂੰ 10.00 ਲੱਖ ਰੁਪਏ ਦੀ ਰਾਸ਼ੀ ਮੁਹੱਈਆ ਕਰਵਾਉਣ ਸਬੰਧੀ ਖੇਤੀਬਾੜੀ ਵਿਭਾਗ ਵੱਲੋਂ ਕੋਈ ਪਾਲਿਸੀ ਜਾਰੀ ਨਹੀਂ ਕੀਤੀ ਗਈ ਹੈ ਅਤੇ ਨਾ ਹੀ ਇਸ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀ ਪਾਲਿਸੀ ਮਿਤੀ 23.07.2015 ਅਨੁਸਾਰ 3.00 ਲੱਖ ਰੁਪਏ ਪ੍ਰਤੀ ਪਰਿਵਾਰ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ੲ) ਖੇਤੀਬਾੜੀ ਵਿਭਾਗ ਦੀ ਪਾਲਿਸੀ ਮਿਤੀ 23.07.2015 ਅਨੁਸਾਰ ਕਰਜ਼ੇ ਦੇ ਬੋਝ ਕਾਰਨ 231 ਕਿਸਾਨਾਂ/ਖੇਤ ਮਜ਼ਦੂਰਾਂ ਵੱਲੋਂ ਕੀਤੀਆਂ ਗਈਆਂ ਖੁਦਕੁਸ਼ੀਆਂ ਦੇ ਸਬੰਧ ਵਿਚ ਉਨ੍ਹਾਂ ਦੇ ਪਰਿਵਾਰਾਂ ਨੂੰ 693 ਲੱਖ ਰੁਪਏ ਵਿੱਤੀ ਸਹਾਇਤਾ ਜਾਰੀ ਕਰ ਦਿੱਤੀ ਗਈ ਹੈ। ਖੇਤੀਬਾੜੀ ਵਿਭਾਗ ਦੀ ਪਾਲਿਸੀ ਮੁਤਾਬਿਕ ਕਰਜੇ ਕਾਰਨ ਖੁਦਕੁਸ਼ੀ ਕਰ ਚੁੱਕੇ ਕਿਸਾਨਾਂ/ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਨੌਕਰੀ ਦੇਣ ਦਾ ਕੋਈ ਉਪਬੰਧ ਨਹੀਂ ਹੈ।

------

## ਦਲਿਤ ਵਿਦਿਆਰਥੀਆਂ ਨੂੰ ਵਜ਼ੀਫਾ ਦੇਣਾ

***1946 (ਸੀ.ਯੂ.) ਸ਼੍ਰੀ ਬੁੱਧ ਰਾਮ:** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

ੳ) ਬੁਢਲਾਡਾ ਸਬ-ਡਵੀਜ਼ਨ ਵਿੱਚ ਕਿੰਨੇ ਦਲਿਤ ਵਿਦਿਆਰਥੀਆਂ ਨੂੰ ਸਾਲ 2017-18 ਅਤੇ 2018-19 ਵਿੱਚ ਪੋਸਟ ਮੈਟ੍ਰਿਕ ਵਜ਼ੀਫਾ ਦਿੱਤਾ ਗਿਆ ਹੈ;

ਅ) ਕਿੰਨੇ ਦਲਿਤ ਵਿਦਿਆਰਥੀਆਂ ਨੂੰ ਪ੍ਰੀ ਮੈਟ੍ਰਿਕ ਵਜ਼ੀਫਾ ਦਿੱਤਾ ਜਾ ਚੁੱਕਾ ਹੈ; ਜੇਕਰ ਨਹੀਂ ਦਿੱਤਾ ਤਾਂ ਇਹ ਵਜ਼ੀਫਾ ਅਜੇ ਤੱਕ ਕਿਉਂ ਨਹੀਂ ਦਿੱਤਾ ਗਿਆ;

ੲ) ਸਰਕਾਰ ਬਕਾਇਆ ਵਜ਼ੀਫਾ ਪੋਸਟ/ਪ੍ਰੀ ਮੈਟਰਿਕ ਕਦੋਂ ਤੱਕ ਵਿਦਿਆਰਥੀਆਂ ਨੂੰ ਜਾਰੀ ਕਰੇਗੀ?

**ਸਰਦਾਰ ਸਾਧੂ ਸਿੰਘ :** (ੳ) ਕੇਂਦਰੀ ਪ੍ਰਾਯੋਜਿਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਸਾਲ 2017-18 ਅਤੇ 2018-19 ਵਿੱਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਜਾਰੀ ਕੀਤੀ ਗਈ ਰਾਸ਼ੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

(ਰਕਮ ਲੱਖਾਂ ਵਿੱਚ)

| ਸਕੀਮ ਦਾ ਨਾਂ | ਐਸ.ਸੀ. ਵਿਦਿਆਰਥੀਆਂ ਦੀ ਗਿਣਤੀ, ਰਾਸ਼ੀ ਅਤੇ ਸਾਲ | | | ਐਸ.ਸੀ. ਵਿਦਿਆਰਥੀਆਂ ਦੀ ਗਿਣਤੀ, ਰਾਸ਼ੀ ਅਤੇ ਸਾਲ | | |
|---|---|---|---|---|---|---|
| | ਗਿਣਤੀ | ਰਾਸ਼ੀ | ਸਾਲ | ਗਿਣਤੀ | ਰਾਸ਼ੀ | ਸਾਲ |
| ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ (ਕੇਂਦਰੀ ਪ੍ਰਾਯੋਜਿਤ ਸਕੀਮ) | 3788 | 55.28 | 2017-18 | 1953 (ਸਾਲ 2015-16 ਅਤੇ 2016-17 ਦੇ ਬੈਕਲਾਗ ਦੇ ਵਿਦਿਆਰਥੀ) | 335.08 | 2018-19 |

(ਅ) ਭਾਰਤ ਸਰਕਾਰ ਵੱਲੋਂ ਕੇਂਦਰੀ ਪ੍ਰਾਯੋਜਿਤ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ (9th and 10th class) ਤਹਿਤ ਸਾਲ 2016-17 ਦੇ ਬਕਾਇਆ 81795 ਟੀਚਿਆਂ ਲਈ 18.43 ਕਰੋੜ ਰੁਪਏ ਦੀ ਰਾਸ਼ੀ ਸਾਲ 2017-18 ਦੌਰਾਨ ਜਾਰੀ ਕੀਤੀ ਗਈ ਸੀ, ਜਿਸ ਵਿੱਚੋਂ ਸਬ-ਡਵੀਜ਼ਨ ਬੁਢਲਾਡਾ ਦੇ 87 ਵਿਦਿਆਰਥੀਆਂ ਲਈ 2.06 ਲੱਖ ਰੁਪਏ ਦੀ ਰਾਸ਼ੀ ਸਾਲ 2018-19 ਦੌਰਾਨ ਜਾਰੀ ਕੀਤੀ ਗਈ ਹੈ।

- ਇਸ ਸਕੀਮ ਤਹਿਤ ਸਾਲ 2017-18 ਅਤੇ 2018-19 ਦੇ ਸੈਸ਼ਨ ਦੇ ਵਿਦਿਆਰਥੀਆਂ ਦੇ ਵਜ਼ੀਫੇ ਦੀ ਰਾਸ਼ੀ ਭਾਰਤ ਸਰਕਾਰ ਵੱਲੋਂ ਫੰਡਜ਼ ਪ੍ਰਾਪਤ ਨਾ ਹੋਣ ਕਾਰਨ ਵਜ਼ੀਫੇ ਦੀ ਅਦਾਇਗੀ ਨਹੀਂ ਕੀਤੀ ਜਾ ਸਕੀ।

(ੲ) ਭਾਰਤ ਸਰਕਾਰ ਤੋਂ ਇਨ੍ਹਾਂ ਕੇਂਦਰੀ ਪ੍ਰਾਯੋਜਿਤ ਸਕੀਮਾਂ ਤਹਿਤ ਫੰਡ ਰਲੀਜ਼ ਹੋਣ ਉਪਰੰਤ ਵਿਦਿਆਰਥੀਆਂ ਨੂੰ ਵਜ਼ੀਫੇ ਦੀ ਰਾਸ਼ੀ ਜਾਰੀ ਕੀਤੀ ਜਾਵੇਗੀ।

------

## ਆਊਟ ਸੋਰਸਿੰਗ, ਐਡਹਾਕ ਅਤੇ ਠੇਕਾ ਕਰਮਚਾਰੀਆਂ ਨੂੰ ਪੱਕਾ ਕਰਨਾ

***1948 (ਸੀ.ਯੂ) ਸ਼੍ਰੀ ਬੁੱਧ ਰਾਮ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਅਧੀਨ ਪਿਛਲੇ ਦਸ (10) ਸਾਲਾਂ ਤੋਂ ਜ਼ਿਆਦਾ ਸਮੇਂ ਤੋਂ ਆਊਟ ਸੋਰਸਿੰਗ, ਐਡਹਾਕ ਅਤੇ ਠੇਕਾ ਆਧਾਰਿਤ ਜੋ ਕਰਮਚਾਰੀ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਪੱਕਾ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਰਮਚਾਰੀ ਕਦੋਂ ਤੱਕ ਪੱਕੇ ਕਰ ਦਿੱਤੇ ਜਾਣਗੇ?

**ਕੈਪਟਨ ਅਮਰਿੰਦਰ ਸਿੰਘ:** ਹਾਂ ਜੀ, ਇਹ ਮਾਮਲਾ ਸਰਕਾਰ ਵੱਲੋਂ ਗਠਿਤ ਮੰਤਰੀਆਂ ਦੀ ਕਮੇਟੀ ਦੇ ਵਿਚਾਰ ਅਧੀਨ ਹੈ ਜਿਸ ਦੀ ਸਿਫਾਰਸ਼ਾਂ ਪ੍ਰਾਪਤ ਹੋਣ ਤੇ ਮਾਮਲੇ ਨੂੰ ਮੰਤਰੀ ਪ੍ਰੀਸ਼ਦ ਵੱਲੋਂ ਵਿਚਾਰਿਆ ਜਾਵੇਗਾ। ਇਸ ਉਪਰੰਤ ਬਣਦੀ ਕਾਰਵਾਈ ਕੀਤੀ ਜਾਵੇਗੀ।

------

## ਸ.ਸ.ਸ.ਸ. ਬੋਹਾ ਦੀ ਜ਼ਮੀਨ ਨੂੰ ਨਜਾਇਜ਼ ਕਬਜੇ ਤੋਂ ਛੁਡਾਉਣਾ

***1950 (ਸੀ.ਯੂ). ਸ਼੍ਰੀ ਬੁੱਧ ਰਾਮ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਬੋਹਾ ਲਈ ਸੇਠ ਸੋਲੀ ਰਾਮ ਨੇ 1973 ਵਿੱਚ 9 ਕਨਾਲਾਂ ਜ਼ਮੀਨ ਦਾਨ ਵਿੱਚ ਦਿੱਤੀ ਸੀ ਅਤੇ ਢਾਈ ਏਕੜ ਜਮੀਨ ਸਕੂਲ ਨੂੰ ਉਦੋਂ ਗ੍ਰਾਮ ਪੰਚਾਇਤ ਬੋਹਾ ਨੇ ਦਿੱਤੀ ਸੀ:

ਅ) ਕੀ ਇਹ ਵੀ ਠੀਕ ਹੈ ਕਿ ਉਕਤ ਸਕੂਲ ਦੀ ਜ਼ਮੀਨ ਨੂੰ ਭੌਂ-ਮਾਫੀਆ ਨੇ ਨਜਾਇਜ਼ ਕਬਜ਼ੇ ਵਿੱਚ ਲਿਆ ਹੈ; ਜੇਕਰ ਅਜਿਹਾ ਹੈ ਤਾਂ ਸਰਕਾਰ ਇਹ ਜ਼ਮੀਨ ਨੂੰ ਵਾਪਸ ਸਕੂਲ ਨੂੰ ਦੇਣ ਲਈ ਕੀ ਕਾਰਵਾਈ ਕਰ ਰਹੀ ਹੈ ਕਿਉਂਕਿ ਸਕੂਲ ਕੋਲ 600 ਬੱਚਿਆ ਲਈ ਪਹਿਲਾਂ ਹੀ ਜਗ੍ਹਾ ਦੀ ਤੰਗੀ ਹੈ?

**ਸ਼੍ਰੀ ਓਮ ਪ੍ਰਕਾਸ਼ ਸੋਨੀ :** ੳ) ਹਾਂ ਜੀ, ਇਹ ਠੀਕ ਹੈ ਕਿ ਸੇਠ ਮੋਲੀ ਰਾਮ ਨੇ 9 ਕਨਾਲ ਜ਼ਮੀਨ ਦਾਨ ਦਿੱਤੀ ਅਤੇ ਪੰਚਾਇਤ ਬੋਹਾ ਨੇ ਢਾਈ ਏਕੜ ਜ਼ਮੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਾ ਨੂੰ ਦਿੱਤੀ।

ਅ) ਹਾਂ ਜੀ, ਇਹ ਠੀਕ ਹੈ ਕਿ ਗ੍ਰਾਮ ਪੰਚਾਇਤ ਪਿੰਡ ਬੋਹਾ ਵੱਲੋਂ ਦਿੱਤੀ ਜ਼ਮੀਨ ਵਿੱਚ ਛੱਪੜ ਬਣਿਆ ਹੋਇਆ ਹੈ। ਕੁਝ ਲੋਕਾਂ ਦਾ ਨਜਾਇਜ਼ ਕਬਜ਼ਾ ਹੈ । ਪੰਚਾਇਤ ਦੇ ਸਹਿਯੋਗ ਨਾਲ ਨਜਾਇਜ਼ ਕਬਜ਼ੇ ਵਾਲੀ ਜ਼ਮੀਨ ਦਾ ਦੌਰਾ ਉਪ-ਮੰਡਲ ਅਫਸਰ ਬੁਢਲਾਡਾ ਤੋਂ ਕਰਵਾਇਆ ਗਿਆ। ਉਨ੍ਹਾਂ ਵੱਲੋਂ ਸਕੂਲ ਦੀ ਜ਼ਮੀਨ ਦਾ ਦੁਬਾਰਾ ਨਿਸ਼ਾਨਦੇਹੀ ਕਰਵਾਉਣ ਦਾ ਵਿਸ਼ਵਾਸ ਦਿਵਾਇਆ ਗਿਆ ਹੈ। ਇਸ ਵਿਸ਼ੇ ਸਬੰਧੀ ਡਾਇਰੈਕਟਰ

ਜਨਰਲ ਸਕੂਲ ਸਿੱਖਿਆ ਵੱਲੋਂ ਡਿਪਟੀ ਕਮਿਸ਼ਨਰ, ਮਾਨਸਾ ਨੂੰ ਉਪਰੋਕਤ ਜ਼ਮੀਨ ਦਾ ਨਜਾਇਜ਼ ਕਬਜ਼ਾ ਹਟਾਉਣ ਸਬੰਧੀ ਪੱਤਰ ਜਾਰੀ ਕੀਤਾ ਗਿਆ ਹੈ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰ:1951 (ਸੀ.ਯੂ.)****

------

**ਬੁਢਲਾਡਾ ਸਬ-ਡਵੀਜ਼ਨ ਵਿਚ ਫਾਇਰ ਬ੍ਰਿਗੇਡ ਦੀ ਸਹੂਲਤ ਦੇਣਾ**

***1952 (ਸੀ.ਯੂ). ਸ਼੍ਰੀ ਬੁੱਧ ਰਾਮ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੁਢਲਾਡਾ ਸਬ-ਡਵੀਜ਼ਨ ਲਈ ਕੋਈ ਫਾਇਰ ਬ੍ਰਿਗੇਡ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਬੁਢਲਾਡਾ ਲਈ ਫਾਇਰ ਬ੍ਰਿਗੇਡ ਦੇਣ ਦੀ ਕੋਈ ਸਕੀਮ ਉਤੇ ਵਿਚਾਰ ਕਰੇਗੀ ?

**ਸਰਦਾਰ ਨਵਜੋਤ ਸਿੰਘ ਸਿੱਧੂ :** ਜੀ ਹਾਂ, ਬੁਢਲਾਡਾ ਵਿਖੇ ਇਸ ਸਮੇਂ ਫਾਇਰ ਸਟੇਸ਼ਨ ਸਥਾਪਤ ਨਹੀਂ ਹੈ। ਨਗਰ ਕੌਂਸਲ, ਬੁਢਲਾਡਾ ਦੀ ਹੱਦ ਤੋਂ 20 ਕਿਲੋਮੀਟਰ ਦੀ ਦੂਰੀ ਤੇ ਮਾਨਸਾ ਵਿਖੇ ਸਥਾਪਤ ਫਾਇਰ ਸਟੇਸ਼ਨ ਤੋਂ ਸੇਵਾਵਾਂ ਲਈਆਂ ਜਾਂਦੀਆਂ ਹਨ।

------

**ਫਸਲ ਦੇ ਨੁਕਸਾਨ ਦਾ ਮੁਆਵਜ਼ਾ ਦੇਣਾ**

***1953 (ਸੀ.ਯੂ.) ਸ਼੍ਰੀ ਬੁੱਧ ਰਾਮ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੇ ਸਾਲ ਅਪ੍ਰੈਲ, 2018 ਵਿੱਚ ਹਲਕਾ ਬੁਢਲਾਡਾ ਸਬ-ਡਵੀਜ਼ਨ ਦੇ ਲਗਭਗ 9 ਪਿੰਡਾਂ ਵਿੱਚ ਕਣਕ (ਖੜ੍ਹੀ) ਨੂੰ ਅੱਗ ਲੱਗ ਜਾਣ ਨਾਲ ਭਾਰੀ ਨੁਕਸਾਨ ਹੋਇਆ ਸੀ; ਜੇਕਰ ਅਜਿਹਾ ਹੋਵੇ ਤਾਂ ਕੀ ਹੁਣ ਤੱਕ ਉਸ ਨੁਕਸਾਨ ਲਈ ਪੀੜਤ ਕਿਸਾਨਾਂ/ਮਜ਼ਦੂਰਾਂ ਨੂੰ ਕਿੰਨਾ-ਕਿੰਨਾ ਮੁਆਵਜ਼ਾ ਦਿੱਤਾ ਗਿਆ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਹਾਂ ਜੀ, ਅਪ੍ਰੈਲ, 2018 ਵਿੱਚ ਹਲਕਾ ਬੁਢਲਾਡਾ ਦੇ 9 ਪਿੰਡਾਂ ਮੰਡੇਰ, ਗੁਰਨੇ ਕਲਾਂ, ਬੱਡੋਆਣਾ, ਬੋੜਾਵਾਲ, ਭਾਦੜਾਂ ਰਿਉਂਦ ਖੁਰਦ, ਦਿਆਲਪੁਰਾ, ਖੱਤਰੀਵਾਲਾ ਦੇ ਕਿਸਾਨਾਂ ਦੀ 3,86,300/- ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ। ਪਿੰਡ ਕਿਸ਼ਨਗੜ੍ਹ ਵਿੱਚ ਫਸਲਾਂ ਦਾ ਕੋਈ ਨੁਕਸਾਨ ਨਹੀਂ ਹੋਇਆ। ਇਸ ਦੇ ਵੇਰਵੇ ਅਨੁਲੱਗ-ੳ ਤੇ ਉਪਲਬੱਧ ਹਨ।

---

** ਸੀ.ਯੂ. ਪ੍ਰਸ਼ਨ ਨੰ: 1951 ਦਾ ਉੱਤਰ ਅਨੈਕਸਚਰ ਦੀ ਫਾਈਨਲ ਛਪਾਈ ਤੱਕ ਪ੍ਰਾਪਤ ਨਹੀਂ ਹੋਇਆ।

## ਅਨੁਲੱਗ ੳ

## ਹਲਕਾ ਬੁਢਲਾਡਾ ਦੇ ਪਿੰਡਾਂ ਦੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਸਬੰਧੀ

| ਲੜੀ ਨੰ: | ਕਿਸਾਨਾਂ ਦੇ ਨਾਮ | ਪਿੰਡਾਂ ਦੇ ਨਾਮ | ਬਣਦਾ ਮੁਆਵਜ਼ਾ |
|---|---|---|---|
| 1. | ਹਰਨੇਕ ਸਿੰਘ ਪੁੱਤਰ ਬਲੋ ਸਿੰਘ ਚੌਤੇਦਾਰ ਮਾਰਫਤ ਬਲਦੇਵ ਸਿੰਘ ਪੁੱਤਰ ਰੂਪ ਸਿੰਘ | ਮੰਡੇਰ | 21,700 |
| 2. | ਕਰਨੈਲ ਸਿੰਘ ਪੁੱਤਰ ਨਿਰੰਜਨ ਸਿੰਘ | ਮੰਡੇਰ | 6600 |
| 3. | ਨਛੱਤਰ ਸਿੰਘ ਪੁੱਤਰ ਬੰਤ ਸਿੰਘ | ਮੰਡੇਰ | 52,750 |
| 4. | ਕਰਮਜੀਤ ਸਿੰਘ ਪੁੱਤਰ ਮੰਗਲਗਿਰ ਚਕੌਤੇਦਾਰ ਤਹਿਤ ਅਮਨਦੀਪ ਸਿੰਘ ਪੁੱਤਰ ਜਗਦੀਸ ਸਿੰਘ | ਗੁਰਨੇਕਲ੍ਹਾਂ | 12,500 |
| 5. | ਮੱਖਣ ਸਿੰਘ ਪੁੱਤਰ ਨਰੰਜਣ ਸਿੰਘ | ਬੱਡੋਆਣਾ | 23,000 |
| 6. | ਕੇਵਲ ਸਿੰਘ ਪੁੱਤਰ ਜੰਗ ਸਿੰਘ | ਬੱਡੋਆਣਾ | 14,900 |
| 7. | ਹਰਪਾਲ ਸਿੰਘ ਪੁੱਤਰ ਚੰਦ ਸਿੰਘ | ਬੱਡੋਆਣਾ | 23,800 |
| 8. | ਚੰਦ ਸਿੰਘ ਪੁੱਤਰ ਕਰਤਾਰ ਸਿੰਘ | ਬੱਡੋਆਣਾ | 7,350 |
| 9. | ਅਜੈਬ ਸਿੰਘ ਪੁੱਤਰ ਬਲਵੰਤ ਸਿੰਘ | ਰਿਉਂਦ ਖੁਰਦ | 15,800 |
| 10. | ਜਸਕਰਨ ਸਿੰਘ ਪੁੱਤਰ ਮੇਹਰ ਸਿੰਘ | ਰਿਉਂਦ ਖੁਰਦ | 7,500 |
| 11. | ਇਕਬਾਲ ਸਿੰਘ ਪੁੱਤਰ ਨਛੱਤਰ ਸਿੰਘ | ਰਿਉਂਦ ਖੁਰਦ | 24,000 |
| 12. | ਸੁਖਦੇਵ ਸਿੰਘ ਪੁੱਤਰ ਬਲਵੀਰ ਸਿੰਘ | ਰਿਉਂਦ ਖੁਰਦ | 19,000 |
| 13. | ਮਨਦੀਪ ਸਿੰਘ ਪੁੱਤਰ ਸਾਉਣ ਸਿੰਘ | ਦਿਆਲਪੁਰਾ | 8000 |
| 14. | ਗੁਰਸੇਵਕ ਸਿੰਘ ਪੁੱਤਰ ਹਰਨੇਕ ਸਿੰਘ | ਦਿਆਲਪੁਰਾ | 20,000 |
| 15. | ਛਲਵਿੰਦਰ ਸਿੰਘ ਪੁੱਤਰ ਚੰਦ ਸਿੰਘ | ਦਿਆਲਪੁਰਾ | 63,000 |
| 16. | ਲਾਭ ਸਿੰਘ ਪੁੱਤਰ ਚੰਦ ਸਿੰਘ | ਭਾਦੜਾਂ | 16,000 |
| 17. | ਅਮਨਦੀਪ ਸਿੰਘ ਪੁੱਤਰ ਚੇਤ ਸਿੰਘ | ਭਾਦੜਾਂ | 8,000 |
| 18. | ਦਰਸਨ ਸਿੰਘ ਪੁੱਤਰ ਗੁਰਦਿਆਲ ਸਿੰਘ | ਭਾਦੜਾਂ | 36,400 |
| 19. | ਰਾਮ ਪ੍ਰਕਾਸ ਪੁੱਤਰ ਸੰਤ ਰਾਮ | ਖੱਤਰੀਵਾਲ | 2,000 |
| 20. | ਬਲਵੀਰ ਸਿੰਘ ਪੁੱਤਰ ਕਲਿਆਣ ਸਿੰਘ | ਬੋੜਾਵਾਲ | 4,000 |
| | | **ਕੁੱਲ** | **3,86,300** |

------

## ਅਸਲਾ ਲਾਇਸੈਂਸ ਵਾਸਤੇ ਇਲਾਜ ਅਧੀਨ ਪ੍ਰਾਰਥੀਆਂ ਨੂੰ ਡੋਪ ਟੈਸਟ ਤੋਂ ਛੋਟ ਦੇਣਾ

***1954. (ਸੀ.ਯੂ.) ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਰਾਜ ਵਿੱਚ ਨਵਾਂ ਅਸਲਾ ਲਾਇਸੈਂਸ ਬਣਾਉਣ ਜਾਂ ਰਿਨਿਊ ਕਰਵਾਉਣ ਵਾਲੇ ਵਿਅਕਤੀਆਂ ਦਾ ਡੋਪ ਟੈਸਟ ਲਾਜ਼ਮੀ ਕਰ ਦਿੱਤਾ ਹੈ ਅਤੇ ਜਿਹਨਾਂ ਦਾ ਡੋਪ ਟੈਸਟ ਪਾਜ਼ੇਟਿਵ ਆ ਜਾਂਦਾ ਹੈ ਉਨ੍ਹਾਂ ਵਿਅਕਤੀਆਂ ਨੂੰ ਅਸਲਾ ਲਾਇਸੈਂਸ ਬਣਾਉਣ/ਰੀਨਿਊ ਕਰਵਾਉਣ ਤੋਂ ਅਯੋਗ ਕਰਾਰ ਦੇ ਦਿੱਤਾ ਜਾਂਦਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਜਿਹੜੇ ਵਿਅਕਤੀ ਡਾਕਟਰਾਂ ਦੀ ਸਲਾਹ ਨਾਲ ਲਗਾਤਾਰ ਦਵਾਈ ਲੈ ਰਹੇ ਹਨ ਤੇ ਉਨ੍ਹਾਂ ਦਾ ਡੋਪ ਟੈਸਟ ਪਾਜ਼ੇਟਿਵ ਆਉਣ ਕਾਰਨ ਅਸਲਾ ਲਾਇਸੈਂਸ ਪ੍ਰਾਪਤ ਕਰਨ ਤੋਂ ਆਯੋਗ ਹੋ ਜਾਂਦੇ ਹਨ, ਕੀ ਅਜਿਹੇ ਵਿਅਕਤੀਆਂ ਨੂੰ ਡਾਕਟਰ ਦੀ ਸਲਾਹ ਤੇ ਡੋਪ ਟੈਸਟ ਤੋਂ ਛੋਟ ਦੇਣ ਜਾਂ ਉਨ੍ਹਾਂ ਨੂੰ ਇੱਕ ਹੋਰ ਮੌਕਾ ਦੇਣ ਬਾਰੇ ਸਰਕਾਰ ਕੋਈ ਵਿਚਾਰ ਕਰ ਰਹੀ ਹੈ; ਜੇਕਰ ਨਹੀਂ ਤਾਂ ਇਸਦੇ ਕਾਰਨ ਕੀ ਹਨ;

ੲ) ਰਾਜ ਦੇ ਜਿਹੜੇ ਲੋਕਾਂ ਕੋਲ ਪਿਛਲੇ ਲੰਮੇ ਸਮੇਂ ਤੋਂ ਅਸਲਾ ਲਾਇਸੈਂਸ ਹਨ ਤੇ ਹੁਣ ਉਨ੍ਹਾਂ ਦੇ ਬਹੁਤ ਬਜ਼ੁਰਗ ਹੋ ਜਾਣ ਕਾਰਨ ਜਾਂ ਉਨ੍ਹਾਂ ਦੀ ਮੌਤ ਹੋਣ ਦੀ ਸੂਰਤ ਵਿੱਚ ਕੀ ਸਰਕਾਰ ਉਨ੍ਹਾਂ ਦੇ ਪਰਿਵਾਰ ਵਿੱਚੋਂ ਕਿਸੇ ਇੱਕ ਯੋਗ ਮੈਂਬਰ ਨੂੰ ਅਸਲੇ ਦਾ ਲਾਇਸੈਂਸ ਪਹਿਲ ਦੇ ਅਧਾਰ ਤੇ ਦੇਣ ਬਾਰੇ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ?

**ਕੈਪਟਨ ਅਮਰਿੰਦਰ ਸਿੰਘ :** (ੳ) ਹਾਂ ਜੀ, ਪਰੰਤੂ ਸੀਨੀਅਰ ਸਿਟੀਜ਼ਨ ਅਤੇ ਸਾਬਕਾ ਫੌਜੀਆਂ ਨੂੰ ਡੋਪ ਟੈਸਟ ਕਰਉਣ ਤੋਂ ਛੋਟ ਦਿੱਤੀ ਗਈ ਹੈ।

ਅ) ਜੇਕਰ ਬਿਨੇਕਾਰ ਲੰਬੇ ਸਮੇਂ ਤੋਂ ਡਾਕਟਰ ਦੀ ਸਲਾਹ ਤੇ ਦਵਾਈ ਲੈ ਰਿਹਾ ਹੈ ਅਤੇ ਉਸ ਦਾ ਡੋਪ ਟੈਸਟ ਪਾਜ਼ੇਟਿਵ ਹੈ ਤਾਂ ਸਬੰਧਤ ਡਾਕਟਰ ਤੋਂ ਸ਼ਪੱਸ਼ਟੀਕਰਨ ਮੰਗਿਆ ਜਾਂਦਾ ਹੈ। ਜੇਕਰ ਅਸਲੇ ਦਾ ਲਾਇਸੰਸ ਰਿਨਿਊ ਕਰਵਾਉਣ ਵਾਲੇ ਪ੍ਰਾਰਥੀ ਦਾ ਕਰੋਨਿਕ ਬਿਮਾਰੀ ਦੀ ਦਵਾਈ ਖਾਣ ਕਾਰਨ ਕੇਸ ਪਾਜ਼ੇਟਿਵ ਆਉਂਦਾ ਹੈ ਤਾਂ ਜਦੋਂ ਪ੍ਰਾਰਥੀ ਆਪਣੇ ਆਪ ਨੂੰ ਠੀਕ ਮਹਿਸੂਸ ਕਰੇ ਉਦੋਂ ਉਸ ਦਾ ਦੁਬਾਰਾ ਡੋਪ ਟੈਸਟ ਕਰਵਾਉਣ ਦਾ ਉਪਬੰਧ ਕੀਤਾ ਗਿਆ ਹੈ।

[ਮੁੱਖ ਮੰਤਰੀ]

ੲ) ਰਾਜ ਦੇ ਜਿਨ੍ਹਾਂ ਲੋਕਾਂ ਕੋਲ ਲੰਬੇ ਸਮੇਂ ਤੋਂ ਅਸਲਾ ਲਾਇਸੈਂਸ ਹਨ ਅਤੇ ਉਹ ਬਹੁਤ ਬਜ਼ੁਰਗ ਹੋ ਗਏ ਹਨ ਜਾਂ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ, ਉਨ੍ਹਾਂ ਦੇ ਪਰਿਵਾਰ ਦੇ ਯੋਗ ਹੋਣ ਦੀ ਸੂਰਤ ਵਿੱਚ ਅਸਲੇ ਦਾ ਲਾਇਸੈਂਸ ਆਰਮਜ਼ ਰੂਲਜ, 2016 ਤਹਿਤ ਫੈਮਲੀ ਹੇਅਰਲੂਮ (Hairloom) ਸ਼੍ਰੇਣੀ ਤਹਿਤ ਵਿਚਾਰ ਕੀਤਾ ਜਾਂਦਾ ਹੈ।

------

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗੋਵਾਲ, ਜ਼ਿਲ੍ਹਾ ਜਲੰਧਰ ਵਿੱਚ ਅਧਿਆਪਕਾਂ ਦੀਆਂ ਅਸਾਮੀਆਂ ਬਾਰੇ

***1955. (ਸੀ.ਯੂ.) ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਜਲੰਧਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ, ਸੰਗੋਵਾਲ ਵਿਚ ਅਧਿਆਪਕਾਂ ਦੀਆਂ ਕੁੱਲ ਕਿੰਨੀਆਂ ਅਸਾਮੀਆਂ ਮਨਜ਼ੂਰਸ਼ੁਦਾ ਹਨ ਅਤੇ ਉਨ੍ਹਾਂ ਵਿਚੋਂ ਕਿੰਨੀਆਂ ਇਸ ਵੇਲੇ ਭਰੀਆਂ ਹੋਈਆਂ ਹਨ ਅਤੇ ਖਾਲੀ ਪਈਆਂ ਅਸਾਮੀਆਂ ਨੂੰ ਕਿੰਨੇ ਚਿਰ ਵਿਚ ਭਰ ਦਿੱਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਜ਼ਿਲ੍ਹਾ ਜਲੰਧਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ/ਪ੍ਰਾਇਮਰੀ ਸਕੂਲ, ਸੰਗੋਵਾਲ ਵਿਚ ਬਲਾਕ ਵਾਈਜ਼ ਪ੍ਰਾਇਮਰੀ ਅਤੇ ਸੈਕੰਡਰੀ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ, ਭਰੀਆਂ ਅਤੇ ਖਾਲੀ ਅਸਾਮੀਆਂ ਹੇਠ ਦਰਸਾਏ ਅਨੁਸਾਰ ਹਨ:-

| ਲੜੀ ਨੰ: | ਬਲਾਕ | ਸਕੂਲ ਦਾ ਨਾਮ | ਕੁੱਲ ਮਨਜ਼ੂਰਸ਼ੁਦਾ ਅਸਾਮੀਆਂ | ਕੁੱਲ ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|---|
| | | | | | |
| 1 | ਨਕੋਦਰ-1 | ਸ.ਸ.ਸ.ਸ. ਸੰਗੋਵਾਲ | 14 | 11 | 3 |
| 2 | ਨਕੋਦਰ-1 | ਸ.ਪ੍ਰ.ਸ. ਸੰਗੋਵਾਲ | 7 | 5 | 2 |
| 3 | ਫਿਲੌਰ | ਸ.ਸ.ਸ.ਸ. ਸੰਗੋਵਾਲ (ਰਮਸਾ ਅਪ੍ਰਗੇਡ) | 12 | 5 | 7 |
| 4 | ਫਿਲੌਰ | ਸ.ਪ੍ਰ.ਸ. ਸੰਗੋਵਾਲ | 6 | 2 | 4 |

ਵਿਭਾਗ ਵੱਲੋਂ 2017 ਤੋਂ ਹੁਣ ਤੱਕ 11568 ਅਸਾਮੀਆਂ ਜਿਨ੍ਹਾਂ ਵਿਚ ਪ੍ਰਿੰਸੀਪਲ-154, ਹੈੱਡ ਮਾਸਟਰ-714, ਲੈਕਚਰਾਰ-408, ਅਦਰ ਕੈਟਾਗਰੀ

ਟੀਚਰ-62, ਮਾਸਟਰ-8169, ਬਲਾਕ ਪ੍ਰਾਇਮਰੀ ਐਜੂਕੇਸ਼ਨ ਅਫਸਰ-57, ਸੈਂਟਰ ਹੈੱਡ ਟੀਚਰ-300, ਹੈੱਡ ਟੀਚਰ-1414 ਅਤੇ ਪ੍ਰਾਇਮਰੀ ਟੀਚਰ-290 ਸ਼ਾਮਿਲ ਹਨ, ਦੀ ਭਰਤੀ ਕੀਤੀ ਜਾ ਚੁੱਕੀ ਹੈ।

ਇਸ ਦੇ ਨਾਲ ਨਾਲ ਵੱਖ-ਵੱਖ ਕਾਡਰਾਂ ਦੀਆਂ 6254 ਅਸਾਮੀਆਂ ਜਿਨ੍ਹਾਂ ਵਿੱਚ ਪ੍ਰਿੰਸੀਪਲ-184, ਹੈੱਡ ਮਾਸਟਰ-337, ਮਾਸਟਰ-3294, ਬਲਾਕ ਪ੍ਰਾਇਮਰੀ ਐਜੂਕੇਸ਼ਨ ਅਫਸਰ-75 ਅਤੇ ਪ੍ਰਾਇਮਰੀ ਟੀਚਰ-2364 ਸ਼ਾਮਿਲ ਹਨ, ਦੀ ਭਰਤੀ ਸਬੰਧੀ ਇਸ਼ਤਿਹਾਰ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਪ੍ਰਕਿਰਿਆ ਕਾਰਵਾਈ ਅਧੀਨ ਹੈ।

------

**ਪੰਚਾਇਤ ਸਕੱਤਰਾਂ ਸਬੰਧੀ**

***1956 (ਸੀ.ਯੂ.) ਸ਼੍ਰੀ ਅੰਗਦ ਸਿੰਘ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਪਿਛਲੀ ਸਰਕਾਰ ਦੌਰਾਨ ਜੋ ਪੰਚਾਇਤ ਸਕੱਤਰਾਂ ਦੀ ਭਰਤੀ ਹੋਈ ਸੀ ਉਹ ਜ਼ਿਆਦਾਤਰ ਜ਼ਿਲ੍ਹਾ ਬਠਿੰਡਾ ਜਾਂ ਮਾਨਸਾ ਵਿੱਚ ਸਨ ਅਤੇ ਇਨ੍ਹਾਂ ਜ਼ਿਲ੍ਹਿਆਂ ਵਿੱਚ ਪੰਚਾਇਤ ਸਕੱਤਰਾਂ ਦੀਆਂ ਪੋਸਟਾਂ ਤੇ ਵੱਧ ਨਿਯੁਕਤੀ ਹੋਣ ਕਾਰਨ ਸਰਪਲੱਸ ਪੰਚਾਇਤ ਸਕੱਤਰਾਂ ਦੇ ਤਨਖਾਹ ਸਬੰਧੀ ਡਿਮਾਡ ਨੋਟਿਸ ਦੂਸਰੇ ਜ਼ਿਲ੍ਹਿਆਂ ਨੂੰ ਭੇਜੇ ਜਾ ਰਹੇ ਹਨ;

(ਅ) ਕੀ ਸਰਕਾਰ ਵੱਲੋਂ ਇਹ ਨਿਰਦੇਸ਼ ਹਨ ਕਿ ਇਨ੍ਹਾਂ ਦੀਆਂ ਤਨਖਾਹ ਦੇ ਡਿਮਾਡ ਨੋਟਿਸ ਦੂਸਰੇ ਜ਼ਿਲ੍ਹਿਆਂ ਨੂੰ ਭੇਜੇ ਜਾਣਗੇ;

(ੲ) ਕੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਖਾਲੀ ਪਈਆਂ ਪੰਚਾਇਤ ਸਕੱਤਰਾਂ ਦੀਆਂ ਪੋਸਟਾਂ ਜਲਦ ਭਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, (ੳ) ਪਿਛਲੀ ਸਰਕਾਰ ਦੌਰਾਨ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ 303 ਉਮੀਦਵਾਰਾਂ ਦੇ ਨਾਵਾਂ ਦੀ ਸਿਫਾਰਸ਼ ਭੇਜੀ ਗਈ ਸੀ, ਜਿਸ ਵਿੱਚ ਜ਼ਿਲ੍ਹਾ ਬਠਿੰਡਾ ਦੇ 26 ਅਤੇ ਜ਼ਿਲ੍ਹਾ ਮਾਨਸਾ ਦੇ 6 ਉਮੀਦਵਾਰ ਸਨ। ਜ਼ਿਲ੍ਹਾ ਬਠਿੰਡਾ ਵਿਚ 24 ਅਤੇ ਜ਼ਿਲ੍ਹਾ ਮਾਨਸਾ ਵਿਚ 13 ਪੰਚਾਇਤ ਸਕੱਤਰ ਸਰਪਲੱਸ ਹੋਣ ਕਾਰਨ ਸਰਪਲੱਸ ਪੰਚਾਇਤ ਸਕੱਤਰਾਂ ਦੀ ਤਨਖਾਹਾਂ ਦਾ ਪ੍ਰਬੰਧ ਦੂਸਰੇ ਜ਼ਿਲ੍ਹਿਆਂ ਵਿਚ ਖਾਲੀ ਪਈਆਂ ਪੰਚਾਇਤ ਸਕੱਤਰਾਂ ਦੀ ਅਸਾਮੀਆਂ ਵਿਰੁੱਧ ਕੀਤਾ ਗਿਆ ਹੈ।

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

(ਅ) ਉਪਰੋਕਤ ਹਾਲਾਤਾਂ ਵਿਚ ਕਰਮਚਾਰੀਆਂ ਦੀਆਂ ਦਿੱਕਤਾਂ ਨੂੰ ਸਾਹਮਣੇ ਰੱਖਦੇ ਹੋਏ ਉਨ੍ਹਾਂ ਨੂੰ ਤਨਖਾਹ ਦੇਣ ਲਈ ਆਰਜ਼ੀ ਤੌਰ ਤੇ ਦੂਜੇ ਜ਼ਿਲ੍ਹਿਆਂ ਤੋਂ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਨਾਲ ਹੀ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਯਕੀਨੀ ਬਣਾਉਣ ਕਿ ਕਿਸੇ ਬਲਾਕ ਵਿਚ ਸੈਂਕਸ਼ਨ ਪੋਸਟਾਂ ਤੋਂ ਵੱਧ ਪੰਚਾਇਤ ਸਕੱਤਰ ਤਾਇਨਾਤ ਨਾ ਹੋਣ।

(ੲ) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਖਾਲੀ ਪਈਆਂ ਪੰਚਾਇਤ ਸਕੱਤਰਾਂ ਦੀਆਂ ਅਸਾਮੀਆਂ ਨੂੰ ਭਰਨ ਦਾ ਜਲਦੀ ਉਪਰਾਲਾ ਕੀਤਾ ਜਾਵੇਗਾ।

------

## ਨੈਸ਼ਨਲ ਹਾਈਵੇ ਦੀ ਐਕਵਾਇਰ ਜ਼ਮੀਨ ਦੇ ਮੁਆਵਜ਼ੇ ਸਬੰਧੀ

***1957(ਸੀ.ਯੂ.). ਸ਼੍ਰੀ ਅੰਗਦ ਸਿੰਘ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰੋਪੜ ਤੋਂ ਫਗਵਾੜਾ ਨੈਸ਼ਨਲ ਹਾਈਵੇ ਪ੍ਰਾਜੈਕਟ ਵਿੱਚ ਨਵਾਂਸ਼ਹਿਰ ਬਾਈਪਾਸ ਬਣਾਉਣ ਲਈ ਐਕਵਾਇਰ ਕੀਤੀ ਗਈ ਜ਼ਮੀਨ ਦਾ ਮੁਆਵਜ਼ਾ ਸਬੰਧਤ ਕਿਸਾਨਾਂ ਨੂੰ ਜਲਦੀ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਇਹ ਅਦਾਇਗੀ ਕਦੋਂ ਤੱਕ ਮੁਕੰਮਲ ਕੀਤੀ ਜਾਵੇਗੀ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਰੋਪੜ, ਬੰਗਾ, ਫਗਵਾੜਾ ਸੜਕ ਨੂੰ ਚਹੁੰ-ਮਾਰਗੀ ਕਰਨ ਦਾ ਪ੍ਰੋਜੈਕਟ ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ, ਭਾਰਤ ਸਰਕਾਰ ਦੇ ਅਧੀਨ ਹੈ। ਪ੍ਰੋਜੈਕਟ ਡਾਇਰੈਕਟਰ, ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ, ਜਲੰਧਰ, ਜੋ ਕਿ ਇਸ ਕੰਮ ਦੇ ਇੰਚਾਰਜ ਹਨ, ਨੇ ਸੂਚਿਤ ਕੀਤਾ ਹੈ ਕਿ ਇਸ ਪ੍ਰਾਜੈਕਟ ਅਧੀਨ ਨਵਾ ਸ਼ਹਿਰ ਬਾਈਪਾਸ ਬਣਾਉਣ ਲਈ ਐਕਵਾਇਰ ਕੀਤੀ ਗਈ ਜ਼ਮੀਨ ਦਾ ਮੁਆਵਜ਼ਾ ਸਬੰਧਤ ਮਾਲਕਾਂ ਨੂੰ ਭੌਂ ਪ੍ਰਾਪਤੀ ਕੁਲੈਕਟਰ (ਐਸ.ਡੀ.ਐਮ., ਨਵਾਂ ਸ਼ਹਿਰ) ਵੱਲੋਂ ਦਿੱਤਾ ਜਾ ਰਿਹਾ ਹੈ। ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ ਨੇ 395 ਕਰੋੜ ਰੁਪਏ ਭੌਂ ਪ੍ਰਾਪਤੀ ਕੁਲੈਕਟਰ, ਨਵਾਂਸ਼ਹਿਰ ਕੋਲ ਜਮ੍ਹਾਂ ਕਰਵਾ ਦਿੱਤੇ ਸਨ ਅਤੇ ਇਸ ਵਿਚੋਂ ਹੁਣ ਤੱਕ 189 ਕਰੋੜ ਰੁਪਏ ਭੌਂ ਮਾਲਕਾਂ ਨੂੰ ਵੰਡੇ ਜਾ ਚੁੱਕੇ ਹਨ। ਬਾਕੀ ਰਹਿੰਦਾ ਮੁਆਵਜ਼ਾ ਜਲਦੀ ਵੰਡਣ ਲਈ ਕਾਰਵਾਈ ਭੌਂ ਪ੍ਰਾਪਤੀ ਕੁਲੈਕਟਰ ਵੱਲੋਂ ਹੀ ਕੀਤੀ ਜਾਣੀ ਹੈ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1960 (ਸੀ.ਯੂ.)****

------

**ਸੜਕ ਦੀ ਮੁਰੰਮਤ ਸਬੰਧੀ**

***1961 (ਸੀ.ਯੂ.). ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜੰਡੂ ਸਿੰਘਾਂ ਤੋਂ ਲੰਬਾ ਪਿੰਡ ਚੌਂਕ ਤੱਕ ਸੜਕ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਸੜਕ ਦੀ ਮੁਰੰਮਤ ਕਦੋਂ ਤੱਕ ਕੀਤੀ ਜਾਵੇਗੀ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ, ਜਲੰਧਰ, ਜੰਡੂ ਸਿੰਘਾਂ ਇੱਕ ਪਲੈਨ ਰੋਡ (JODR-1) ਹੈ, ਜਿਸ ਦੀ ਲੰਬਾਈ 5.06 ਕਿ:ਮੀ: ਹੈ। ਇਸ ਸੜਕ ਦੀ ਮੁਰੰਮਤ ਮਾਰਚ, 2013 ਵਿੱਚ ਕੀਤੀ ਗਈ ਸੀ। ਫਿਲਹਾਲ ਸਰਕਾਰ ਵੱਲੋਂ ਇਸ ਸੜਕ ਨੂੰ ਰਿਪੇਅਰ ਕਰਨ ਦੀ ਕਿਸੇ ਵੀ ਸਕੀਮ ਵਿੱਚ ਕੋਈ ਤਜਵੀਜ਼ ਨਹੀਂ ਹੈ।

------

**ਕਾਲਾ ਸੰਘਿਆਂ ਨਾਲੇ ਦੀ ਸਫਾਈ**

***1962 (ਸੀ.ਯੂ.). ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

ੳ) ਕੀ ਜਲੰਧਰ ਨਗਰ ਨਿਗਮ ਦੀ ਹੱਦ ਵਿੱਚੋਂ ਲੰਘ ਰਹੇ ਕਾਲਾ ਸੰਘਿਆਂ ਨਾਲੇ ਦੀ ਸਫਾਈ ਵਾਸਤੇ ਟੈਂਡਰ ਅਲਾਟ ਕੀਤਾ ਗਿਆ ਹੈ;

ਅ) ਕੀ ਨਾਲੇ ਨੂੰ 30 ਸਤੰਬਰ, 2018 ਤੋਂ ਪਹਿਲਾਂ ਸਾਫ ਕੀਤਾ ਗਿਆ ਸੀ;

ੲ) ਕੀ ਭਗਤ ਸਿੰਘ ਕਲੋਨੀ ਤੋਂ ਡੀ.ਏ.ਵੀ. ਕਾਲਜ ਤੱਕ ਦੇ ਟੋਟੇ ਤੇ ਇੱਕ ਨਜਾਇਜ਼ ਪੁਲ ਦੀ ਉਸਾਰੀ ਕੀਤੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਹਟਾਉਣ ਲਈ ਕੀ ਕਾਰਵਾਈ ਕੀਤੀ ਗਈ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ੳ) ਨਹੀਂ ਜੀ, ਜਲੰਧਰ ਨਗਰ ਨਿਗਮ ਦੀ ਹੱਦ ਵਿੱਚੋਂ ਲੰਘ ਰਹੇ ਕਾਲਾ ਸੰਘਿਆਂ ਨਾਲੇ ਦੀ ਸਫਾਈ ਵਾਸਤੇ ਇਸ ਸਮੇਂ ਕੋਈ ਵੀ ਟੈਂਡਰ ਲਗਾਇਆ/ਅਲਾਟ ਨਹੀਂ ਕੀਤਾ ਗਿਆ ਹੈ।

---

** ਸੀ.ਯੂ. ਪ੍ਰਸ਼ਨ ਨੰ: 1960 ਦਾ ਉੱਤਰ ਅਨੈਕਸਚਰ ਦੀ ਫਾਈਨਲ ਛਪਾਈ ਤੱਕ ਪ੍ਰਾਪਤ ਨਹੀਂ ਹੋਇਆ।

[ਜਲ ਸਰੋਤ ਮੰਤਰੀ]

ਅ) ਕਾਲਾ ਸੰਘਿਆਂ ਡਰੇਨ ਨੂੰ 30 ਸਤੰਬਰ, 2018 ਤੋਂ ਪਹਿਲਾਂ ਮਹੀਨਾ 07/2017 ਤੋਂ 09/2017 ਦੇ ਦੌਰਾਨ ਸਾਫ ਕੀਤਾ ਗਿਆ ਸੀ।

ੲ) ਜੀ ਹਾਂ। ਭਗਤ ਸਿੰਘ ਕਲੋਨੀ ਤੋਂ ਡੀ.ਏ.ਵੀ. ਕਾਲਜ ਤੱਕ ਦੇ ਟੋਟੇ ਵਿਚਕਾਰ ਪੈਂਦੀ ਕਾਲਾ ਸੰਘਿਆਂ ਡਰੇਨ ਦੀ ਬੁਰਜੀ 126500 ਉੱਤੇ ਸੀ.ਟੀ. ਪਬਲਿਕ ਸਕੂਲ, ਜਲੰਧਰ ਵੱਲੋਂ ਡਰੇਨ ਦੀ ਸਰਕਾਰੀ ਜ਼ਮੀਨ ਉਤੇ ਨਜਾਇਜ਼ ਪੁਲ ਬਣਾ ਕੇ ਕਬਜ਼ਾ ਕੀਤਾ ਹੋਇਆ ਹੈ। ਜਿਸ ਨੂੰ ਹਟਾਉਣ ਲਈ ਪੀ.ਪੀ. ਐਕਟ ਅਧੀਨ ਕੀਤੇ ਕੇਸ ਦਾ ਫੈਸਲਾ ਮਹਿਕਮੇ ਦੇ ਪੱਖ ਵਿੱਚ ਹੋ ਗਿਆ ਸੀ। ਇਸ ਉਪਰੰਤ ਮਹਿਕਮੇ ਵੱਲੋਂ ਕਬਜ਼ਾ ਲੈਣ ਲਈ ਉਪ ਮੰਡਲ ਮੈਜਿਸਟਰੇਟ, ਜਲੰਧਰ-1 ਦੀ ਅਦਾਲਤ ਵਿੱਚ ਐਗਜ਼ੀਕਿਊਸ਼ਨ ਦਾਇਰ ਕੀਤੀ ਹੋਈ ਹੈ।

------

## ਪੁਲਿਸ ਸਟੇਸ਼ਨ ਨੂੰ ਸ਼ਿਫਟ ਕਰਨ ਬਾਰੇ

*1963(ਸੀ.ਯੂ.) **ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

ੳ) ਕੀ ਇਹ ਠੀਕ ਹੈ ਕਿ ਜਲੰਧਰ ਸ਼ਹਿਰ ਵਿੱਚ ਮਕਸੂਦਾਂ ਪੁਲਿਸ ਸਟੇਸ਼ਨ ਦਾ ਸਿਹਤ ਵਿਭਾਗ ਦੀ ਇਮਾਰਤ ਉੱਤੇ ਗੈਰ–ਕਾਨੂੰਨੀ ਕਬਜ਼ਾ ਹੈ;

ਅ) ਕੀ ਇਹ ਵੀ ਠੀਕ ਹੈ ਕਿ ਪੁਲਿਸ ਸਟੇਸ਼ਨ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਸਥਿਤ ਹੈ;

ੲ) ਕੀ ਪੁਲਿਸ ਸਟੇਸ਼ਨ ਨੂੰ ਸ਼ਿਫਟ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ;

ਸ) ਕੀ ਪੁਲਿਸ ਸਟੇਸ਼ਨ ਨੇ ਜੰਗਲਾਤ ਵਿਭਾਗ ਦੀ ਜ਼ਮੀਨ ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ; ਜੇਕਰ ਹਾਂ ਤਾਂ ਇਹ ਜ਼ਮੀਨ ਕਦੋਂ ਤੱਕ ਖਾਲੀ ਹੋ ਜਾਵੇਗੀ?

**ਕੈਪਟਨ ਅਮਰਿੰਦਰ ਸਿੰਘ :** ੳ) ਥਾਣਾ ਮਕਸੂਦਾਂ ਦੀ ਇਮਾਰਤ ਜੋ ਸਿਹਤ ਵਿਭਾਗ ਨਾਲ ਸਬੰਧਤ ਹੈ, ਜਲੰਧਰ ਸ਼ਹਿਰ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ ਪਰ ਗੈਰ ਕਾਨੂੰਨੀ ਕਬਜ਼ੇ ਵਿੱਚ ਨਹੀਂ ਹੈ।

ਅ) ਜੀ ਹਾਂ, ਇਹ ਪੁਲਿਸ ਸਟੇਸ਼ਨ ਪੁਲਿਸ ਕਮਿਸ਼ਨਰੇਟ, ਜਲੰਧਰ ਦੇ ਅਧਿਕਾਰ ਖੇਤਰ ਵਿੱਚ ਪੈਂਦਾ ਹੈ।

ੲ) ਪੁਲਿਸ ਸਟੇਸ਼ਨ ਮਕਸੂਦਾਂ ਨੂੰ ਸ਼ਿਫਟ ਕਰਨ ਲਈ ਪਿੰਡ ਕਾਹਲਵਾਂ ਵਿਖੇ ਪੰਚਾਇਤੀ ਜਗ੍ਹਾ ਲੀਜ਼ ਤੇ ਲੈਣ ਵਾਸਤੇ ਮਾਮਲਾ ਵਿਚਾਰ ਅਧੀਨ ਹੈ। ਜ਼ਮੀਨ ਉਪਲਬਧ ਹੋਣ ਤੇ ਬਿਲਡਿੰਗ ਬਣਾਉਣ ਉਪਰੰਤ ਇਹ ਪੁਲਿਸ ਸਟੇਸ਼ਨ ਸ਼ਿਫਟ ਕਰਨ ਵਾਸਤੇ ਕਾਰਵਾਈ ਆਰੰਭੀ ਜਾਵੇਗੀ।

ਸ) ਜੀ ਨਹੀਂ।

------

## ਡੇਅਰੀ ਕੰਪਲੈਕਸ ਵਿੱਚ ਬਾਇਓ ਗੈਸ ਪਲਾਂਟ ਲਗਾਉਣਾ

***1964 (ਸੀ.ਯੂ.) ਸ਼੍ਰੀ ਅਵਤਾਰ ਸਿੰਘ ਜੂਨੀਅਰ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

ੳ) ਕੀ ਇਹ ਠੀਕ ਹੈ ਕਿ ਜਲੰਧਰ ਸ਼ਹਿਰ ਵਿੱਚ ਜਮਸ਼ੇਰ ਡੇਅਰੀ ਕੰਪਲੈਕਸ ਵਿਖੇ ਬਾਇਓ ਗੈਸ ਪਲਾਂਟ ਲਗਾਉਣ ਦਾ ਉਪਬੰਧ ਕੀਤਾ ਗਿਆ ਸੀ;

ਅ) ਇਸ ਬਾਇਓ ਗੈਸ ਪਲਾਂਟ ਦੀ ਸਮੱਰਥਾ ਕੀ ਹੋਣੀ ਚਾਹੀਦੀ ਸੀ;

ੲ) ਕੀ ਨੇੜਲੇ ਭਵਿੱਖ ਵਿੱਚ ਇਸ ਪਲਾਂਟ ਦਾ ਨਿਰਮਾਣ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

**ਸਰਦਾਰ ਨਵਜੋਤ ਸਿੰਘ ਸਿੱਧੂ :** ੳ) ਜੀ ਹਾਂ, ਜਮਸ਼ੇਰ ਡੇਅਰੀ ਕੰਪਲੈਕਸ ਵਿਖੇ ਬਾਇਓ ਗੈਸ ਪਲਾਂਟ ਲਗਾਉਣ ਦੀ ਤਜਵੀਜ਼ ਹੈ।

ਅ) ਇਸ ਬਾਇਉ ਗੈਸ ਪਲਾਂਟ ਦੀ ਸਮਰਥਾ 1MW/1200 CUM ਗੈਸ ਪ੍ਰਤੀ ਦਿਨ ਹੈ।

ੲ) ਜੀ ਹਾਂ, ਇਹ ਪਲਾਂਟ ਲਗਾਉਣ ਲਈ ਫਰੋਜ਼ ਰੈਮਡੀਸ ਲਿਮ: ਜੰਮੂ ਨੂੰ ਫਾਈਨਲ ਕਰ ਦਿੱਤਾ ਗਿਆ ਹੈ। ਇਸ ਪਲਾਂਟ ਲਈ 2.25 ਏਕੜ ਜਗ੍ਹਾ ਨਿਸ਼ਚਿਤ ਕਰ ਦਿੱਤੀ ਗਈ ਹੈ। ਇਹ ਕੰਮ ਹੁਣ ਤੱਕ ਸ਼ੁਰੂ ਨਹੀਂ ਹੋਇਆ ਹੈ। ਕੰਮ ਸ਼ੁਰੂ ਹੋਣ ਤੋਂ ਬਾਅਦ ਇਹ ਪ੍ਰੋਜੈਕਟ 840 ਦਿਨਾਂ ਵਿਚ ਮੁਕੰਮਲ ਕੀਤੇ ਜਾਣ ਦਾ ਅਨੁਮਾਨ ਹੈ।

------

## ਗੱਡੀਆਂ ਤੇ ਟੈਕਸ ਦੀਆਂ ਦਰਾਂ

***1966(ਸੀ.ਯੂ.). ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਸਾਰੀਆਂ ਸ਼੍ਰੇਣੀਆਂ ਦੀਆਂ ਇਲੈਕਟ੍ਰਿਕ ਕਾਰਾਂ ਤੇ ਕਿਹੜੀਆਂ ਦਰਾਂ ਤੇ ਟੈਕਸ ਲਗਾਇਆ ਜਾਂਦਾ ਹੈ;

ਅ) ਰਾਜ ਵਿੱਚ ਵਪਾਰਕ ਗੱਡੀਆਂ ਤੇ ਕਿਹੜੀਆਂ ਦਰਾਂ ਤੇ ਟੈਕਸ ਲਗਾਏ ਜਾਂਦੇ ਹਨ?

**ਕੈਪਟਨ ਅਮਰਿੰਦਰ ਸਿੰਘ :** ੳ) ਅਤੇ ਅ) ਲੋੜੀਂਦੀ ਸੂਚਨਾ ਨੱਥੀ ਸਟੇਟਮੈਂਟ ਵਿਚ ਦਿੱਤੀ ਗਈ ਹੈ।

1. ਇਲੈਕਟ੍ਰਿਕ ਵਹੀਕਲਾਂ ਦੀ ਖਰੀਦ ਉੱਪਰ ਗੁਡਜ਼ ਐਂਡ ਸਰਵਿਸ ਟੈਕਸ ਦੀ ਦਰ ਹੇਠ ਲਿਖੇ ਅਨੁਸਾਰ ਹੈ:-

| **Items** | **SGST (%)** | **CGST (%)** |
|---|---|---|
| Electrically operated vehicles, including three wheeled electric motor vehicles | 6% | 6% |
| Station wagons and racing cars, vehicles specially designed for travelling on snow, golf cars and other similar electrically operated vehicles | 14% | 14% |

ਇਲੈਕਟ੍ਰਿਕ ਵਹੀਕਲਾਂ ਉੱਪਰ ਕੋਈ ਵੀ Compensation ਸੈੱਸ ਨਹੀਂ ਲੱਗ ਰਿਹਾ।

2. ਰਾਜ ਵਿੱਚ ਵਸਤਾਂ ਅਤੇ ਸਵਾਰੀਆਂ ਦੀ transportation ਲਈ ਗੱਡੀਆਂ ਦੀ ਖਰੀਦ ਉੱਪਰ ਗੁਡਜ਼ ਐਂਡ ਸਰਵਿਸ ਟੈਕਸ ਦੀ ਦਰ ਹੇਠ ਅਨੁਸਾਰ ਹੈ:-

| **Items** | **SGST (%)** | **CGST (%)** |
|---|---|---|
| Motor vehicles principally designed for the transport of persons and Goods | 14% | 14% |
| Refrigerated motor vehicles | 9% | 9% |

ਵੱਖ-ਵੱਖ ਸ਼੍ਰੇਣੀਆਂ ਵਿੱਚ ਵਸਤਾਂ ਅਤੇ ਸਵਾਰੀਆਂ ਦੀ transportation ਲਈ ਗੱਡੀਆਂ ਉੱਪਰ ਉਕਤ ਦਰਸਾਈਆਂ ਜੀ.ਐਸ.ਟੀ. ਦੀਆਂ ਦਰਾਂ ਦੇ ਨਾਲ 15% ਤੋਂ 22% ਦੀ ਦਰ ਤੇ Compensation cess ਲੱਗਦਾ ਹੈ।

3. ਟਰੈਕਟਰਾਂ ਨੂੰ ਵੀ ਵਪਾਰਕ ਗੱਡੀਆਂ ਵਿੱਚ ਸ਼ਾਮਿਲ ਨਹੀਂ ਕੀਤਾ ਗਿਆ ਕਿਉਂਜੋ ਇਨ੍ਹਾਂ ਦੀ ਵਰਤੋਂ ਖੇਤੀਬਾੜੀ ਵਿੱਚ ਕੀਤੀ ਜਾਂਦੀ ਹੈ।

4. ਇਸ ਤੋਂ ਇਲਾਵਾ ਵਪਾਰ ਵਿੱਚ ਵਰਤੀ ਜਾਣ ਵਾਲੀ ਵੱਖ-ਵੱਖ ਤਰ੍ਹਾਂ ਦੀ Loading and un-loading, firefighting, spraying ਆਦਿ ਲਈ equipment ਖਰੀਦ ਉੱਪਰ ਗੁਡਜ਼ ਐਂਡ ਸਰਵਿਸ ਟੈਕਸ ਦੀ ਦਰ ਹੇਠ ਲਿਖੇ ਅਨੁਸਾਰ ਹੈ:-

| **Items** | **SGST (%)** | **CGST (%)** |
|---|---|---|
| Special purpose motor vehicles, other than those principally designed for the transport of persons or goods (for example, breakdown lorries, crane lorries, fire fighting vehicles, concrete-mixer lorries, road sweeper lorries, spraying lorries, mobile workshops, mobile radiological unit | 9% | 9% |
| Works trucks, self-propelled, not fitted with lifting or handling equipment, of the type used in factories warehouses, dock areas or airports for short distance transport of goods; tractors of the type used on railway station platforms; parts of the foregoing vehicles | 9% | 9% |
| Trailers and semi-trailers; other vehicles, not mechanically propelled; parts thereof [other than Self-loading or self-unloading trailers for agriculture purposes, and Hand propelled vehicles (e.g. hand carts, rickshaws and the like); animal drawn vehicles] | 9% | 9% |

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1967 (ਸੀ.ਯੂ.)****

------

**ਦਸੂਹਾ ਤੋਂ ਟਾਹਲੀ-ਬੱਲਾ ਧੁੱਸੀ ਬੰਨ੍ਹ ਦੀ ਖਸਤਾ ਹਾਲਤ**

***1970 (ਸੀ.ਯੂ.). ਸਰਦਾਰ ਸੰਗਤ ਸਿੰਘ ਗਿਲਜੀਆਂ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

ੳ) ਕੀ ਇਹ ਸਰਕਾਰ ਦੇ ਧਿਆਨ ਵਿੱਚ ਹੈ ਕਿ ਦਸੂਹਾ ਤੋਂ ਟਾਹਲੀ-ਬੱਲਾ (ਹੁਸ਼ਿਆਰਪੁਰ) ਬਿਆਸ ਦਰਿਆ ਦੇ ਨਾਲ ਨਾਲ ਧੱਸੀ ਬੰਨ੍ਹ ਖਸਤਾ ਹਾਲਤ ਵਿੱਚ ਹੈ ਅਤੇ ਕਿਸੇ ਵੀ ਸਮੇਂ ਇਸ ਵਿੱਚ ਪਾੜ ਪੈ ਸਕਦਾ ਹੈ;

ਅ) ਨੇੜਲੇ ਭਵਿੱਖ ਵਿੱਚ ਇਸ ਬੰਨ੍ਹ ਨੂੰ ਮਜ਼ਬੂਤ ਮੁਰੰਮਤ ਕਰਨ ਲਈ ਸਰਕਾਰ ਕੀ ਕਦਮ ਚੁੱਕਣ ਦੀ ਤਜਵੀਜ਼ ਰੱਖਦੀ ਹੈ

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ੳ) ਨਹੀਂ ਜੀ, ਦਸੂਹਾ ਤੋਂ ਟਾਹਲੀ-ਬੱਲਾ (ਹੁਸ਼ਿਆਰਪੁਰ) ਬਿਆਸ ਦਰਿਆ ਦੇ ਨਾਲ-ਨਾਲ ਧੁੱਸੀ ਬੰਨ੍ਹ ਦੀ ਹਾਲਤ ਇੰਨੀ ਖਸਤਾ ਨਹੀਂ ਹੈ ਕਿ ਆਮ ਹਾਲਤਾਂ ਵਿੱਚ ਇਸ ਵਿੱਚ ਕੋਈ ਪਾੜ ਪੈਣ ਦਾ ਖਤਰਾ ਬਣ ਸਕੇ।

ਅ) ਦਰਿਆ ਬਿਆਸ ਦੇ ਖੱਬੇ ਅਤੇ ਸੱਜੇ ਕੰਢੇ ਦੇ ਹੜ੍ਹ ਰੋਕੂ ਕੰਮਾਂ ਦਾ ਇੱਕ ਪ੍ਰੋਜੈਕਟ ਤਿਆਰ ਕਰਕੇ ਭਾਰਤ ਸਰਕਾਰ ਅਤੇ ਨਬਾਰਡ ਨੂੰ ਮਨਜ਼ੂਰੀ ਹਿੱਤ ਭੇਜਿਆ ਹੋਇਆ ਹੈ। ਇਸ ਬੰਨ੍ਹ ਦੀ ਮਜ਼ਬੂਤੀ ਅਤੇ ਮੁਰੰਮਤ ਦਾ ਕੰਮ ਵੀ ਇਸ ਪ੍ਰੋਜੈਕਟ ਵਿੱਚ ਸ਼ਾਮਿਲ ਹੈ।

------

**ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਿੰਡਾਂ ਦੀਆਂ ਉਪਜਾਊ ਜ਼ਮੀਨਾਂ ਨੂੰ ਬਿਆਸ ਦਰਿਆ ਦੁਆਰਾ ਖੋਰਨ ਤੋਂ ਬਚਾਉਣਾ**

***1971(ਸੀ.ਯੂ.). ਸਰਦਾਰ ਸੰਗਤ ਸਿੰਘ ਗਿਲਜੀਆਂ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਿੰਡਾਂ ਸਿਆਣੀ, ਹਾੜ੍ਹਾ, ਫੱਤੇ ਕੁੱਲਾ, ਗੰਧੋਵਾਲ ਦੀਆਂ ਉਪਜਾਊ ਜ਼ਮੀਨਾਂ ਨੂੰ ਬਿਆਸ ਦਰਿਆ ਦੇ ਕਰਕੇ ਖੁਰਨ ਤੋਂ ਰੋਕਣ ਲਈ ਸਰਕਾਰ ਕੀ ਕਦਮ ਚੁੱਕਣ ਦੀ ਤਜਵੀਜ਼ ਰੱਖਦੀ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਹਾਂ ਜੀ, ਉਪਰੋਕਤ ਦਰਸਾਏ ਪਿੰਡਾਂ ਦੀਆਂ ਉਪਜਾਊ ਜ਼ਮੀਨਾਂ ਨੂੰ ਬਿਆਸ ਦਰਿਆ ਦੇ ਕਰਕੇ ਖੁਰਨ ਤੋਂ ਰੋਕਣ ਲਈ ਸਾਲ 2019 ਦੇ ਮੌਨਸੂਨ ਸੀਜ਼ਨ ਤੋਂ ਪਹਿਲਾਂ ਹੜ੍ਹ ਰੋਕੂ ਕੰਮ ਫੰਡਾਂ ਦੀ ਉਪਲਬਧਤਾ ਅਨੁਸਾਰ

** ਸੀ.ਯੂ. ਪ੍ਰਸ਼ਨ ਨੰ: 1967 ਦਾ ਉੱਤਰ ਅਨੈਕਸਚਰ ਦੀ ਫਾਈਨਲ ਛਪਾਈ ਤੱਕ ਪ੍ਰਾਪਤ ਨਹੀਂ ਹੋਇਆ।

ਕਰਵਾਉਣ ਦੀ ਤਜਵੀਜ਼ ਹੈ।

------

## ਕੇਂਦਰ ਅਤੇ ਪੰਜਾਬ ਦੇ ਬਣੇ ਕਾਨੂੰਨਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਨਾ

***1972(ਸੀ.ਯੂ.). ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਰਾਜ ਭਾਸ਼ਾ ਸੋਧ ਐਕਟ, 2008 ਦੀ ਧਾਰਾ-6 ਏ ਰਾਹੀਂ ਕੇਂਦਰ ਅਤੇ ਪੰਜਾਬ ਸਰਕਾਰ ਦੇ ਬਣੇ ਕਾਨੂੰਨਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਦੀ ਵਿਵਸਥਾ ਕੀਤੀ ਗਈ ਹੈ; ਜੇਕਰ ਅਜਿਹਾ ਹੈ ਤਾਂ 31.12.2018 ਤੱਕ ਅਨੁਵਾਦ ਕੀਤੇ ਗਏ ਕਾਨੂੰਨਾਂ ਦੇ ਵੇਰਵੇ ਕੀ ਹਨ?

**ਉਚੇਰੀ ਸਿਖਿਆ ਅਤੇ ਭਾਸ਼ਾਵਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਪੰਜਾਬ ਰਾਜ ਭਾਸ਼ਾ ਐਕਟ 967 ਦੀ ਧਾਰਾ-6 ਏ ਰਾਹੀਂ ਕੇਂਦਰ ਅਤੇ ਪੰਜਾਬ ਸਰਕਾਰ ਦੇ ਬਣੇ ਕਾਨੂੰਨਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ ਐਕਟ ਦੇ ਲਾਗੂ ਹੋਣ ਉਪਰੰਤ ਮਿਤੀ 31.12.2018 ਤੱਕ ਭਾਸ਼ਾ ਵਿਭਾਗ, ਪੰਜਾਬ ਵਲੋਂ 28 ਵੱਖਰੇ ਵੱਖਰੇ ਐਕਟਾਂ, ਹੁਕਮਾਂ, ਨਿਯਮਾਂ, ਵਿਨਿਯਮਾਂ ਅਤੇ ਆਰਡੀਨੈਂਸਾਂ ਦਾ ਅਨੁਵਾਦ ਪੰਜਾਬੀ ਵਿਚ ਕੀਤਾ ਹੈ। ਇਸ ਦੀ ਸੂਚੀ ਅਨੈਕਸਚਰ-1 ਵਜੋਂ ਨੱਥੀ ਕੀਤੀ ਜਾਂਦੀ ਹੈ।

| ਲੜੀ ਨੰ. | ਵਿਭਾਗ ਦਾ ਨਾਂ | ਵਿਭਾਗ ਦਾ ਪੱਤਰ ਨੰ./ਮਿਤੀ | ਪੰਜਾਬੀ ਵਿੱਚ ਅਨੁਵਾਦ | ਡਿਸਪੈਚ ਨੰ./ਮਿਤੀ |
|---|---|---|---|---|
| 1. | ਪੰਜਾਬ ਸਟੇਟ ਇਨਫਾਰਮੇਸ਼ਨ ਕਮਿਸ਼ਨ ਪੰਜਾਬ, ਚੰਡੀਗੜ੍ਹ | 2024/4.9.2009 | ਆਰ.ਟੀ.ਆਈ. ਐਕਟ, 2005 ਅਧੀਨ ਆਰ.ਟੀ.ਆਈ. ਰੂਲਜ਼. 2007 | 14710/ 18.11.2009 |
| 2. | ਵਿੱਤ ਵਿਭਾਗ ਸੰਸਥਾਵੀਂ ਵਿੱਤ ਅਤੇ ਬੈਂਕਿੰਗ, ਚੰਡੀਗੜ੍ਹ | 137/ 21.1.2010 | ਦਾ ਪੰਜਾਬ ਐਗਰੀਕਲਚਰਲ ਕਰੇਡਿਟ ਆਪਰੇਸ਼ਨਜ਼ ਐਂਡ ਮਿਸਲੇਨੀਅਸ ਪ੍ਰੋਵੀਜ਼ਨ(ਬੈਂਕਸ) ਰੂਲਜ਼, 1979 | 144/ 9.02.2010 |
| 3. | ਇਸਤਰੀ ਤੇ ਬਾਲ ਵਿਕਾਸ, ਚੰਡੀਗੜ੍ਹ | 4650/ 11.02.2010 | ਚਾਈਲਡ ਮੈਰਿਜ ਐਕਟ ਅਤੇ ਦਾਜ ਰੋਕੂ ਐਕਟ | 10183/ 3.8.2010 |
| 4. | ਪੰਜਾਬ ਸਟੇਟ ਲਾਅ ਕਮਿਸ਼ਨ, ਚੰਡੀਗੜ੍ਹ | 400/ 3.06.2010 | ਪੰਜਾਬ ਸਟੇਟ ਲਾਅ ਕਮਿਸ਼ਨ ਨਾਲ ਸਬੰਧਤ ਸੂਚਨਾ | 13204/ 20.10.2010 |
| 5. | ਜ਼ਿਲ੍ਹਾ ਭਾਸ਼ਾ ਅਫਸਰ, ਰੂਪਨਗਰ | 477/ 20.09.2010 | 1922 ਅਧੀਨ ਬਣਾਏ ਗਏ, ਦਾ ਪੰਜਾਬ ਟਰੱਸਟ ਸਰਵਿਸਜ਼ ਰੂਲਜ਼, 1978 | 15800/ 16.12.2010 |
| 6. | ਇਸਤਰੀ ਤੇ ਬਾਲ ਵਿਕਾਸ ਵਿਭਾਗ, ਚੰਡੀਗੜ੍ਹ | 15148/ 22.11.2010 | ਚਾਈਲਡ ਮੈਰਿਜ ਐਕਟ, 2006 ਦੇ ਬਣਾਏ ਗਏ ਰੂਲਜ਼ | 16084/ 22.12.2010 |

[ਉਚੇਰੀ ਸਿੱਖਿਆ ਮੰਤਰੀ]

| | | | | |
|---|---|---|---|---|
| 7. | ਸਹਾਇਕ ਡਾਇਰੈਕਟਰ (ਹਿੰਦੀ ਸੈੱਲ), ਚੰਡੀਗੜ੍ਹ | 64/ 1.3.2011 | ਦੀ ਪੰਜਾਬ ਟਾਊਨ ਇੰਪਰੂਵਮੈਂਟ ਐਕਟ, 1922 ਅਧੀਨ ਬਣਾਏ ਗਏ ਦੀ ਪੰਜਾਬ ਟਰੱਸਟ ਸਰਵਿਸਜ਼(ਰਿਕਰੂਟਮੈਂਟ ਅਤੇ ਕੰਡੀਸ਼ਨ ਆਫ ਸਰਵਿਸਜ਼) ਰੂਲਜ਼, 1978 | 2833/ 9.3.2011 |
| 8. | ਸਹਾਇਕ ਡਾਇਰੈਕਟਰ (ਹਿੰਦੀ ਸੈੱਲ), ਚੰਡੀਗੜ੍ਹ | 57/ 23.02.2011 | ਆਰ.ਟੀ.ਆਈ. ਐਕਟ ਅਧੀਨ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ (ਗ੍ਰਹਿ-2 ਸਾਖਾ) | 4285/ 8.4.2011 |
| 9. | ਪੰਜਾਬ ਸਰਕਾਰ ਕਮਿਸ਼ਨ ਪੜਤਾਲਾਂ, ਚੰਡੀਗੜ੍ਹ | 302/ 10.03.2011 | ਆਰ.ਟੀ.ਆਈ. ਐਕਟ, 2005 ਦੇ ਸੈਕਸ਼ਨ 4(1) (ਬੀ) ਅਨੁਸਾਰ 17 ਮੈਨੂਅਲ | 4977/ 9.5.2011 |
| 10. | ਉਦਯੋਗ ਅਤੇ ਵਣਜ, ਪੰਜਾਬ, ਚੰਡੀਗੜ੍ਹ | 3622–ਏ –21.2.2011 | ਪੰਜਾਬ ਆਈਨਰ ਮਿਨਰਲ ਕੰਨਸੈਸ਼ਨ ਰੂਲਜ਼, 1964 ਦਾ ਫਾਰਮ–"ਐਲ" | 4978/ 24.5.2011 |
| 11. | ਡਾਇਰੈਕਟੋਰੇਟ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ, ਚੰਡੀਗੜ੍ਹ | 19503/ 26.04.2011 | ਚਾਈਲਡ ਮੈਰਿਜ ਐਕਟ, 2006 ਦੇ ਬਣਾਏ ਰੂਲਜ਼ | 5349/ 24.5.2011 |
| 12. | ਪੰਜਾਬ ਬਾਇਓ-ਡਾਇਵਰਸਿਟੀ ਬੋਰਡ, ਚੰਡੀਗੜ੍ਹ | 475/ 29.10.2010 | ਜੈਵ ਵਿਭਿੰਨਤਾ ਐਕਟ, 2002 ਅਤੇ ਜੈਵਿਕ ਵਿਭਿੰਨਤਾ ਰੂਲਜ਼, 2004 | 13025/ 3.10.2011 |
| 13. | ਸਹਾਇਕ ਡਾਇਰੈਕਟਰ (ਹਿੰਦੀ ਸੈੱਲ), ਚੰਡੀਗੜ੍ਹ | 432/ 17.10.2011 | ਪੰਜਾਬ ਕਾਮਨ ਇਨਫਾਰਸਟਰਕਚਰ ਮੇਨਟੇਨਜ਼ ਐਕਟ, 2011 ਅਤੇ ਮੋਹਾਲੀ ਹਾਈਟੈਕ ਮੈਟਲ ਕਲੱਸਟਰ ਸਬੰਧੀ ਮੈਮੋਰੰਡਮ | 15884/ 16.11.2011 |
| 14. | ਜ਼ਿਲ੍ਹਾ ਭਾਸ਼ਾ ਅਫਸਰ, ਅੰਮ੍ਰਿਤਸਰ | 291/ 11.08.2011 | ਰਾਈਟ-ਟੂ ਸਰਵਿਸ ਐਕਟ | 10092/ 14.8.2013 |
| 15. | ਡਾਇਰੈਕਟਰ ਜਲ ਸਾਧਨ ਅਤੇ ਵਾਤਾਵਰਣ, ਪੰਜਾਬ ਚੰਡੀਗੜ੍ਹ | 1791/ 23.6.2014 | ਪੰਜਾਬ ਰਾਜ ਗਰਾਊਂਡ ਵਾਟਰ ਕੰਟਰੋਲ ਐਂਡ ਰੈਗੂਲੇਸ਼ਨ ਐਕਟ, 2014 | 10478/ 4.9.2014 |
| 16. | ਪੰਜਾਬ ਸਟੇਟ ਇਨਫਾਰਮੇਸ਼ਨ ਕਮਿਸ਼ਨ ਪੰਜਾਬ, ਚੰਡੀਗੜ੍ਹ | 1672/ 26.8.2014 | ਸਟੇਟ ਇਨਫਾਰਮੇਸ਼ਨ ਕਮਿਸ਼ਨ ਦੇ 17 ਮੈਨੂਅਲ | 10831/ 15.09.2014 |
| 17. | ਸੰਯੁਕਤ ਡਾਇਰੈਕਟਰ ਖੇਤੀਬਾੜੀ (ਪੀ.ਪੀ.) | 2226/ਏ.ਡੀ.ਓ(ਪੀ.ਪੀ-2)/ 17.11.2014 | ਆਰ.ਟੀ.ਆਈ. ਐਕਟ, 2005 ਸਬੰਧੀ ਸੂਚਨਾ ਹਿਤ ਇਨਸੇਕਟੀਸਾਈਡ | 15202/ 4.12.2014 |

| | | | | |
|---|---|---|---|---|
| | ਪੰਜਾਬ ਦਫਤਰ ਡਾਇਰੈਕਟਰ ਖੇਤੀਬਾੜੀ, ਮੋਹਾਲੀ | | ਐਕਟ, 1968 ਅਤੇ ਇਸ ਅਧੀਨ ਨਿਯਮ | |
| 18. | ਸਹਾਇਕ ਡਾਇਰੈਕਟਰ (ਹਿੰਦੀ ਸੈਲ), ਚੰਡੀਗੜ੍ਹ | 1421/ 21.1.2015 | ਆਮ ਰਾਜ ਪ੍ਰਬੰਧ ਵਿਭਾਗ (ਰਾਜਨੀਤੀ-1 ਸ਼ਾਖਾ ਅਤੇ ਡਾਇਰੈਕਟਰ ਫੂਡ ਪ੍ਰੋਸੈਸਿੰਗ ਪੰਜਾਬ ਦੀਆਂ ਗਾਈਡ ਲਾਈਨਜ਼) | 10370/ 24.09.2015 |
| 19. | ਪੰਜਾਬ ਸਰਕਾਰ (ਆਮ ਰਾਜ ਪ੍ਰਬੰਧ ਵਿਭਾਗ), ਚੰਡੀਗੜ੍ਹ | 13092/ 14.12.2015 | ਆਰ.ਟੀ.ਆਈ. ਐਕਟ, 2005 ਅਧੀਨ ਪ੍ਰੋਐਕਟਿਵ ਡਿਸਕਲੋਜਰ | 783/ 25.01.2016 |
| 20. | ਸੀਨੀਅਰ ਕਪਤਾਨ ਪੁਲਿਸ ਵਿਜੀਲੈਂਸ ਬਿਊਰੋ ਪਟਿਆਲਾ ਰੇਂਜ | 8888/ 30.09.2015 | ਇੰਪਲੀਮੈਂਟੇਸ਼ਨ ਆਫ਼ ਸੂਓ ਮੋਟੋ ਡਿਸਕਲੋਜ਼ਰ ਅੰਡਰ ਸੈਕਸ਼ਨ 4 ਆਫ਼ ਆਰ.ਟੀ.ਆਈ. ਐਕਟ, 2005 | 8598/ 19.5.2016 |
| 21. | ਪ੍ਰਸ਼ਾਸਨਿਕ ਸੁਧਾਰ ਵਿਭਾਗ, ਚੰਡੀਗੜ੍ਹ | 1045122/1/ 16.8.2017 | ਸੂਚਨਾ ਅਧਿਕਾਰ ਐਕਟ, 2005 ਦੇ ਸੈਕਸ਼ਨ 26(2) ਅਧੀਨ ਤਿਆਰ ਕੀਤੀ ਗਾਈਡ ਲਾਈਨਜ਼ | 8817/ 9.10.2017 |
| 22. | ਜ਼ਿਲ੍ਹਾ ਭਾਸ਼ਾ ਅਫਸਰ, ਮਾਨਸਾ | 725/ 29.9.2017 | ਆਰਮਜ਼ ਰੂਲਜ਼, 2016 ਵਿਚ ਦਰਜ ਰੂਲਜ਼ | 9148/ 13.10.2017 |
| 23. | ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ. ਐਸ.ਏ.ਐਸ. ਨਗਰ | 5668/ 11.9.2017 | ਪੰਜਾਬ ਸ਼ਹਿਰੀ ਆਵਾਸ ਯੋਜਨਾ ਸਬੰਧੀ ਨੋਟੀਫਿਕੇਸ਼ਨ | 9846/ 8.11.2017 |
| 24. | ਪੰਜਾਬ ਸਰਕਾਰ ਆਮ ਰਾਜ ਪ੍ਰਬੰਧ ਵਿਭਾਗ, (ਮੰਤਰੀ ਮੰਡਲ) | 4679/ 23.10.2017 | ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਤੋਂ ਪ੍ਰਾਪਤ ਨੋਟਿਸ | 9865/ 9.11.2017 |
| 25. | ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਮੋਹਾਲੀ | 241/23.01.2017 | ਮਾਣਯੋਗ ਗਰੀਨ ਟ੍ਰਿਬਿਊਨਲ ਦੀ ਹਦਾਇਤਾਂ ਅਤੇ ਨਿਯਮ | 10635-36/ 12.12.2017 |
| 26. | ਨਗਰ ਨਿਗਮ, ਲੁਧਿਆਣਾ | 39/ 20.11.2017 | ਐਮ.ਐਮ.ਡਬਲਯੂ ਰੂਲਜ਼, 2016 | ਮੈਟਰ ਈ-ਮੇਲ ਰਾਹੀਂ ਗਿਆ |
| 27. | ਡਾਇਰੈਕਟੋਰੇਟ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ, ਚੰਡੀਗੜ੍ਹ | 92132/ 27.03.2017 | ਦਾ ਰਾਈਟ ਆਫ਼ ਪਰਸਨਜ਼ ਵਿਦ ਡਿਸੇਬਲੀਟਿਜ਼ ਐਕਟ 2016 | 10771/ 27.12.2017 |
| 28. | ਦਫ਼ਤਰ ਲੋਕਪਾਲ, ਪੰਜਾਬ ਪ੍ਰਬੰਧਕੀ ਵਿੰਗ ਅਮਲਾ ਸ਼ਾਖਾ, ਚੰਡੀਗੜ੍ਹ | 1237/ 20.08.2018 | ਲੋਕਪਾਲ ਐਕਟ. 1999 | 7993/ 7.09.2018 |

------

**ਰਾਜ ਦੀਆਂ ਜ਼ਿਲ੍ਹਾ ਅਦਾਲਤਾਂ ਵਿਚ ਪੰਜਾਬੀ ਵਿਚ ਕੰਮ-ਕਾਰ ਸਬੰਧੀ**

***1973(ਸੀ.ਯੂ.). ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਪੰਜਾਬ ਰਾਜ ਭਾਸ਼ਾ ਸੋਧ ਐਕਟ, 2008 ਰਾਹੀਂ ਪੰਜਾਬ ਦੀਆਂ ਸਾਰੀਆਂ ਜ਼ਿਲ੍ਹਾ ਅਦਾਲਤਾਂ ਵਿਚ ਹੁੰਦੇ ਕੰਮ-ਕਾਜ ਨੂੰ ਪੰਜਾਬੀ ਵਿਚ ਕਰਨ ਦੀ ਵਿਵਸਥਾ ਕੀਤੀ ਗਈ ਸੀ;

(ਅ) ਕੀ ਇਹ ਵੀ ਠੀਕ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਆਪਣੇ ਪੱਤਰ ਨੰ: 29827, ਮਿਤੀ 11.9.2009 ਰਾਹੀਂ ਪੰਜਾਬ ਸਰਕਾਰ ਨੂੰ ਮੁਲਾਜ਼ਮ ਭਰਤੀ ਕਰਨ ਲਈ ਲਿਖਿਆ ਸੀ; ਜੇਕਰ ਅਜਿਹਾ ਹੈ ਤਾਂ ਉਸ ਉੱਤੇ ਕੀਤੀ ਗਈ ਕਾਰਵਾਈ ਦੇ ਕੀ ਵੇਰਵੇ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** (ੳ) ਹਾਂ ਜੀ।

(ਅ) ਪ੍ਰਸ਼ਨ ਦੇ ਇਸ ਭਾਗ ਦਾ ਸਬੰਧ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਪੰਜਾਬ ਨਾਲ ਹੈ। ਇਸ ਸਬੰਧੀ ਉਨ੍ਹਾਂ ਵੱਲੋਂ ਪੱਤਰ ਮਿਤੀ 29.06.2020 (ਅਨੈਕਸ਼ਚਰ-1) ਰਾਹੀਂ ਸੂਚਿਤ ਕੀਤਾ ਗਿਆ ਹੈ ਕਿ ਪੰਜਾਬ ਰਾਜ ਦੀਆਂ ਅਧੀਨ ਅਦਾਲਤਾਂ ਵਿਚ ਪੰਜਾਬੀ ਭਾਸ਼ਾ ਲਾਗੂ ਕਰਨ ਹਿੱਤ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਤਜਵੀਜ਼ ਅਨੁਸਾਰ ਨਵੀਆਂ ਅਸਾਮੀਆਂ ਦੀ ਰਚਨਾ ਕਰਵਾਈ ਜਾਣੀ ਹੈ ਅਤੇ ਜਿਸ ਲਈ ਮਾਮਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵਿਚਕਾਰ ਕਾਰਵਾਈ ਅਧੀਨ ਹੈ।

(Annexure- I)

**ਪੰਜਾਬ ਸਰਕਾਰ**

**ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ**

**(ਅਦਾਲਤੀ-1 ਸ਼ਾਖਾ)**

ਸੇਵਾ ਵਿਖੇ

ਰਜਿਸਟਰਾਰ ਜਨਰਲ,
ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਚੰਡੀਗੜ੍ਹ।

ਮੀਮੋ ਨੰ: 14/119/2008-2ਅਦਾ(1)/777

ਮਿਤੀ, ਚੰਡੀਗੜ੍ਹ: 29/6/2020

**ਵਿਸ਼ਾ: ਪੰਜਾਬ ਆਫੀਸ਼ੀਅਲ (ਅਮੈਂਡਮੈਂਟ) ਬਿਲ, 2008 ਅਨੁਸਾਰ ਅਧੀਨ ਅਦਾਲਤਾਂ ਵਿੱਚ ਪੰਜਾਬੀ ਭਾਸ਼ਾ ਦਾ ਪ੍ਰਯੋਗ ਕਰਨ ਬਾਰੇ-ਪੰਜਾਬ ਵਿਧਾਨ ਸਭਾ ਦੁਆਰਾ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਸਬੰਧੀ ਪਾਸ ਕੀਤਾ ਗਿਆ ਸਰਕਾਰੀ ਮਤਾ।**

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: 10610 E.11/VII.B.4(Pb) ਮਿਤੀ 09.06.2020 ਹਵਾਲੇ ਵਿਚ।

2. ਪੰਜਾਬ ਸਰਕਾਰ ਵੱਲੋਂ ਜਾਰੀ ਗਜ਼ਟ ਨੋਟੀਫਿਕੇਸ਼ਨ ਮਿਤੀ 05-11-2008 ਰਾਹੀਂ ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2008 ਲਾਗੂ ਕੀਤਾ ਗਿਆ ਸੀ। ਇਸ ਐਕਟ ਦੇ ਸੈਕਸ਼ਨ-3A.(1) ਦੇ ਉਪਬੰਧਾਂ ਤਹਿਤ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਧੀਨ ਸਾਰੀਆਂ ਦੀਵਾਨੀ, ਫੌਜਦਾਰੀ ਅਤੇ ਮਾਲੀ ਅਦਾਲਤਾਂ ਅਤੇ ਕਿਰਾਇਆ ਟ੍ਰਿਬਿਊਨਲ ਜਾਂ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੀਆਂ ਹੋਰ ਸਾਰੀਆਂ ਅਦਾਲਤਾਂ ਅਤੇ ਟ੍ਰਿਬਿਊਨਲਾਂ ਦਾ ਕੰਮਕਾਜ ਪੰਜਾਬੀ ਭਾਸ਼ਾ ਵਿਚ ਕੀਤਾ ਜਾਣਾ ਹੈ ਅਤੇ ਜਿਸ ਅਨੁਸਾਰ ਆਪ ਨੂੰ ਪੰਜਾਬ ਰਾਜ ਦੀਆਂ ਅਧੀਨ ਅਦਾਲਤਾਂ ਦੇ ਕੰਮਕਾਜ ਨੂੰ ਪੰਜਾਬੀ ਭਾਸ਼ਾ ਵਿਚ ਕਰਨ ਲਈ ਲਿਖਿਆ ਗਿਆ ਸੀ। ਜਿਸ ਸਬੰਧ ਵਿਚ ਆਪ ਦੇ ਦਫਤਰ ਦੇ ਪੱਤਰ ਨੰ: 5497 E.11/VII.B.(Pb) ਮਿਤੀ 09.06.2020 ਰਾਹੀਂ ਰਾਜ ਦੀਆਂ ਅਧੀਨ ਅਦਾਲਤਾਂ ਵਿਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਲਈ ਹੇਠ ਲਿਖੇ ਅਨੁਸਾਰ ਅਸਾਮੀਆਂ ਦੀ ਰਚਨਾ ਕਰਨ ਦੀ ਤਜਵੀਜ਼ ਪ੍ਰਾਪਤ ਹੋਈ ਸੀ:-

**For Punjab Superior Judicial Service**

| | | |
|---|---|---|
| Judgement Writer Gr.I | 10300-34800+GP 4800 | 127 |
| Stenographer Gr.II | 10300-34800+GP 4400 | 127 |
| Translator | 10300-34800+GP 4400 | 127 |

**For Punjab Civil Services (Judicial Branch)**

| | | |
|---|---|---|
| Judgement Writer Gr.II | 10300-34800+GP 4400 | 366 |
| Translator | 10300-34800+GP 4400 | 366 |
| Stenographer Gr.III | 5910-20200+GP 2800 | 366 |

[ਉਚੇਰੀ ਸਿੱਖਿਆ ਮੰਤਰੀ]

ਇਨ੍ਹਾਂ ਅਸਾਮੀਆਂ ਤੇ ਹੋਣ ਵਾਲਾ ਖਰਚ ਲਗਭਗ 24.00 ਲੱਖ ਰੁਪਏ ਪ੍ਰਤੀ ਮਹੀਨਾ ਦੱਸਿਆ ਗਿਆ ਸੀ। ਇਹ ਖਰਚਾ ਤਜਵੀਜ਼ਤ ਅਸਾਮੀਆਂ ਦੇ ਸਾਲ 2012 ਵਿਚ ਪ੍ਰਚੱਲਤ ਤਨਖਾਹ ਸਕੇਲਾਂ ਦੇ ਆਧਾਰ ਤੇ ਨਿਸ਼ਚਿਤ ਕੀਤਾ ਗਿਆ ਸੀ। ਜਦਕਿ ਉਕਤ ਆਸਾਮੀਆਂ ਵਿਚੋਂ ਕੁਝ ਅਸਾਮੀਆਂ ਦੇ ਤਨਖਾਹ ਸਕੇਲਾਂ ਵਿਚ ਮੌਜੂਦਾ ਸਮੇਂ ਤਬਦੀਲੀ ਹੋਈ ਹੈ ਅਤੇ ਇਸ ਤੋਂ ਇਲਾਵਾ ਪੰਜਾਬ ਸੁਪੀਰੀਅਰ ਜੁਡੀਸ਼ੀਅਲ ਸਰਵਿਸਿਜ ਅਤੇ ਪੀ.ਸੀ.ਐਸ.(ਜੇ.ਬੀ.) ਦੇ ਕਾਡਰਾਂ ਵਿਚ ਵੀ ਸਾਲ 2012 ਤੋਂ ਹੁਣ ਤੱਕ ਆਸਾਮੀਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ।

3. ਉਪਰੋਕਤ ਦੇ ਸਨਮੁੱਖ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਰਾਜ ਦੀਆਂ ਅਧੀਨ ਅਦਾਲਤਾਂ ਵਿਚ ਪੰਜਾਬੀ ਭਾਸ਼ਾ ਲਾਗੂ ਕਰਨ ਹਿੱਤ ਕੁੱਲ ਕਿੰਨਾ ਅਸਾਮੀਆਂ ਦੀ ਲੋੜ ਪਵੇਗੀ, ਅਸਾਮੀਆਂ ਦੇ ਮੌਜੂਦਾ ਤਨਖਾਹ ਸਕੇਲ ਅਤੇ ਅਸਾਮੀਆਂ ਦੀ ਰਚਨਾ ਕਰਨ ਦੀ ਸੂਰਤ ਵਿਚ ਹੋਣ ਵਾਲੇ ਵਿੱਤੀ ਬੋਝ ਬਾਰੇ ਸਥਿਤੀ ਸਪੱਸ਼ਟ ਕਰਦੇ ਹੋਏ ਸਵੈ-ਸਪੱਸ਼ਟ ਤਜਵੀਜ਼ ਆਪਣੀਆਂ ਸ਼ਿਫਾਰਸ਼ਾਂ ਸਹਿਤ ਜਲਦ ਇਸ ਵਿਭਾਗ ਨੂੰ ਭਿਜਵਾਉਣ ਦੀ ਖੇਚਲ ਕੀਤੀ ਜਾਵੇ।

ਸਹੀ/-
ਸੁਪਰਡੰਟ

ਇਸ ਦਾ ਇਕ ਉਤਾਰਾ ਸੁਪਰਡੰਟ, ਸਿੱਖਿਆ ਵਿਭਾਗ (ਸਿੱਖਿਆ ਸੈਲ), ਪੰਜਾਬ ਸਿਵਲ ਸਕੱਤਰੇਤ-2 ਨੂੰ ਉਨ੍ਹਾਂ ਦੇ ਪੱਤਰ ਅੰ:ਵਿ:ਪੱ:ਨੰ:-6/41/19-2ਸਿ:ਸ/787 ਮਿਤੀ 19.05.2020, 6/41/19-2ਸਿ:ਸੈ/949 ਮਿਤੀ 10.06.2020 ਅੰ:ਵਿ:ਪੱ:ਨੰ:-3/5/19/-2ਸਿੱ:ਸੈਲ/1124 ਮਿਤੀ 23.06.2020 ਦੇ ਹਵਾਲੇ ਵਿਚ ਭੇਜਦੇ ਹੋਏ ਦੱਸਿਆ ਜਾਂਦਾ ਹੈ ਕਿ ਪੰਜਾਬ ਰਾਜ ਦੀਆਂ ਅਧੀਨ ਅਦਾਲਤਾਂ ਵਿਚ ਪੰਜਾਬੀ ਭਾਸ਼ਾ ਲਾਗੂ ਕਰਨ ਹਿੱਤ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਤਜਵੀਜ਼ ਅਨੁਸਾਰ ਨਵੀਆਂ ਅਸਾਮੀਆਂ ਦੀ ਰਚਨਾ ਕਰਵਾਈ ਜਾਣੀ ਹੈ ਅਤੇ ਜਿਸ ਲਈ ਮਾਮਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਵਿਭਾਗ ਵਿਚਕਾਰ ਕਾਰਵਾਈ ਅਧੀਨ ਹੈ। ਜਿਸ ਸਬੰਧੀ ਬਣਦੀ ਕਾਰਵਾਈ ਮੁਕੰਮਲ ਹੋਣ ਤੇ ਆਪ ਨੂੰ ਸੂਚਿਤ ਕਰ ਦਿੱਤਾ ਜਾਵੇਗਾ।

ਸਹੀ/-
ਸੁਪਰਡੰਟ

ਸੇਵਾ ਵਿਖੇ

ਸੁਪਰਡੰਟ,
ਸਿੱਖਿਆ ਵਿਭਾਗ (ਸਿੱਖਿਆ ਸੈੱਲ)
ਪੰਜਾਬ ਸਿਵਲ ਸਕੱਤਰੇਤ-2, ਚੰਡੀਗੜ੍ਹ
ਅੰ:ਵਿ:ਪੱ:ਨੰ:-14/119/2008-2ਅਦਾ(1)/770
ਮਿਤੀ,ਚੰਡੀਗੜ੍ਹ : 29/6/2020

------

## ਖਮਾਣੋ-ਖੰਨਾ ਸੜਕ ਨੂੰ ਚੌੜਾ ਕਰਨਾ

***1977 (ਸੀ.ਯੂ.). ਸਰਦਾਰ ਗੁਰਪ੍ਰੀਤ ਸਿੰਘ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਖਮਾਣੋ-ਖੰਨਾ ਸੜਕ ਨੂੰ ਪਹਿਲ ਦੇ ਆਧਾਰ ਤੇ ਚੌੜਾ ਕਰਨ ਲਈ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ, ਹਾਲ ਦੀ ਘੜੀ ਇਸ ਸੜਕ ਨੂੰ ਚੌੜਾ ਕਰਨ ਦੀ ਕੋਈ ਵੀ ਤਜਵੀਜ਼ ਨਹੀਂ ਹੈ।

------

## ਹਲਕਾ ਬੱਸੀ ਪਠਾਣਾ ਦੇ ਪਿੰਡਾਂ ਵਿੱਚ ਟਰਾਂਸਪੋਰਟ ਸੇਵਾਵਾਂ ਸ਼ੁਰੂ ਕਰਨਾ

***1979 (ਸੀ.ਯੂ.). ਸਰਦਾਰ ਗੁਰਪ੍ਰੀਤ ਸਿੰਘ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬੱਸੀ ਪਠਾਣਾ ਵਿਧਾਨ ਸਭਾ ਹਲਕੇ ਦੇ ਪਿੰਡਾਂ ਵਿੱਚ ਪੇਂਡੂ ਟਰਾਂਸਪੋਰਟ ਸੇਵਾਵਾਂ ਸ਼ੁਰੂ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸ਼੍ਰੀਮਤੀ ਅਰੁਨਾ ਚੌਧਰੀ:** ਨਹੀਂ ਜੀ।

------

## ਤਹਿਸੀਲ ਭਲਾਈ ਦਫ਼ਤਰ ਅਬੋਹਰ ਨੂੰ ਬੰਦ ਕਰਨ ਸਬੰਧੀ

***1980 (ਸੀ.ਯੂ.). ਸ਼੍ਰੀ ਨੱਥੂ ਰਾਮ:** ਕੀ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਸਰਕਾਰ ਤਹਿਸੀਲ ਭਲਾਈ ਦਫ਼ਤਰ, ਅਬੋਹਰ ਨੂੰ ਬੰਦ ਕਰਨ ਦਾ ਇਰਾਦਾ ਕਰ ਰਹੀ ਹੈ; ਜੇਕਰ ਨਹੀਂ ਤਾਂ ਇਨ੍ਹਾਂ ਨੂੰ ਅਬੋਹਰ ਵਿੱਚ ਬਿਲਡਿੰਗ ਮੁਹੱਈਆ ਕਰਵਾਉਣ ਲਈ ਕੀ ਪ੍ਰਬੰਧ ਕਰ ਰਹੀ ਹੈ?

**ਸਰਦਾਰ ਸਾਧੂ ਸਿੰਘ:** ਦਫ਼ਤਰ ਤਹਿਸੀਲ ਭਲਾਈ ਅਫ਼ਸਰ, ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਪੰਚਾਇਤ ਸੰਮਤੀ ਦੀ ਬਿਲਡਿੰਗ ਬੀ.ਡੀ.ਪੀ.ਓ. ਦਫ਼ਤਰ ਵਿੱਚ ਚੱਲ ਰਹੀ ਹੈ, ਜਿਸ ਦਾ ਕਿਰਾਇਆ 1450/- ਰੁਪਏ ਪ੍ਰਤੀ ਮਹੀਨਾ ਅਦਾ ਕੀਤਾ ਜਾਂਦਾ ਹੈ, ਜਦ ਕਿ ਪੰਜਾਬ ਸਰਕਾਰ, ਵਿੱਤ ਮੰਤਰੀ ਦੇ ਪੱਤਰ ਨੰ:1/10/2016-1 ਵਿ.ਬ.1/ 925 ਮਿਤੀ 09-05-2017 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਤਹਿਸੀਲ ਭਲਾਈ ਦਫ਼ਤਰ, ਅਬੋਹਰ ਨੂੰ ਸਰਕਾਰੀ ਇਮਾਰਤ ਵਿੱਚ ਸ਼ਿਫਟ ਕਰਨ ਸਬੰਧੀ ਉਪ ਮੰਡਲ ਮੈਜਿਸਟ੍ਰੇਟ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ, ਜਦੋਂ ਤੱਕ ਦਫ਼ਤਰ ਤਹਿਸੀਲ ਭਲਾਈ ਅਫ਼ਸਰ, ਅਬੋਹਰ ਨੂੰ ਸਰਕਾਰੀ ਇਮਾਰਤ ਵਿੱਚ ਜਗ੍ਹਾ ਅਲਾਟ ਨਹੀਂ ਹੁੰਦੀ, ਉਦੋਂ ਤੱਕ ਤਹਿਸੀਲ ਅਬੋਹਰ ਦੇ ਦਫ਼ਤਰ ਨੂੰ ਆਰਜ਼ੀ ਤੌਰ ਤੇ ਜ਼ਿਲ੍ਹਾ ਭਲਾਈ ਦਫ਼ਤਰ, ਫਾਜ਼ਿਲਕਾ ਵਿਖੇ ਤਜਵੀਜ਼ ਨਹੀਂ ਹੈ ਜੀ।

------

## ਸੜਕਾਂ ਚੌੜੀਆਂ ਕਰਨ ਲਈ ਕੱਟੇ ਗਏ ਦਰੱਖਤਾਂ ਸਬੰਧੀ

***1981 (ਸੀ.ਯੂ.). ਸ਼੍ਰੀ ਨੱਥੂ ਰਾਮ :** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਪਿਛਲੇ ਪੰਜ ਸਾਲਾਂ ਵਿੱਚ ਸੜਕਾਂ ਚੌੜੀਆਂ ਕਰਨ ਸਮੇਂ ਕਿੰਨੇ ਦਰੱਖਤ ਕੱਟੇ ਗਏ ਹਨ ਅਤੇ ਇਨ੍ਹਾਂ ਦੀ ਜਗ੍ਹਾ ਤੇ ਹੋਰ ਕਿੰਨੇ ਲਗਾਏ ਗਏ ਹਨ;

ਅ) ਕੀ ਇਨ੍ਹਾਂ ਵਿੱਚ ਫਲਦਾਰ ਦਰੱਖਤ ਵੀ ਲਗਾਏ ਗਏ ਹਨ ਜਿਸ ਨਾਲ ਸਰਕਾਰ ਨੂੰ ਆਮਦਨ ਹੋ ਸਕੇ?

**ਸਰਦਾਰ ਸਾਧੂ ਸਿੰਘ:** ੳ) ਪਿਛਲੇ ਪੰਜਾਂ ਸਾਲਾਂ ਵਿੱਚ ਸੜਕਾਂ ਚੌੜੀਆਂ ਕਰਨ ਸਮੇਂ ਲਗੱਭਗ 2,33,000 ਦਰੱਖਤ ਕੱਟੇ ਗਏ ਹਨ ਅਤੇ ਪਿਛਲੇ ਪੰਜ ਸਾਲ ਦੌਰਾਨ ਇਨ੍ਹਾਂ ਦੇ ਇਵਜ਼ ਵਿੱਚ ਕੰਪਨਸੇਟਰੀ ਅਫਾਰੈਸਟੇਸ਼ਨ ਅਤੇ ਐਡੀਸ਼ਨਲ ਕੰਪਨਸੇਟਰੀ ਅਫਾਰੈਸਟੇਸ਼ਨ ਤਹਿਤ ਲੱਗਭਗ 41,48,000 ਰਵਾਇਤੀ ਪੌਦੇ ਲਗਾਏ ਗਏ ਹਨ।

ਅ) ਇਨ੍ਹਾਂ ਵਿੱਚ ਕਈ ਥਾਵਾਂ ਤੇ 1,69,595 ਫਲਦਾਰ ਪੌਦੇ ਵੀ ਲਗਾਏ ਗਏ ਹਨ।

------

## ਰਾਮਸਰਾ-ਰਾਜਾਵਾਲੀ ਪਿੰਡਾਂ ਦੇ ਵਿਚਕਾਰ 500 ਮੀਟਰ ਡ੍ਰੇਨ ਪੁੱਟਣਾ

***1982(ਸੀ.ਯੂ.). ਸ਼੍ਰੀ ਨੱਥੂ ਰਾਮ :** ਕੀ ਜਲ ਸਰੋਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਅਬੁੱਲ-ਖੁਰਾਣਾ ਡ੍ਰੇਨ ਵਿੱਚ ਹਲਕਾ ਬੱਲੂਆਣਾ ਦੇ ਰਾਮਸਰਾ-ਰਾਜਾਵਾਲੀ ਪਿੰਡਾਂ ਦੇ ਵਿਚਕਾਰ 500 ਮੀਟਰ ਡਰੇਨ ਕਦੇ ਪੁੱਟੀ ਹੀ ਨਹੀਂ ਗਈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕੀ ਕਾਰਨ ਹਨ;

ਅ) ਕੀ ਵਿਭਾਗ ਉਸ ਨੂੰ ਪੁੱਟਣ ਦਾ ਇਰਾਦਾ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ੳ) ਨਹੀਂ ਜੀ, ਹਲਕਾ ਬੱਲੂਆਣਾ ਦੇ ਰਾਮਸਰਾ-ਰਾਜਾਵਾਲੀ ਪਿੰਡਾਂ ਦੇ ਵਿਚਕਾਰ ਪਿਛਲੇ ਅੱਠ ਸਾਲਾਂ (2010 ਤੋਂ 2017) ਦੌਰਾਨ ਅਬੁੱਲ-ਖੁਰਾਣਾ ਡਰੇਨ ਦੇ ਇਸ ਪੋਰਸ਼ਨ ਦੀ ਪੁਟਾਈ (ਸਫਾਈ) ਹਰ ਸਾਲ ਕਰਵਾਈ ਗਈ ਹੈ।

ਅ) ਜੀ ਹਾਂ, ਅਬੁੱਲ-ਖੁਰਾਣਾ ਡਰੇਨ ਦੇ ਇਸ ਪੋਰਸ਼ਨ ਦੀ ਪੁਟਾਈ (ਸਫਾਈ) ਮੌਨਸੂਨ ਸੀਜ਼ਨ, 2019 ਤੋਂ ਪਹਿਲਾਂ ਫੰਡਾਂ ਦੀ ਉਪਲਬੱਧਤਾ ਅਨੁਸਾਰ ਕਰਵਾਏ ਜਾਣ ਦੀ ਤਜਵੀਜ਼ ਹੈ।

------

## ਹਲਕਾ ਬੱਲੂਆਣਾ ਦੇ ਸੀ.ਐਚ.ਸੀ. ਸੀਤੋ ਗੁਨੋ, ਰਾਮਸਰਾ, ਬਹਾਵਵਾਲਾ ਵਿੱਚ ਡਾਕਟਰ ਸਟਾਫ ਦੀਆਂ ਪੋਸਟਾਂ ਸਬੰਧੀ

***1983 (ਸੀ.ਯੂ.). ਸ਼੍ਰੀ ਨੱਥੂ ਰਾਮ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਬੱਲੂਆਣਾ ਹਲਕੇ ਦੇ ਸੀ.ਐਚ.ਸੀ. ਸੀਤੋ ਗੁਨੋ, ਰਾਮਸਰਾ ਅਤੇ ਬਹਾਵਵਾਲਾ ਵਿੱਚ ਡਾਕਟਰ ਤੇ ਬਾਕੀ ਜ਼ਰੂਰੀ ਸਟਾਫ ਦੀਆਂ ਕਿੰਨੀਆਂ ਸੈਂਕਸ਼ਨਡ ਪੋਸਟਾਂ ਹਨ ਅਤੇ ਇਨ੍ਹਾਂ ਵਿੱਚੋਂ ਕਿੰਨੀਆਂ ਪੋਸਟਾਂ ਖਾਲੀ ਹਨ;

(ਅ) ਸਰਕਾਰ ਇਨ੍ਹਾਂ ਖਾਲੀ ਪਈਆਂ ਪੋਸਟਾਂ ਨੂੰ ਕਦੋਂ ਤੱਕ ਭਰਨ ਦਾ (ਸਟਾਫ ਪੂਰਾ) ਇਰਾਦਾ ਰੱਖਦੀ ਹੈ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, ੳ) ਹਲਕਾ ਬੱਲੂਆਣਾ ਦੇ ਸੀ.ਐਚ.ਸੀ. ਸੀਤੋ ਗੁਨੋ, ਰਾਮਸਰਾ ਅਤੇ ਬਹਾਵਵਾਲਾ ਵਿਖੇ ਡਾਕਟਰਾਂ, ਪੈਰਾ ਮੈਡੀਕਲ ਅਤੇ ਸਪੋਰਟਿੰਗ ਮਨਿਸਟੀਰੀਅਲ ਸਟਾਫ ਦੀਆਂ ਕੁੱਲ 249 ਅਸਾਮੀਆਂ ਮਨਜ਼ੂਰਸ਼ੁਦਾ ਹਨ, ਜਿਨ੍ਹਾਂ ਵਿਚੋਂ ਕੁੱਲ 121 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 128 ਅਸਾਮੀਆਂ ਖਾਲੀ ਹਨ। ਸੀ.ਐਚ.ਸੀ. ਸੀਤੋ ਗੁਨੋ, ਰਾਮਸਰਾ ਅਤੇ ਬਹਾਵਵਾਲਾ ਵਿਖੇ ਸ਼੍ਰੇਣੀਵਾਰ ਮਨਜ਼ੂਰਸ਼ੁਦਾ, ਖਾਲੀ ਅਸਾਮੀਆਂ ਸਬੰਧੀ ਵੇਰਵਾ ਹੇਠਾਂ ਅਨੁਲੱਗ 'ੳ' ਤੇ ਰੱਖਿਆ ਜਾਂਦਾ ਹੈ।

ਅ) ਸਿਹਤ ਵਿਭਾਗ ਪੰਜਾਬ ਵਿੱਚ ਖਾਲੀ ਪਈਆਂ ਅਸਾਮੀਆਂ ਭਰਨ ਸਬੰਧੀ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾਂਦੇ ਹਨ। ਸਾਲ ਜੁਲਾਈ ਅਗਸਤ, 2018 ਵਿੱਚ ਸਿਹਤ ਵਿਭਾਗ ਪੰਜਾਬ ਵੱਲੋਂ ਮੈਡੀਕਲ ਅਫਸਰ (ਸਪੈਸ਼ਲਿਸਟ) ਦੀਆਂ 513 ਅਸਾਮੀਆਂ ਭਰਨ ਲਈ ਵਾਕ-ਇਨ-ਇੰਟਰਵਿਊ ਕੀਤੀ ਗਈ ਸੀ, ਜਿਸ ਵਿੱਚ 216 ਉਮੀਦਵਾਰ ਚੁਣੇ ਗਏ ਸਨ। ਬਾਕੀ ਰਹਿੰਦੀਆਂ 297 ਅਸਾਮੀਆਂ ਭਰਨ ਲਈ ਜਲਦੀ ਹੀ ਅਗਲੀ ਵਾਕ-ਇੰਨ-ਇੰਟਰਵਿਊ ਵਿਭਾਗ ਦੇ ਵਿਚਾਰ ਅਧੀਨ ਹੈ ਅਤੇ ਸਾਲ 2018 ਦੌਰਾਨ ਮੈਡੀਕਲ ਅਫਸਰਾਂ (ਐਮ.ਬੀ.ਬੀ.ਐਸ.) ਦੀਆਂ 255 ਖਾਲੀ ਅਸਾਮੀਆਂ ਵਿਰੁੱਧ ਭਰਤੀ ਕੀਤੀ ਗਈ ਸੀ ਅਤੇ 175 ਹੋਰ ਖਾਲੀ ਅਸਾਮੀਆਂ ਨੂੰ ਭਰਨ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

## ਅਨੁਲੱਗ 'ੳ'

| ਸੰਸਥਾ ਦਾ ਨਾਮ | ਅਸਾਮੀ ਦਾ ਨਾਮ | ਮਨਜੂਰਸ਼ੁਦਾ | ਭਰੀਆਂ | ਖਾਲੀ |
|---|---|---|---|---|
| ਸੀ.ਐਚ.ਸੀ. ਸੀਤੋ ਗੁੰਨੋ | ਐਸ.ਐਮ.ੳ | 1 | 0 | 1 |
| | ਮੈਡੀਕਲ ਅਫਸਰ ਸਪੈਸ਼ੇਲਿਸਟ | 4 | 3 | 1 |
| | ਮੈਡੀਕਲ ਅਫਸਰ (ਡੈਂਟਲ) | 1 | 1 | 0 |
| | ਮੈਡੀਕਲ ਅਫਸਰ | 8 | 3 | 5 |
| | ਅਪਥਾਲਮਿਕ ਅਫਸਰ | 1 | 1 | 0 |
| | ਸਟਾਫ ਨਰਸ | 17 | 4 | 13 |
| | ਐਲ.ਐਚ.ਵੀ | 5 | 4 | 1 |
| | ਟਰੇਂਡ ਦਾਈ | 2 | 0 | 2 |
| | ਮਲਟੀਪਰਪਜ਼ ਹੈਲਥ ਵਰਕਰ (ਮੇਲ) | 28 | 28 | 0 |

| | | | |
|---|---|---|---|
| ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) | 28 | 21 | 7 |
| ਮਲਟੀਪਰਪਜ਼ ਸੁਪਰਵਾਈਜ਼ਰ (ਮੇਲ) | 5 | 4 | 1 |
| ਮਲਟੀਪਰਪਜ਼ ਸੁਪਰਵਾਈਜ਼ਰ (ਫੀਮੇਲ) | 5 | 4 | 1 |
| ਚੀਫ ਫਾਰਮਾਸਿਸਟ | 1 | 1 | 0 |
| ਫਾਰਮਾਸਿਸਟ | 8 | 6 | 2 |
| ਰੇਡੀਓਗਰਾਫਰ | 4 | 4 | 0 |
| ਐਮ.ਐਲ.ਟੀ. ਗ੍ਰੇਡ-1 | 1 | 0 | 1 |
| ਐਮ.ਐਲ.ਟੀ. ਗ੍ਰੇਡ-2 | 8 | 1 | 7 |
| ਬਲਾਕ ਐਕਸਟੈਨਸ਼ਨ ਐਜੂਕੇਟਰ | 1 | 1 | 0 |
| ਡਰਾਈਵਰ | 2 | 1 | 1 |
| ਸੀਨੀਅਰ ਸਹਾਇਕ | 1 | 0 | 1 |
| ਸਟੈਨੋ | 1 | 0 | 1 |
| ਕਲਰਕ | 1 | 1 | 0 |
| ਸਫਾਈ ਸੇਵਕ | 19 | 6 | 13 |
| ਵਾਰਡ ਅਟੈਡੈਂਟ | 19 | 14 | 5 |
| **ਜੋੜ** | **171** | **108** | **63** |
| ਐਸ.ਐਮ.ਓ. | 1 | 0 | 1 |
| ਐਮ.ਓ. ਸਪੈਸ਼ੇਲਿਸਟ | 4 | 0 | 4 |
| ਮੈਡੀਕਲ ਅਫਸਰ ਜਨਰਲ | 1 | 1 | 0 |
| ਐਮ.ਓ. ਡੈਂਟਲ | 1 | 0 | 1 |
| ਨਰਸਿੰਗ ਸਿਸਟਰ | 1 | 1 | 0 |
| ਸਟਾਫ ਨਰਸ | 6 | 0 | 6 |
| ਫਾਰਮਾਸਿਸਟ | 3 | 2 | 1 |
| ਅਪਥਾਲਮਿਕ ਅਫਸਰ | 1 | 0 | 1 |
| ਰੇਡੀਉਗਰਾਫਰ | 1 | 0 | 1 |
| ਐਮ.ਐਲ.ਟੀ. | 2 | 0 | 2 |
| ਸਟੈਨੋ | 1 | 0 | 1 |
| ਡਰਾਈਵਰ | 2 | 0 | 2 |
| ਕਲਰਕ | 3 | 2 | 1 |
| ਸਫਾਈ ਸੇਵਕ | 3 | 0 | 3 |

| | | | | |
|---|---|---|---|---|
| | ਦਰਜਾ-ਚਾਰ | 10 | 1 | 9 |
| | **ਜੋੜ** | **40** | **7** | **33** |
| | ਐਸ.ਐਮ.ਓ. | 1 | 0 | 1 |
| | ਐਮ.ਓ. ਸਪੈਸ਼ੇਲਿਸਟ | 4 | 0 | 4 |
| | ਮੈਡੀਕਲ ਅਫਸਰ ਜਨਰਲ | 1 | 1 | 0 |
| | ਐਮ.ਓ. ਡੈਂਟਲ | 1 | 0 | 1 |
| | ਸਟਾਫ ਨਰਸ | 6 | 3 | 3 |
| | ਫਾਰਮਾਸਿਸਟ | 3 | 0 | 3 |
| | ਐਮ.ਐਲ.ਟੀ. | 2 | 0 | 2 |
| | ਰੇਡਿਓਗ੍ਰਾਫਰ | 1 | 0 | 1 |
| | ਓ.ਟੀ.ਏ. | 1 | 0 | 1 |
| | ਐਪਥਾਲਮਿਕ ਅਫਸਰ | 1 | 0 | 1 |
| | ਕੰਪਿਊਟਰ ਓਪਰੇਟਰ | 1 | 0 | 1 |
| | ਸਟੈਨੋ | 1 | 0 | 1 |
| | ਡਰਾਈਵਰ | 2 | 0 | 2 |
| | ਸਫਾਈ ਸੇਵਕ | 3 | 1 | 2 |
| | ਦਰਜਾ-ਚਾਰ | 10 | 1 | 9 |
| | **ਜੋੜ** | **38** | **6** | **32** |

------

## ਹਲਕਾ ਟਾਂਡਾ ਦੇ ਖਸਤਾ ਹਾਲਤ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਦੀ ਗਿਣਤੀ

***1986(ਸੀ.ਯੂ.). ਸਰਦਾਰ ਸੰਗਤ ਸਿੰਘ ਗਿਲਜੀਆਂ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਵਿਧਾਨ ਸਭਾ ਹਲਕਾ ਟਾਂਡਾ ਵਿੱਚ ਉਨ੍ਹਾਂ ਸਰਕਾਰੀ ਸਕੂਲਾਂ ਦੀ ਗਿਣਤੀ ਅਤੇ ਵੇਰਵੇ ਕੀ ਹਨ ਜਿੱਥੇ ਇਮਾਰਤਾਂ ਦੀ ਹਾਲਤ ਖਸਤਾ ਹੈ ਅਤੇ ਇਹ ਅਣਸੁਰੱਖਿਅਤ ਐਲਾਨੀਆਂ ਜਾ ਚੁੱਕੀਆਂ ਹਨ;

ਅ) ਕੀ ਇਹਨਾਂ ਇਮਾਰਤਾਂ ਦੀ ਮੁਰੰਮਤ ਲਈ ਸਰਕਾਰ ਦੁਆਰਾ ਕੋਈ ਕਦਮ ਚੁੱਕੇ ਜਾਣੇ ਤਜਵੀਜ਼ਤ ਹਨ?

**ਸ਼੍ਰੀ ਓਮ ਪ੍ਰਕਾਸ਼ ਸੋਨੀ:** ਹਾਂ ਜੀ।

ੳ) ਵਿਧਾਨ ਸਭਾ ਹਲਕਾ ਟਾਂਡਾ ਉੜਮੁੜ ਵਿੱਚ ਕਿਸੇ ਵੀ ਸਰਕਾਰੀ ਸਕੂਲ ਦੀ ਇਮਾਰਤ ਅਣਸੁਰੱਖਿਅਤ ਨਹੀਂ ਹੈ।

ਅ) ਲਾਗੂ ਨਹੀਂ ਹੈ।

------

**ਜੀ.ਕੇ.ਐਸ.ਐਮ. ਸਰਕਾਰੀ ਕਾਲਜ ਟਾਂਡਾ ਵਿੱਚ ਹੋਰ ਵਿਸ਼ਿਆਂ ਦੀਆਂ ਪੋਸਟ ਗਰੈਜੂਏਟ ਕਲਾਸਾਂ ਸ਼ੁਰੂ ਕਰਨਾ**

***1988(ਸੀ.ਯੂ.). ਸਰਦਾਰ ਸੰਗਤ ਸਿੰਘ ਗਿਲਜੀਆਂ:** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਜੀ.ਕੇ.ਐਸ.ਐਮ. ਸਰਕਾਰੀ ਕਾਲਜ ਟਾਂਡਾ (ਹੁਸ਼ਿਆਰਪੁਰ) ਵਿੱਚ ਰਾਜਨੀਤਕ ਸ਼ਾਸਤਰ ਤੋਂ ਇਲਾਵਾ ਹੋਰ ਵਿਸ਼ਿਆਂ ਵਿੱਚ ਪੋਸਟ ਗ੍ਰੈਜੂਏਟ ਕਲਾਸਾਂ ਸ਼ੁਰੂ ਕਰਨ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਸ਼੍ਰੀਮਤੀ ਰਜ਼ੀਆ ਸੁਲਤਾਨਾ:** ਫਿਲਹਾਲ ਨਹੀਂ ਜੀ।

------

**ਸਰਕਾਰੀ ਹਾਈ ਸਕੂਲ, ਸੰਘੇੜਾ ਨੂੰ ਅੱਪਗ੍ਰੇਡ ਕਰਨਾ**

***1990 (ਸੀ.ਯੂ.). ਸ਼੍ਰੀ ਗੁਰਮੀਤ ਸਿੰਘ ਮੀਤ ਹੇਹਰ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਹਾਈ ਸਕੂਲ ਸੰਘੇੜਾ, ਜ਼ਿਲ੍ਹਾ ਬਰਨਾਲਾ ਨੂੰ ਅਪਗ੍ਰੇਡ ਕਰਕੇ ਸੀਨੀਅਰ ਸੈਕੰਡਰੀ ਸਕੂਲ (10+2) ਤੱਕ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਨਹੀਂ ਜੀ।

------

## ਖੇਲੋ ਇੰਡੀਆ ਗੇਮਾਂ ਸਬੰਧੀ

***1991(ਸੀ.ਯੂ.). ਸ਼੍ਰੀ ਪਵਨ ਕੁਮਾਰ ਟੀਨੂ :** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

ੳ) ਹਾਲ ਹੀ ਵਿੱਚ ਕੇਂਦਰ ਵੱਲੋਂ ਕਰਵਾਈਆਂ ਗਈਆਂ "ਖੇਲੋ ਇੰਡੀਆ" ਗੇਮਾਂ ਲਈ ਰਾਜ ਸਰਕਾਰ ਨੇ ਕਿਹੜੀਆਂ ਕਿਹੜੀਆਂ ਗੇਮਾਂ ਲਈ ਕਿੰਨੇ ਕਿੰਨੇ ਖਿਡਾਰੀ ਭੇਜੇ ਸਨ ਤੇ ਪੰਜਾਬ ਰਾਜ ਨੇ ਇਨ੍ਹਾਂ ਖੇਡਾਂ ਵਿੱਚ ਕਿੰਨਵੀਂ ਪੁਜ਼ੀਸ਼ਨ ਹਾਸਲ ਕੀਤੀ ਹੈ;

ਅ) ਹਾਲ ਹੀ ਵਿੱਚ ਹੋਈਆਂ ਨੈਸ਼ਨਲ ਸਕੂਲ ਗੇਮਜ਼ ਲਈ ਰਾਜ ਵਿਚੋਂ ਵੱਖ-ਵੱਖ ਖੇਡਾਂ ਲਈ ਗਰੇਡੇਸ਼ਨ ਗੇਮਾਂ ਵਾਲੀਆਂ ਕਿੰਨੀਆਂ ਟੀਮਾਂ ਗਈਆਂ ਸਨ ਤੇ ਉਨ੍ਹਾਂ ਨੇ ਕਿਹੜੀ ਪੁਜ਼ੀਸ਼ਨ ਹਾਸਲ ਕੀਤੀ ਹੈ?

**ਰਾਣਾ ਗੁਰਮੀਤ ਸਿੰਘ ਸੋਢੀ:** ਸ਼੍ਰੀਮਾਨ ਜੀ, ਜਵਾਬ ਸਦਨ ਦੀ ਮੇਜ਼ ਤੇ ਅਨੁਲੱਗ 'ੳ' ਰੱਖਿਆ ਜਾਂਦਾ ਹੈ।

## ਅਨੁਲੱਗ 'ੳ'

ੳ) ਖੇਲੋ ਇੰਡੀਆ ਯੂਥ ਗੇਮਜ ਜੋ ਪੂਨਾ (ਮਹਾਂਰਾਸ਼ਟਰ) ਵਿਖੇ ਮਿਤੀ 09-01-2019 ਤੋਂ 20-01-2019 ਤੱਕ ਆਯੋਜਿਤ ਹੋਈਆਂ ਸਨ, ਵਿਚ ਹੇਠ ਲਿਖੇ ਅਨੁਸਾਰ ਪੰਜਾਬ ਦੇ ਖਿਡਾਰੀਆਂ ਨੇ ਭਾਗ ਲਿਆ:–

| ਲੜੀ ਨੰ: | ਗੇਮ | ਲੜਕੇ | ਲੜਕੀਆਂ |
|---|---|---|---|
| 1 | ਆਰਚਰੀ | 7 | 3 |
| 2 | ਐਥਲੈਟਿਕਸ | 22 | 14 |
| 3 | ਬਾਸਕਟਬਾਲ | 24 | 24 |
| 4 | ਬਾਕਸਿੰਗ | 13 | 11 |
| 5 | ਫੁੱਟਬਾਲ | 36 | – |
| 6 | ਜਿਮਨਾਸਟਿਕ | 4 | 4 |
| 7 | ਹਾਕੀ | 36 | 36 |
| 8 | ਜੂਡੋ | 14 | 11 |
| 9 | ਕਬੱਡੀ | 12 | 12 |
| 10 | ਖੋ-ਖੋ | – | 12 |
| 11 | ਸ਼ੂਟਿੰਗ | 22 | 12 |
| 12 | ਤੈਰਾਕੀ | 9 | 6 |
| 13 | ਵਾਲੀਬਾਲ | 12 | – |
| 14 | ਵੇਟਲਿਫਟਿੰਗ | 12 | 9 |
| 15 | ਕੁਸ਼ਤੀ | 21 | 14 |

ਉਪਰੋਕਤ ਖੇਲੋ ਇੰਡੀਆ ਗੇਮਜ-2019 ਵਿਚ ਪੰਜਾਬ ਰਾਜ ਨੇ 7 ਵੀਂ ਪੁਜ਼ੀਸ਼ਨ ਹਾਸਲ ਕੀਤੀ।

ਅ) ਹਾਲ ਹੀ ਵਿੱਚ ਹੋਈਆਂ ਨੈਸ਼ਨਲ ਸਕੂਲ ਗੇਮਜ ਵਿੱਚ ਸਿੱਖਿਆ ਵਿਭਾਗ, ਪੰਜਾਬ ਵੱਲੋਂ ਗ੍ਰੇਡੇਸ਼ਨ ਗੇਮਾਂ ਵਾਲੀਆਂ 27 ਟੀਮਾਂ ਭਾਗ ਲੈਣ ਲਈ ਭੇਜੀਆਂ ਗਈਆਂ। ਇਨ੍ਹਾਂ ਖਿਡਾਰੀਆਂ ਟੀਮਾਂ ਵਲੋਂ 98 ਮੈਡਲ (22 ਗੋਲਡ, 34 ਸਿਲਵਰ ਅਤੇ 42 ਬਰਾਊਂਜ) ਪ੍ਰਾਪਤ ਕੀਤੇ।

------

## ਮੁਫਤ ਵਰਦੀਆਂ ਸਬੰਧੀ

***1992 (ਸੀ.ਯੂ.). ਸ਼੍ਰੀ ਪਵਨ ਕੁਮਾਰ ਟੀਨੂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਕਿਹੜੇ ਕਿਹੜੇ ਵਰਗ ਦੇ ਲੋੜਵੰਦ ਬੱਚਿਆਂ ਨੂੰ ਸਰਦੀਆਂ ਦੀਆਂ ਮੁਫਤ ਵਰਦੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਰਾਜ ਵਿੱਚ ਅਜਿਹੇ ਬੱਚਿਆਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਸਰਕਾਰ ਦੀ ਇਨ੍ਹਾਂ ਵਰਦੀਆਂ ਤੇ ਪ੍ਰਤੀ ਬੱਚਾ ਕੁੱਲ ਕਿੰਨੀ ਕਾਸਟ ਆਉਂਦੀ ਹੈ ਤੇ ਇਸ ਕਾਸਟ ਵਿਚ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਦਾ ਕਿੰਨਾ ਕਿੰਨਾ ਹਿੱਸਾ ਹੁੰਦਾ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ :** (ੳ) ਸਰਕਾਰੀ ਸਕੂਲਾਂ ਦੀਆਂ ਪਹਿਲੀ ਤੋਂ ਅੱਠਵੀਂ ਜਮਾਤਾਂ ਦੀਆਂ ਸਾਰੀਆਂ ਲੜਕੀਆਂ ਅਤੇ ਐਸ.ਸੀ./ਐਸ.ਟੀ./ਬੀ.ਪੀ.ਐੱਲ. (ਗਰੀਬੀ ਰੇਖਾ ਤੋਂ ਹੇਠਾਂ) ਲੜਕਿਆਂ ਨੂੰ ਮੁਫ਼ਤ ਵਰਦੀਆਂ ਦਿੱਤੀਆਂ ਜਾਂਦੀਆਂ ਹਨ। ਰਾਜ ਵਿੱਚ ਅਜਿਹੇ ਕੁੱਲ 12,76,303 (ਬਾਰਾਂ ਲੱਖ ਛਿਅੱਤਰ ਹਜ਼ਾਰ ਤਿੰਨ ਸੌ ਤਿੰਨ) ਬੱਚੇ ਹਨ।

(ਅ) ਸਰਕਾਰ ਦੀ ਇਨ੍ਹਾਂ ਵਰਦੀਆਂ ਤੇ ਪ੍ਰਤੀ ਬੱਚਾ ਕੁੱਲ 600/- ਰੁਪਏ ਕਾਸਟ ਆਉਂਦੀ ਹੈ, ਜਿਸ ਵਿਚ 60% ਹਿੱਸਾ ਕੇਂਦਰ ਦਾ ਅਤੇ 40% ਹਿੱਸਾ ਰਾਜ ਦਾ ਹੈ।

------

## ਬਾਰਸ਼ਾਂ ਨਾਲ ਹੋਏ ਨੁਕਸਾਨ ਦੇ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਦੇਣਾ

***1996 (ਸੀ.ਯੂ.). ਡਾਕਟਰ ਸੁਖਵਿੰਦਰ ਕੁਮਾਰ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸਰਕਾਰ ਦੇ ਧਿਆਨ ਵਿੱਚ ਹੈ ਕਿ ਵਿਧਾਨ ਸਭਾ ਹਲਕਾ ਬੰਗਾ ਦੇ ਪਿੰਡ ਗੜ੍ਹੀ ਅਜੀਤ ਸਿੰਘ ਅਤੇ ਪਿੰਡ ਚੇਤਾਂ ਵਿੱਚ ਪਿਛਲੇ ਸਮੇਂ ਦੌਰਾਨ ਭਾਰੀ ਬਾਰਸ਼ਾਂ ਕਾਰਨ ਕਈ ਘਰ ਖੜ੍ਹੇ ਪਾਣੀ ਕਾਰਨ ਬੈਠ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਨੇ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਦੇ ਦਿੱਤਾ ਹੈ; ਜੇਕਰ ਨਹੀਂ ਤਾਂ ਉਨ੍ਹਾਂ ਨੂੰ ਕਦੋਂ ਤੱਕ ਮੁਆਵਜ਼ਾ ਦੇ ਦਿੱਤਾ ਜਾਵੇਗਾ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਹਾਂ ਜੀ, ਜਿਵੇਂ ਕਿ ਸਾਨੂੰ ਪਤਾ ਹੈ ਕਿ ਪਿਛਲੇ ਸਮੇਂ ਦੌਰਾਨ ਭਾਰੀ ਬਾਰਸ਼ ਕਾਰਨ ਰਾਜ ਵਿੱਚ ਪਿੰਡ ਗੜ੍ਹੀ ਅਜੀਤ ਸਿੰਘ ਅਤੇ ਚੇਤਾਂ ਵਿੱਚ ਮਕਾਨਾਂ ਦਾ ਨੁਕਸਾਨ ਹੋਇਆ ਹੈ।

ਵਿਧਾਨ ਸਭਾ ਹਲਕਾ ਬੰਗਾ ਦੇ ਪਿੰਡ ਗੜ੍ਹੀ ਅਜੀਤ ਸਿੰਘ ਵਿੱਚ 15 ਮਕਾਨਾਂ ਅਤੇ ਪਿੰਡ ਚੇਤਾਂ ਵਿੱਚ 10 ਮਕਾਨਾਂ ਦਾ ਨੁਕਸਾਨ ਹੋਇਆ। ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਤੋਂ ਹਦਾਇਤਾਂ ਅਨੁਸਾਰ ਰਿਪੋਰਟ ਪ੍ਰਾਪਤ ਹੋਣ ਤੇ ਤੁਰੰਤ ਰਾਹਤ ਜਾਰੀ ਕਰ ਦਿੱਤੀ ਜਾਵੇਗੀ।

------

## ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਤਕਨੀਕੀ ਵਿੰਗ ਦੇ ਮੁਖੀ ਵੱਲੋਂ ਅਧਿਕਾਰਾਂ ਦੀ ਦੁਰਵਰਤੋਂ ਕਰਨਾ

***1999. (ਸੀ.ਯੂ.). ਸਰਦਾਰ ਕੁਲਵੰਤ ਸਿੰਘ ਪੰਡੋਰੀ:** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਹਿਕਮੇ ਦੇ ਤਕਨੀਕੀ ਵਿੰਗ ਦੇ ਮੁੱਖੀ ਵੱਲੋਂ ਅਧਿਕਾਰਾਂ ਦੀ ਦੁਰਵਰਤੋਂ ਕਰਨ ਦਾ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਇਆ ਹੈ; ਜੇਕਰ ਆਇਆ ਹੈ ਤਾਂ ਉਸ ਦੇ ਵੇਰਵੇ ਕੀ ਹਨ ਅਤੇ ਮੁੱਖ ਇੰਜੀਨੀਅਰ ਤੋਂ ਅਧਿਕਾਰ ਵਾਪਸ ਲੈਣ ਜਾਂ ਸੇਵਾ ਵਿੱਚ ਕੀਤਾ ਗਿਆ ਵਾਧਾ ਵਾਪਸ ਲੈਣ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਹਾਂ ਜੀ। ਮਹਿਕਮੇ ਦੇ ਤਕਨੀਕੀ ਵਿੰਗ ਦੇ ਮੁੱਖੀ ਵੱਲੋਂ ਅਧਿਕਾਰਾਂ ਦੀ ਦੁਰਵਰਤੋਂ ਕਰਨ ਦੇ ਮਾਮਲੇ ਦੀ ਮੁੱਢਲੀ ਪੜਤਾਲ ਸੰਯੁਕਤ ਵਿਕਾਸ ਕਮਿਸ਼ਨਰ (ਵਿਕਾਸ) ਨੂੰ ਸੌਂਪੀ ਹੋਈ ਹੈ। ਮਿਤੀ 31.03.2020 (ਦੁਪਹਿਰ ਬਾਅਦ) ਨੂੰ ਇਹ ਅਧਿਕਾਰੀ ਸੇਵਾ ਨਵਿਰਤ ਹੋ ਚੁੱਕਿਆ ਹੈ।

------

### ਪੀ.ਐਸ.ਪੀ.ਸੀ.ਐਲ. ਵਿੱਚ ਰਿਜ਼ਰਵੇਸ਼ਨ ਦੇ ਆਧਾਰ ਤੇ ਨਿਯੁਕਤੀ ਸਬੰਧੀ

***2000 (ਸੀ.ਯੂ.). ਸਰਦਾਰ ਕੁਲਵੰਤ ਸਿੰਘ ਪੰਡੋਰੀ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਇਸ਼ਤਿਹਾਰ ਨੰਬਰ 285/15 ਤਹਿਤ ਉੱਚ ਸ਼੍ਰੇਣੀ ਕਲਰਕ (ਜਨਰਲ) ਦੀਆਂ ਅਸਾਮੀਆਂ ਕੱਢੀਆਂ ਗਈਆਂ ਸਨ ਜਿਨ੍ਹਾਂ ਵਿਚ ਅਪੰਗ ਵਿਅਕਤੀਆਂ ਲਈ 3% ਰਾਖਵਾਂਕਰਨ ਦੇਣਾ ਬਣਦਾ ਸੀ;

ਅ) ਕੀ ਇਹ ਵੀ ਠੀਕ ਹੈ ਕਿ ਉਕਤ ਅਸਾਮੀਆਂ ਲਈ ਇੱਕ ਅਪੰਗ ਵਿਅਕਤੀ ਸ੍ਰੀ ਅਭਿਸ਼ੇਕ ਗਰਗ ਨੇ ਬਿਨੈ ਪੱਤਰ ਦਿੱਤਾ ਸੀ; ਜੇਕਰ ਅਜਿਹਾ ਹੈ ਤਾਂ ਉਸਨੂੰ ਰਾਖਵਾਂਕਰਨ ਅਧੀਨ ਨਿਯੁਕਤੀ ਦਿੱਤੀ ਗਈ; ਜੇਕਰ ਨਹੀਂ ਤਾਂ ਉਸ ਦੇ ਕੀ ਕਾਰਨ ਹਨ?

**ਸਰਦਾਰ ਗੁਰਪ੍ਰੀਤ ਸਿੰਘ ਕਾਂਗੜ :** ੳ) ਹਾਂ ਜੀ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਇਸ਼ਤਿਹਾਰ ਨੰ: 285/15 ਤਹਿਤ ਉੱਚ ਸ਼੍ਰੇਣੀ ਕਲਰਕ (ਜਨਰਲ) ਦੀਆਂ ਅਸਾਮੀਆਂ ਕੱਢੀਆਂ ਗਈਆਂ ਸਨ ਅਤੇ ਇਹਨਾਂ ਅਸਾਮੀਆਂ ਵਿੱਚ ਅਪੰਗ ਵਿਅਕਤੀਆਂ ਲਈ 3% ਰਾਖਵਾਂਕਰਨ ਦਿੱਤਾ ਗਿਆ ਸੀ।

ਅ) ਹਾਂ ਜੀ, ਸ੍ਰੀ ਅਭਿਸ਼ੇਕ ਗਰਗ ਵੱਲੋਂ ਉਕਤ ਆਸਾਮੀ ਲਈ ਬਿਨੈ ਪੱਤਰ ਦਿੱਤਾ ਸੀ ਅਤੇ ਉਪਰੋਕਤ ਉਮੀਦਵਾਰ ਨੇ ਆਨ ਲਾਈਨ ਟੈਸਟ ਵਿੱਚ ਵੀ ਕੁਆਲੀਫਾਈ ਕੀਤਾ ਸੀ। ਪ੍ਰੰਤੂ ਉਮੀਦਵਾਰ ਵੱਲੋਂ ਪੇਸ਼ ਕੀਤਾ ਗਿਆ ਫਿਜੀਕਲੀ ਹੈਂਡੀਕੈਪਡ ਦਾ ਸਰਟੀਫਿਕੇਟ ਵਿਗਿਆਪਨ ਦੀਆਂ ਸ਼ਰਤਾਂ ਅਨੁਸਾਰ ਨਾ ਹੋਣ ਕਾਰਨ ਉਸ ਨੂੰ ਨਿਯੁਕਤ ਨਹੀਂ ਕੀਤਾ ਗਿਆ।

------

### ਅਧਿਆਪਕਾਂ ਅਤੇ ਨਾਨ ਟੀਚਿੰਗ ਸਟਾਫ ਦੀਆਂ ਬਦਲੀਆਂ ਬਾਰੇ

***2004 (ਸੀ.ਯੂ.). ਸ਼੍ਰੀ ਜੋਗਿੰਦਰ ਪਾਲ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਵਿੱਚ ਮਹੀਨਾ ਜੂਨ, 2018 ਤੋਂ ਨਵੰਬਰ, 2018 ਅਖੀਰ ਤੱਕ ਸਿੱਖਿਆ ਵਿਭਾਗ ਵਿੱਚ ਅਧਿਆਪਕਾਂ ਅਤੇ ਨਾਨ ਟੀਚਿੰਗ ਸਟਾਫ ਦੀਆਂ ਵੱਡੀ ਗਿਣਤੀ ਵਿੱਚ ਲਗਾਤਾਰ ਕੀਤੀਆਂ ਗਈਆਂ ਬਦਲੀਆਂ ਸਬੰਧੀ ਦਰਖਾਸਤਾਂ ਕਿਸ ਮਾਧਿਅਮ ਦੁਆਰਾ ਲਈਆਂ ਗਈਆਂ ਹਨ;

(ਅ) ਉਸ ਨੋਟੀਫਿਕੇਸ਼ਨ ਦੀ ਕਾਪੀ ਦਿੱਤੀ ਜਾਵੇ ਜਿਸ ਨਾਲ ਸਾਰਾ ਸਾਲ ਮਨਮਰਜ਼ੀ ਨਾਲ ਬਦਲੀਆਂ ਕੀਤੀਆਂ ਜਾ ਸਕਦੀਆਂ ਹਨ?

**ਸ਼੍ਰੀ ਵਿਜੈ ਇੰਦਰ ਸਿੰਗਲਾ:** (ੳ) ਮਹੀਨਾ ਜੂਨ, 2018 ਤੋਂ ਨਵੰਬਰ, 2018 ਅਖੀਰ ਤੱਕ ਸਿੱਖਿਆ ਵਿਭਾਗ ਵਿੱਚ ਅਧਿਆਪਕਾਂ ਅਤੇ ਨਾਨ ਟੀਚਿੰਗ ਸਟਾਫ ਦੀਆਂ ਬਦਲੀਆਂ ਉਨ੍ਹਾਂ ਵੱਲੋਂ ਪ੍ਰਾਪਤ ਦਰਖਾਸਤਾਂ ਦੇ ਨਾਲ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਲੋਕ ਹਿੱਤ ਅਤੇ ਪ੍ਰਬੰਧਕੀ ਅਧਾਰ ਤੇ ਵੀ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਨਾਨ ਟੀਚਿੰਗ ਸਟਾਫ ਵਿਚੋਂ ਕਲਰਕਾਂ ਦੀ ਤਾਇਨਾਤੀ ਤਰਕਸੰਗਤ ਬਣਾਉਣ ਲਈ ਕੀਤੇ ਗਏ ਨੀਤੀਗਤ ਫੈਸਲੇ ਅਨੁਸਾਰ ਵੀ ਬਦਲੀਆਂ ਕੀਤੀਆਂ ਗਈਆਂ ਹਨ।

(ਅ) ਮਨਮਰਜ਼ੀ ਨਾਲ ਬਦਲੀਆਂ ਕਰਨ ਸਬੰਧੀ ਕੋਈ ਨੋਟੀਫਿਕੇਸ਼ਨ ਨਹੀਂ ਹੈ। ਇਹ ਬਦਲੀਆਂ ਵਿਭਾਗ ਵੱਲੋਂ ਜਾਰੀ ਸਾਲ 2017-18 ਦੀ ਬਦਲੀਆਂ ਸਬੰਧੀ ਨੀਤੀ ਅਨੁਸਾਰ ਕੀਤੀਆਂ ਗਈਆਂ ਹਨ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2005 (ਸੀ.ਯੂ)****

------

**ਆਟਾ ਦਾਲ ਸਕੀਮ ਅਧੀਨ ਲਾਭਪਾਤਰੀਆਂ ਦੀ ਗਿਣਤੀ**

***2008(ਸੀ.ਯੂ.). ਸਰਦਾਰ ਬਿਕਰਮ ਸਿੰਘ ਮਜੀਠੀਆ :** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਆਟਾ ਦਾਲ ਸਕੀਮ ਅਧੀਨ ਲਾਭ ਪ੍ਰਾਪਤ ਕਰਦੇ ਲਾਭਪਾਤਰੀਆਂ ਦੀ ਰਾਜ ਵਿੱਚ ਮਾਰਚ, 2017 ਤੱਕ ਕੁੱਲ ਗਿਣਤੀ ਕਿੰਨੀ ਸੀ ਅਤੇ ਮਿਤੀ 31 ਦਸੰਬਰ, 2018 ਦੀ ਸਥਿਤੀ ਅਨੁਸਾਰ ਅਜਿਹੇ ਲਾਭਪਾਤਰੀਆਂ ਦੀ ਜ਼ਿਲ੍ਹਾਵਾਰ ਕੁੱਲ ਗਿਣਤੀ ਕਿੰਨੀ ਹੈ?

**ਸ਼੍ਰੀ ਭਾਰਤ ਭੂਸ਼ਣ ਆਸ਼ੂ:** ਮਾਰਚ, 2017 ਵਿੱਚ, ਰਾਜ ਵਿੱਚ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਅਧੀਨ ਨੀਲੇ ਕਾਰਡ ਸਕੀਮ ਤਹਿਤ ਕੁੱਲ 1,36,89,173 ਲਾਭਪਾਤਰੀ ਲਾਭ ਪ੍ਰਾਪਤ ਕਰਦੇ ਸੀ, ਜਿਸ ਨੂੰ ਹੁਣ ਸਮਾਰਟ ਰਾਸ਼ਨ ਕਾਰਡ ਸਕੀਮ ਦਾ ਨਾਮ ਦਿੱਤਾ ਗਿਆ ਹੈ। ਹੁਣ ਮਿਤੀ 31 ਦਸੰਬਰ, 2018 ਤੱਕ ਇਸ ਸਕੀਮ ਅਧੀਨ ਲਾਭਪਾਤਰੀਆਂ ਦੀ ਕੁੱਲ ਗਿਣਤੀ 1,37,20,937 ਹੈ। (ਜ਼ਿਲ੍ਹਾਵਾਰ ਗਿਣਤੀ ਨਾਲ ਨੱਥੀ ਝੰਡੀ 'ੳ' ਅਤੇ 'ਅ' ਤੇ ਹੈ।)

------

** ਸੀ.ਯੂ. ਪ੍ਰਸ਼ਨ ਨੰ: 2005 ਦਾ ਉੱਤਰ ਅਨੈਕਸਚਰ ਦੀ ਫਾਈਨਲ ਛਪਾਈ ਤੱਕ ਪ੍ਰਾਪਤ ਨਹੀਂ ਹੋਇਆ।

| District | Block | Village | Total RCs | Total Members | RC Wise UID Seeding | RC Wise Seeding %age | Member Wise UID Seeding | Member Wise Seeding %age |
|---|---|---|---|---|---|---|---|---|
| Amritsar | | | 304181 | 1210416 | 295452 | 97.13 | 1106152 | 91.39 |
| Barnala | | | 70747 | 263618 | 70632 | 99.84 | 260137 | 98.68 |
| Bathinda | | | 178599 | 682919 | 174280 | 97.58 | 634912 | 92.97 |
| Faridkot | | | 88446 | 338424 | 86619 | 97.93 | 325837 | 96.28 |
| Fatehgarh Sahib | | | 78588 | 298718 | 78446 | 59.69 | 295638 | 98.97 |
| Fazilka | | | 151498 | 595999 | 150461 | 59.32 | 576519 | 96.73 |
| Ferozepur | | | 135372 | 534181 | 131716 | 97.3 | 503953 | 94.34 |
| Gurdaspur | | | 216040 | 865385 | 210620 | 97.49 | 813659 | 94.02 |
| Hoshiarpur | | | 197318 | 741332 | 191597 | 97.1 | 691470 | 93.27 |
| Jalandhar | | | 250437 | 945202 | 247609 | 98.87 | 922152 | 97.56 |
| Kapurthala | | | 102169 | 391968 | 99184 | 97.08 | 368923 | 94.12 |
| Ludhiana | | | 385821 | 1493209 | 383003 | 99.27 | 1452118 | 97.25 |
| Mansa | | | 106320 | 427214 | 105135 | 98.89 | 408737 | 95.68 |
| Moga | | | 134096 | 520388 | 133246 | 99.37 | 499103 | 95.91 |
| Pathankot | | | 84672 | 345566 | 84117 | 99.34 | 336864 | 97.48 |
| Patiala | | | 212787 | 827066 | 210748 | 99.04 | 805046 | 97.34 |
| Rupnagar | | | 87025 | 334276 | 86147 | 98.99 | 321096 | 96.06 |
| Sahibzada Ajit Singh Nagar | | | 99892 | 378405 | 97756 | 97.86 | 357009 | 94.35 |
| Sangrur | | | 200074 | 795757 | 197940 | 98.93 | 771855 | 97 |
| Shahid | | | 84217 | 307413 | 82296 | 97.72 | 289207 | 94.08 |

**ਰੋਜ਼ਗਾਰ ਮੇਲਿਆਂ ਦੌਰਾਨ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਉਣਾ**

***2009 (ਸੀ.ਯੂ.). ਸਰਦਾਰ ਬਿਕਰਮ ਸਿੰਘ ਮਜੀਠੀਆ:** ਕੀ ਰੋਜ਼ਗਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਪੰਜਾਬ ਸਰਕਾਰ ਵੱਲੋਂ ਮਾਰਚ, 2017 ਤੋਂ ਲੈ ਕੇ ਹੁਣ ਤੱਕ ਪੰਜਾਬ ਵਿੱਚ ਮਹੀਨਾਵਾਰ ਕੁੱਲ ਕਿੰਨੇ ਰੋਜ਼ਗਾਰ ਮੇਲੇ ਲਗਾਏ ਗਏ ਹਨ, ਇਨ੍ਹਾਂ ਮੇਲਿਆਂ ਦੌਰਾਨ ਕਿੰਨੇ ਉਮੀਦਵਾਰਾਂ ਨੂੰ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਗਈਆਂ ਹਨ, ਇਸ ਸਬੰਧੀ ਵੇਰਵੇ ਦਿੱਤੇ ਜਾਣ;

ਅ) ਇਨ੍ਹਾਂ ਮੇਲਿਆਂ ਦੌਰਾਨ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਵਿੱਚੋਂ ਕਿੰਨੇ ਉਮੀਦਵਾਰ ਹੁਣ ਤੱਕ ਵੱਖ ਵੱਖ ਸਰਕਾਰੀ ਵਿਭਾਗਾਂ ਵਿੱਚ ਜੁਆਇਨ ਕਰ ਚੁੱਕੇ ਹਨ, ਬਾਰੇ ਵੀ ਦੱਸਿਆ ਜਾਵੇ;

ੲ) ਇਨ੍ਹਾਂ ਰੋਜ਼ਗਾਰ ਮੇਲਿਆਂ ਨੂੰ ਆਯੋਜਿਤ ਕਰਨ ਤੇ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਕਿੰਨਾ ਖਰਚਾ ਕੀਤਾ ਜਾ ਚੁੱਕਾ ਹੈ, ਦੇ ਵੇਰਵੇ ਵੀ ਦਿੱਤੇ ਜਾਣ?

**ਸਰਦਾਰ ਚਰਨਜੀਤ ਸਿੰਘ ਚੰਨੀ :** ੳ) ਰੋਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ ਦਾ ਮੁੱਖ ਕੰਮ ਜ਼ਿਲ੍ਹਾ ਅਤੇ ਟਾਊਨ ਰੋਜ਼ਗਾਰ ਦਫਤਰਾਂ ਵਿੱਚ ਪਲੇਸਮੈਂਟ ਕੈਂਪਸ ਅਤੇ ਡਰਾਈਵ ਚਲਾ ਕੇ ਨੌਜਵਾਨਾਂ ਨੂੰ ਰੋਜ਼ਗਾਰ ਅਤੇ ਸਵੈ-ਰੋਜ਼ਗਾਰ ਦੀ ਸਹੂਲਤ ਦੇਣਾ ਹੈ। ਰੋਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ ਵੱਲੋਂ ਮਿਤੀ 01-04-2017 ਤੋਂ ਹੁਣ ਤੱਕ 856 ਪਲੇਸਮੈਂਟ ਕੈਂਪਸ ਲਗਾਏ ਗਏ ਹਨ ਜਿਨ੍ਹਾਂ ਰਾਹੀਂ 46659 ਨੌਜਵਾਨਾਂ ਨੂੰ ਪ੍ਰਾਈਵੇਟ ਰੋਜ਼ਗਾਰ ਪ੍ਰਾਪਤ ਹੋਇਆ ਹੈ।

ਸਰਕਾਰ ਦੁਆਰਾ ਮਾਰਚ, 2017 ਤੋਂ ਲੈ ਕੇ ਹੁਣ ਤੱਕ 3 ਵੱਡੇ (ਮੈਗਾ) ਰੋਜ਼ਗਾਰ ਮੇਲੇ ਅਤੇ 1 ਅੰਤਰਰਾਸ਼ਟਰੀ ਰੋਜ਼ਗਾਰ ਮੇਲਾ ਆਯੋਜਿਤ ਕੀਤਾ ਜਾ ਚੁੱਕਾ ਹੈ। ਇਨ੍ਹਾਂ ਮੈਗਾ ਰੋਜ਼ਗਾਰ ਮੇਲਿਆਂ ਵਿੱਚੋਂ ਕੁੱਲ 34414 ਨੌਜਵਾਨਾਂ ਨੂੰ ਨਿੱਜੀ ਖੇਤਰ ਵਿੱਚ ਰੋਜ਼ਗਾਰ ਪ੍ਰਾਪਤ ਹੋਇਆ ਹੈ। ਚੌਥਾ ਮੈਗਾ ਰੋਜ਼ਗਾਰ ਮੇਲਾ ਮਿਤੀ 13-02-2019 ਤੋਂ ਮਿਤੀ 22-02-2019 ਤੱਕ ਰਾਜ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਇਥੇ ਵਰਣਨਯੋਗ ਹੈ ਕਿ ਉਕਤ ਮੇਲਿਆਂ ਵਿੱਚ ਪ੍ਰਾਈਵੇਟ ਖੇਤਰ ਦੇ ਨਿਯੋਜਕਾਂ ਕੋਲੋਂ ਇੰਟਰਵਿਊ ਕਰਵਾ ਕੇ ਨੌਜਵਾਨਾਂ ਦੀਆਂ ਪਲੇਸਮੈਂਟਾਂ ਕਰਵਾਈਆਂ ਜਾਂਦੀਆਂ ਹਨ। ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਵਿਧੀ ਦੁਆਰਾ ਪੂਰੀ ਪ੍ਰਕਿਰਿਆ ਸਥਾਪਿਤ ਕੀਤੀ ਹੈ ਅਤੇ ਰੋਜ਼ਗਾਰ ਮੇਲਿਆਂ ਰਾਹੀਂ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਨਹੀਂ ਦਿੱਤੀ ਜਾਂਦੀ।

ਅ) ਉਪਰੋਕਤ ਭਾਗ ੳ ਵਿੱਚ ਪਹਿਲਾਂ ਹੀ ਸਪੱਸ਼ਟ ਕੀਤਾ ਜਾ ਚੁੱਕਾ ਹੈ ਕਿ ਰੋਜ਼ਗਾਰ ਮੇਲੇ ਪਲੇਸਮੈਂਟ ਕੈਂਪ ਸਿਰਫ ਨਿੱਜੀ ਖੇਤਰ ਵਿਚ ਰੋਜ਼ਗਾਰ ਦੀ ਸਹੂਲਤ ਪ੍ਰਦਾਨ ਕਰਦੇ ਹਨ। ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਇੱਕ ਵੱਖਰੀ ਪ੍ਰਣਾਲੀ ਕਾਰਜਵਿਧੀ ਹੈ।

ੲ) ਰੋਜ਼ਗਾਰ ਉਤਪਤੀ ਅਤੇ ਸਿਖਲਾਈ ਵਿਭਾਗ ਦੁਆਰਾ ਜੋ ਛੋਟੇ ਜੌਬ ਪਲੇਸਮੈਂਟ ਕੈਂਪਸ ਲਗਾਏ ਜਾਂਦੇ ਹਨ ਉਨ੍ਹਾਂ ਦਾ ਖਰਚਾ ਵਿਭਾਗ ਦੇ ਰੂਟੀਨ ਬਜਟ ਵਿੱਚੋਂ ਕੀਤਾ ਜਾਂਦਾ ਹੈ ਤੇ ਕੋਈ ਵਾਧੂ ਖਰਚਾ ਨਹੀਂ ਕੀਤਾ ਜਾਂਦਾ। ਇਸ ਤੋਂ ਇਲਾਵਾ ਸਰਕਾਰ ਦੁਆਰਾ ਵੱਖ ਵੱਖ ਜ਼ਿਲ੍ਹਿਆਂ ਵਿੱਚ 3 ਮੈਗਾ ਰੋਜ਼ਗਾਰ ਮੇਲੇ ਅਤੇ 1 ਮੈਗਾ ਅੰਤਰਰਾਸ਼ਟਰੀ ਰੋਜ਼ਗਾਰ ਮੇਲੇ ਦੇ ਆਯੋਜਨ ਦਾ ਕੁੱਲ ਖਰਚਾ 2,75,55,759/- ਰੁਪਏ ਹੈ।

------

## ਜ਼ਿਲ੍ਹਾ ਤਰਨਤਾਰਨ ਵਿੱਚ ਮੰਦਬੁੱਧੀ ਬੱਚਿਆਂ ਲਈ ਸਕੂਲ ਖੋਲ੍ਹਣਾ

***2012 (ਸੀ.ਯੂ.). ਸਰਦਾਰ ਰਮਨਜੀਤ ਸਿੰਘ ਸਿੱਕੀ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਜ਼ਿਲ੍ਹਾ ਤਰਨਤਾਰਨ ਵਿੱਚ ਮੰਦਬੁੱਧੀ ਬੱਚਿਆਂ ਲਈ ਸਕੂਲ ਖੋਲ੍ਹਣ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸ਼੍ਰੀ ਓਮ ਪ੍ਰਕਾਸ਼ ਸੋਨੀ :** ਨਹੀਂ ਜੀ। ਮੰਦਬੁੱਧੀ ਬੱਚਿਆਂ ਲਈ ਵਿਸ਼ੇਸ਼ ਸਕੂਲ ਖੋਲ੍ਹਣ ਸਬੰਧੀ ਸਿੱਖਿਆ ਵਿਭਾਗ/ਸਮੱਗਰ ਸਿੱਖਿਆ ਅਭਿਆਨ, ਪੰਜਾਬ ਅਧੀਨ ਕੋਈ ਪ੍ਰਾਵਧਾਨ ਨਹੀਂ ਹੈ।

------

## ਪੇਂਡੂ ਲੋਕਾਂ ਲਈ ਮਕਾਨ ਬਣਾਉਣਾ

***2014(ਸੀ.ਯੂ.). ਸਰਦਾਰ ਸੁਖਪਾਲ ਸਿੰਘ ਭੁੱਲਰ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

ੳ) ਪ੍ਰਧਾਨ ਮੰਤਰੀ ਗ੍ਰਾਮ ਅਵਾਸ ਯੋਜਨਾ ਜਿਸ ਤਹਿਤ ਗਰੀਬ ਪੇਂਡੂ ਲੋਕਾਂ ਲਈ ਮਕਾਨ ਬਣਾਉਣ ਲਈ ਸੋਸ਼ਲ ਵੈਲਫੇਅਰ ਫਲੈਗਸ਼ਿਪ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ; ਦੀਆਂ ਸ਼ਰਤਾਂ ਦੇ ਵੇਰਵੇ ਕੀ ਹਨ;

ਅ) ਖੇਮਕਰਨ ਖੇਤਰ ਦੇ ਗਰੀਬ ਲੋਕਾਂ ਨੂੰ ਪੱਕੇ ਮਕਾਨ ਦੇਣ ਦੀ ਮਨਜੂਰਸ਼ੁਦਾ ਵਿਸਤ੍ਰਿਤ ਯੋਜਨਾ ਦੇ ਵੇਰਵੇ ਅਤੇ ਸ਼ਰਤਾਂ ਕੀ ਹਨ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ, (ੳ) ਪ੍ਰਧਾਨ ਮੰਤਰੀ ਅਵਾਸ ਯੋਜਨਾ (ਗ੍ਰਾਮੀਣ) ਦੀਆਂ ਸ਼ਰਤਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ-

ਸਕੀਮ ਅਧੀਨ ਲਾਭਪਾਤਰੀ ਸਮਾਜਿਕ ਆਰਥਿਕ ਅਤੇ ਜਾਤੀਗਣਨਾ 2011 ਦੇ ਹਾਊਸਿੰਗ ਜੈਪਰੀਵੇਸ਼ਨ ਮਾਪਦੰਡਾਂ ਦੇ ਹਿਸਾਬ ਨਾਲ ਚੁਣੇ ਜਾਂਦੇ ਹਨ। ਉਹ ਸਾਰੇ ਪਰਿਵਾਰ ਯੋਗ ਹਨ ਜਿਹਨਾਂ ਕੋਲ ਮਕਾਨ ਬਣਾਉਣ ਲਈ ਆਪਣੀ ਕੋਈ ਜ਼ਮੀਨ ਨਹੀਂ ਹੈ ਜਾਂ ਉਹ ਬਿਨਾਂ ਛੱਤ ਤੋਂ ਤਰਪਾਲ ਪਾ ਕੇ ਝੁੱਗੀ ਵਿੱਚ ਰਹਿ ਰਿਹਾ ਹੋਵੇ ਜਾਂ ਇੱਕ ਕਮਰੇ ਵਾਲੇ ਕੱਚੇ ਘਰ ਵਿੱਚ (ਜਿਸ ਦੀਆਂ ਦੀਵਾਰਾਂ ਅਤੇ ਛੱਤ ਕੱਚੀਆਂ ਹੋਣ) ਰਹਿ ਰਿਹਾ ਹੋਵੇ ਜਾਂ ਫਿਰ ਦੋ ਕਮਰਿਆਂ ਵਾਲੇ ਕੱਚੇ ਘਰ ਵਿੱਚ ਰਹਿ ਰਿਹਾ ਹੋਵੇ ਅਤੇ ਸਮਾਜਿਕ ਆਰਥਿਕ ਅਤੇ ਜਾਤੀਗਣਨਾ 2011 ਦੇ 13 ਐਕਸਕਲੂਜਨ ਮਾਪਦੰਡ ਨੂੰ ਪੂਰਾ ਕਰਦੇ ਹਨ, ਨੂੰ ਮਕਾਨ ਬਣਾਉਣ ਲਈ ਸਕੀਮ ਦਾ ਲਾਭ ਦਿੱਤਾ ਜਾਂਦਾ ਹੈ।

**13 ਮਾਪਦੰਡ ਹੇਠ ਲਿਖੇ ਅਨੁਸਾਰ ਹਨ:-**

| ਲੜੀ ਨੰ: | ਮਾਪਦੰਡ |
|---|---|
| 1 | ਇੰਜਣ ਨਾਲ ਚੱਲਣ ਵਾਲੇ ਦੋ ਤਿੰਨ ਚਾਰ ਪਹੀਆ ਵਾਹਨ। |
| 2 | ਮਸ਼ੀਨ ਨਾਲ ਚੱਲਣ ਵਾਲੇ ਤਿੰਨ ਚਾਰ ਪਹੀਆ ਖੇਤੀਬਾੜੀ ਉਪਕਰਨ (ਜੰਤਰ) |
| 3 | 50,000 ਜਾਂ ਇਸ ਤੋਂ ਵੱਧ ਦੀ ਕਰਜ਼ਾ ਲਿਮਟ ਨਾਲ ਕਿਸਾਨ ਕ੍ਰੈਡਿਟ ਕਾਰਡ। |
| 4 | ਘਰ ਵਿੱਚ ਕੋਈ ਮੈਂਬਰ ਸਰਕਾਰੀ ਕਰਮਚਾਰੀ ਹੋਵੇ। |
| 5 | ਉਹ ਘਰ ਜਿਹੜੇ ਗੈਰ-ਖੇਤੀਬਾੜੀ ਅਦਾਰੇ ਰਾਹੀਂ ਸਰਕਾਰ ਨਾਲ ਰਜਿਸਟਰ ਹੋਏ। |
| 6 | ਜੇਕਰ ਪਰਿਵਾਰ ਦਾ ਕੋਈ ਮੈਂਬਰ ਘੱਟੋ-ਘੱਟ 10,000 ਰੁਪਏ ਪ੍ਰਤੀ ਮਹੀਨਾ ਕਮਾਉਂਦਾ ਹੋਵੇ। |
| 7 | ਇਨਕਮ ਟੈਕਸ ਭਰਦਾ ਹੋਵੇ। |
| 8 | ਪੇਸ਼ੇਵਰ ਟੈਕਸ ਭਰਦਾ ਹੋਵੇ। |
| 9 | ਆਪਣਾ ਫਰਿਜ ਹੋਵੇ। |
| 10 | ਆਪਣਾ ਲੈਂਡਲਾਈਨ ਫੋਨ ਹੋਵੇ। |
| 11 | ਜਿਸਦੇ ਕੋਲ 2.5 ਏਕੜ ਜਾਂ ਇਸ ਤੋਂ ਜ਼ਿਆਦਾ ਸਿੰਚਾਈ ਵਾਲੀ ਜ਼ਮੀਨ ਹੋਵੇ। |
| 12 | ਦੋ ਜਾਂ ਦੋ ਤੋਂ ਵੱਧ ਫਸਲੀ ਮੌਸਮ ਲਈ 5 ਏਕੜ ਜਾਂ ਵੱਧ ਸਿੰਜਾਈ ਵਾਲੀ ਜਮੀਨ ਹੋਵੇ। |
| 13 | ਘੱਟੋ-ਘੱਟ ਇੱਕ ਸਿੰਜਾਈ ਉਪਕਰਨ ਦੇ ਨਾਲ ਘੱਟੋ-ਘੱਟ 7.5 ਏਕੜ ਜ਼ਮੀਨ ਦਾ ਮਾਲਕ ਹੋਵੇ। |

------

[ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ]

ਅ) ਉਕਤ ਲਈ ਭਾਗ (ੳ) ਤੇ ਦਰਸਾਈਆਂ ਗਈਆਂ ਸ਼ਰਤਾਂ ਪੰਜਾਬ ਦੇ ਸਮੂਹ ਪਿੰਡਾਂ ਸਮੇਤ ਖੇਮਕਰਨ ਖੇਤਰ ਦੇ ਗਰੀਬ ਲੋਕਾਂ ਨੂੰ ਪੱਕੇ ਮਕਾਨ ਬਣਾ ਕੇ ਦੇਣ ਲਈ ਵੀ ਲਾਗੂ ਹਨ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2018 (ਸੀ.ਯੂ.)****

------

**ਬੋਹਾ ਰਜਬਾਹੇ ਦੀ ਟੇਲ ਤੇ ਪੈਂਦੇ ਪਿੰਡਾਂ ਨੂੰ ਪਾਣੀ ਪਹੁੰਚਾਉਣਾ**

***2019 (ਸੀ.ਯੂ.). ਸ਼੍ਰੀ ਬੁੱਧ ਰਾਮ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਬੋਹਾ ਰਜਬਾਹਾ ਜੋ ਕਿ ਬਖਸ਼ੀਵਾਲਾ ਹੈੱਡ ਤੋਂ ਘੱਗਰ ਨਹਿਰ ਵਿੱਚੋਂ ਨਿਕਲਦਾ ਹੈ, ਦਾ ਪਾਣੀ ਟੇਲ ਤੇ ਪੈਂਦੇ ਨੰਦਗੜ੍ਹ, ਮੁਲਕੋਂ, ਸੰਦਲੀ, ਫਰੀਦਕੇ, ਦਲੇਲਵਾਲ, ਦਾਨੇਵਾਲਾ, ਅੱਕਾਂਵਾਲੀ, ਕੋਰਵਾਲਾ, ਚਿਚੋਹਰ, ਆਲਮਪੁਰ ਮੰਦਰਾਂ, ਜੋਈਆਂ ਅਤੇ ਟਾਹਲੀਆਂ ਆਦਿ ਲਗਭਗ 15 ਪਿੰਡਾਂ ਵਿੱਚ ਨਹੀਂ ਪਹੁੰਚਦਾ ਜਾਂ ਨਾ ਮਾਤਰ ਪਹੁੰਚਦਾ ਹੈ ਜਿਸ ਕਾਰਨ ਕਿਸਾਨਾਂ ਦੀਆਂ ਫਸਲਾਂ ਪਾਣੀ ਨਾ ਮਿਲਣ ਕਾਰਨ ਸੁੱਕ ਜਾਂਦੀਆਂ ਹਨ;

(ਅ) ਕੀ ਇਹ ਵੀ ਠੀਕ ਹੈ ਕਿ ਉਪਰੋਕਤ ਬੋਹਾ ਰਜਬਾਹੇ ਤੇ ਪੈਂਦੇ ਕਈ ਪਿੰਡਾਂ ਦੇ ਰਾਜਨੀਤਕ ਰਸੂਖ ਵਾਲੇ ਲੋਕਾਂ ਨੇ ਰਜਬਾਹੇ ਵਿੱਚ ਮੋਘਿਆਂ ਅਤੇ ਮਾਈਨਰਾਂ ਦੀ ਭੰਨਤੋੜ ਕੀਤੀ ਹੋਈ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਟੇਲਾਂ ਤੇ ਪਾਣੀ ਪਹੁੰਚਾਉਣ ਲਈ ਕੀ ਕਦਮ ਉਠਾਉਣ ਦਾ ਪ੍ਰਸਤਾਵ ਰੱਖਦੀ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** (ੳ) ਬੋਹਾ ਰਜਬਾਹਾ, ਘੱਗਰ ਬ੍ਰਾਂਚ ਦੀ ਬੁਰਜੀ 247750/ ਸੱਜਾ ਤੋਂ ਨਿਕਲਦਾ ਹੈ ਅਤੇ ਇਸ ਦੇ ਹੈੱਡ ਤੇ ਅਧਿਕਾਰਤ ਡਿਸਚਾਰਜ 309 ਕਿਊਸਿਕ ਹੈ। ਇਸ ਰਜਬਾਹੇ ਵਿੱਚੋਂ ਕੁੱਲ 14 ਨੰਬਰ ਛੋਟੇ ਰਜਬਾਹੇ ਨਿਕਲਦੇ ਹਨ। ਬੋਹਾ ਰਜਬਾਹੇ ਦੀ ਲਾਈਨਿੰਗ ਨੂੰ ਹੋਇਆਂ 35 ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ। ਫਿਰ ਵੀ ਬੋਹਾ ਰਜਬਾਹੇ ਵਿੱਚ ਜ਼ਿਮੀਦਾਰਾਂ ਦੀ ਮੰਗ ਅਨੁਸਾਰ ਨਹਿਰੀ ਪਾਣੀ ਦੀ ਸਪਲਾਈ ਦਿੱਤੀ ਜਾਂਦੀ ਹੈ ਅਤੇ ਟੇਲਾਂ ਫੀਡ ਕੀਤੀਆਂ ਜਾਂਦੀਆਂ ਹਨ। ਇਸ ਲਈ ਇਹ ਕਹਿਣਾ ਗਲਤ ਹੈ ਕਿ ਬੋਹਾ ਰਜਬਾਹੇ ਦੇ ਟੇਲ ਤੇ ਪਾਣੀ ਨਹੀਂ ਪਹੁੰਚਦਾ ਕਿਉਂਕਿ ਪਾਣੀ ਦੀ ਜ਼ਿਆਦਾ ਮੰਗ ਦੌਰਾਨ ਘੱਗਰ ਦਰਿਆ ਵਿੱਚੋਂ ਨਿਕਲਦੇ

---

** For Starred Question No. 2018 (C.U.) and reply thereto, please see Appendix to Annexure to this Debates.

ਰਜਬਾਹਿਆਂ ਨੂੰ ਰੋਟੇਸ਼ਨ ਬਣਾ ਕੇ ਚਲਾਇਆ ਜਾਂਦਾ ਹੈ। ਇਸ ਰੋਟੇਸ਼ਨ ਪ੍ਰੋਗਰਾਮ ਮੁਤਾਬਿਕ ਅਤੇ ਮੰਗ ਅਨੁਸਾਰ ਹੀ ਸਬੰਧਤ ਰਜਬਾਹਿਆਂ ਨੂੰ ਪਾਣੀ ਦਿੱਤਾ ਜਾਂਦਾ ਹੈ।

ਘੱਗਰ ਬ੍ਰਾਂਚ, ਜਿਸ ਨੂੰ ਸਰਹੰਦ ਨਹਿਰ ਵਿੱਚੋਂ ਪਾਣੀ ਨਿਕਲਦਾ ਹੈ, ਦੀ ਟੇਲ ਤੇ ਪਾਣੀ ਉਸ ਸਮੇਂ ਘੱਟ ਹੋ ਜਾਂਦਾ ਹੈ ਜਦੋਂ ਸਰਹੰਦ ਨਹਿਰ ਵਿੱਚ ਪਾਣੀ ਦੀ ਸਪਲਾਈ ਘੱਟ ਹੁੰਦੀ ਹੈ ਜਿਸ ਦਾ ਸਿੱਧਾ ਅਸਰ ਘੱਗਰ ਬ੍ਰਾਂਚ ਦੀ ਟੇਲ ਭਾਵ ਬੋਹਾ ਰਜਬਾਹੇ ਤੇ ਪੈਂਦਾ ਹੈ।

(ਅ) ਇਹ ਕਹਿਣਾ ਠੀਕ ਨਹੀਂ ਹੈ ਕਿ ਰਾਜਨੀਤਕ ਰਸੂਖ ਵਾਲੇ ਲੋਕਾਂ ਵੱਲੋਂ ਰਜਬਾਹੇ ਵਿੱਚ ਮੋਘਿਆਂ ਅਤੇ ਮਾਈਨਰਾਂ ਦੀ ਭੰਨਤੋੜ ਕੀਤੀ ਗਈ ਹੈ। ਜੇਕਰ ਕੋਈ ਰਜਬਾਹਾ/ਮਾਈਨਰ ਦੀ ਭੰਨਤੋੜ ਕਰਦਾ ਹੈ ਜਾਂ ਮੋਘੇ ਟੈਂਪਰ ਕਰਦਾ ਹੈ ਤਾਂ ਵਿਭਾਗ ਵੱਲੋਂ ਦੋਸ਼ੀਆਂ ਵਿਰੁੱਧ ਪੁਲਿਸ ਕਾਰਵਾਈ ਕਰਨ ਲਈ ਲਿਖਿਆ ਜਾਂਦਾ ਹੈ ਅਤੇ ਕੈਨਾਲ ਐਕਟ, 1873 ਅਧੀਨ ਤਵਾਨ ਕੇਸ ਰਾਹੀਂ ਬਣਦਾ ਜੁਰਮਾਨਾ ਵਸੂਲ ਕੀਤਾ ਜਾਂਦਾ ਹੈ।

ਇਸ ਤੋਂ ਇਲਾਵਾ ਬੋਹਾ ਰਜਬਾਹਾ ਦੇ ਟੇਲਾਂ ਤੇ ਪਾਣੀ ਪਹੁੰਚਾਉਣ ਲਈ ਰਜਬਾਹੇ/ਮਾਈਨਰਾਂ ਦੀ ਸਾਲ ਵਿੱਚ ਦੋ ਵਾਰ ਮਨਰੇਗਾ ਸਕੀਮ ਅਧੀਨ ਅੰਦਰੂਨੀ ਸਫਾਈ ਕਰਵਾਈ ਜਾਂਦੀ ਹੈ ਅਤੇ ਨਹਿਰਾਂ/ਮਾਈਨਰਾਂ ਨੂੰ ਰੋਟੇਸ਼ਨ ਪ੍ਰੋਗਰਾਮ ਅਨੁਸਾਰ ਚਲਾਇਆ ਜਾਂਦਾ ਹੈ।

------

## ਲੁਧਿਆਣਾ-ਤਲਵੰਡੀ ਭਾਈ ਸੜਕੀ ਪ੍ਰਾਜੈਕਟ ਨੂੰ ਪੂਰਾ ਕਰਨਾ

***2021 (ਸੀ.ਯੂ). ਡਾਕਟਰ ਹਰਜੋਤ ਕਮਲ ਸਿੰਘ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਲੁਧਿਆਣਾ-ਤਲਵੰਡੀ ਭਾਈ ਤੱਕ ਸਾਲ 2014 ਤੋਂ ਪੈਂਡਿੰਗ ਪਈ ਸੜਕ ਤੇ ਸਾਰੇ ਪੁਲਾਂ ਦੀ ਉਸਾਰੀ ਅਤੇ ਸੜਕ ਦੇ ਦੋਨੋਂ ਪਾਸੇ ਸਰਵਿਸ ਲੇਨਾਂ ਅਤੇ ਹੋਰ ਕੰਮ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ ਅਤੇ ਕੀ ਸਰਕਾਰ ਇਸ ਪ੍ਰਾਜੈਕਟ ਦੀ ਮਾੜੀ ਕੁਆਲਿਟੀ ਦੇ ਮੱਦੇਨਜ਼ਰ ਇਸ ਵਿੱਚ ਸੁਧਾਰ ਯਕੀਨੀ ਬਣਾਏਗੀ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਲੁਧਿਆਣਾ-ਤਲਵੰਡੀ ਭਾਈ ਸੜਕ ਨੂੰ ਚਹੁੰ-ਮਾਰਗੀ ਕਰਨ ਦਾ ਪ੍ਰਾਜੈਕਟ ਹਾਈਵੇਅ ਅਥਾਰਿਟੀ ਆਫ ਇੰਡੀਆ, ਭਾਰਤ ਸਰਕਾਰ ਦੇ ਅਧੀਨ ਹੈ। ਪ੍ਰੋਜੈਕਟ ਡਾਇਰੈਕਟਰ, ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ, ਲੁਧਿਆਣਾ ਜੋ ਕਿ ਇਸ ਕੰਮ ਦੇ ਇੰਚਾਰਜ ਹਨ, ਨੇ ਸੂਚਿਤ ਕੀਤਾ ਹੈ ਕਿ

ਲੁਧਿਆਣਾ ਤਲਵੰਡੀ ਭਾਈ ਸੜਕ ਤੇ ਕੁੱਲ 78.00 ਕਿਲੋਮੀਟਰ ਵਿੱਚੋਂ 76.08 ਕਿਲੋਮੀਟਰ ਦਾ ਕੰਮ ਪੂਰਾ ਹੋ ਚੁੱਕਾ ਹੈ। ਕੇਵਲ 1.92 ਕਿਲੋਮੀਟਰ ਜਿਸ ਵਿੱਚ ਇੱਕ ਰੇਲਵੇ ਓਵਰ ਬ੍ਰਿਜ ਅਤੇ 2 ਵਹੀਕਲ ਅੰਡਰ ਪਾਸ ਹਨ, ਦਾ ਕੰਮ ਪ੍ਰਗਤੀ ਅਧੀਨ ਹੈ ਜੋ ਕਿ ਮਾਰਚ, 2019 ਤੱਕ ਪੂਰਾ ਕਰ ਦਿੱਤਾ ਜਾਵੇਗਾ। ਇਸ ਸੜਕ ਦਾ ਰੱਖ-ਰਖਾਵ ਅਤੇ ਕੁਆਲਿਟੀ ਦੀ ਜ਼ਿੰਮੇਵਾਰੀ ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ, ਭਾਰਤ ਸਰਕਾਰ ਦੀ ਹੈ।

------

## ਓ.ਓ.ਏ.ਟੀ. ਸੈਂਟਰਾਂ ਵਿੱਚ ਦਵਾਈ ਦਾ ਪ੍ਰਬੰਧ ਕਰਨਾ

***2024. (ਸੀ.ਯੂ.). ਡਾਕਟਰ ਹਰਜੋਤ ਕਮਲ ਸਿੰਘ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਨਸ਼ੇੜੀਆਂ ਨੂੰ ਦਵਾਈ ਦੇਣ ਵਾਲੇ ਸੈਂਟਰ ਦੂਰ ਦੂਰ ਹਨ ਅਤੇ ਸਵੇਰੇ 9.00 ਵਜੇ ਤੋਂ ਬਾਅਦ ਖੁੱਲ੍ਹਦੇ ਹਨ;

(ਅ) ਕੀ ਇਹ ਠੀਕ ਹੈ ਕਿ ਉਪਰੋਕਤ ਕੇਂਦਰਾਂ ਵਿੱਚ ਸਿਰਫ ਨਸ਼ੇ ਦੇ ਟੀਕੇ ਲਗਾਉਣ ਵਾਲਿਆਂ ਦਾ ਇਲਾਜ ਕੀਤਾ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਹੋਰ ਓ.ਓ.ਏ.ਟੀ. ਸੈਂਟਰ ਖੋਲ੍ਹਣ, ਉਨ੍ਹਾਂ ਦੇ 9.00 ਵਜੇ ਤੋਂ ਪਹਿਲਾਂ ਖੁੱਲ੍ਹਣ ਅਤੇ ਹਰ ਤਰ੍ਹਾਂ ਦੇ ਨਸ਼ੇ ਦਾ ਇਲਾਜ ਕਰਨ ਲਈ ਉਚਿਤ ਦਵਾਈਆਂ ਦਾ ਪ੍ਰਬੰਧ ਕਰੇਗੀ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, (ੳ) ਓ.ਪੀ.ਡੀ. ਪੱਧਰ ਤੇ ਨਸ਼ੇ ਦੇ ਆਦੀ ਵਿਅਕਤੀਆਂ ਦੇ ਇਲਾਜ ਲਈ ਕੁੱਲ 168 ਓ.ਓ.ਏ.ਟੀ. ਕਲੀਨਿਕ ਜ਼ਿਲ੍ਹਾ ਪੱਧਰ ਤੇ, ਸਬ-ਡਵੀਜ਼ਨਲ ਪੱਧਰ ਤੇ ਅਤੇ ਸੀ.ਐਚ.ਸੀ. ਪੱਧਰ ਤੇ ਖੋਲ੍ਹੇ ਗਏ ਹਨ। ਨਸ਼ਾ ਛੁਡਾਊ ਸੇਵਾਵਾਂ ਸਾਲ 2018 ਤੋਂ ਪਹਿਲਾਂ ਜ਼ਿਲ੍ਹਾ ਹਸਪਤਾਲ ਅਤੇ ਕੁਝ ਸਬ-ਡਵੀਜ਼ਨਲ ਹਸਪਤਾਲਾਂ ਵਿੱਚ ਹੀ ਉਪਲਬਧ ਸਨ। ਸੀ.ਐਚ.ਸੀ. ਪੱਧਰ ਤੱਕ ਓ.ਓ.ਏ.ਟੀ. ਕਲੀਨਿਕ ਸ਼ੁਰੂ ਕਰਕੇ, ਨਸ਼ਾ ਛੁਡਾਊ ਸੇਵਾਵਾਂ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਓ.ਓ.ਏ.ਟੀ. ਕਲੀਨਿਕ ਹਸਪਤਾਲਾਂ ਦੇ ਓ.ਪੀ.ਡੀ. ਦੇ ਸਮੇਂ ਅਨੁਸਾਰ ਹੀ ਕੰਮ ਕਰਦੇ ਹਨ। ਗਰਮੀਆਂ ਵਿੱਚ ਇਹ ਕਲੀਨਿਕ ਸਵੇਰੇ 8.00 ਵਜੇ ਅਤੇ ਸਰਦੀਆਂ ਵਿੱਚ ਸਵੇਰੇ 9.00 ਵਜੇ ਸ਼ੁਰੂ ਹੁੰਦੇ ਹਨ।

(ਅ) ਜੀ ਨਹੀਂ। ਓ.ਓ.ਏ.ਟੀ. ਕਲੀਨਿਕ ਵਿੱਚ ਅਫੀਮ ਅਤੇ ਅਫੀਮ ਤੋਂ ਬਣਨ

ਵਾਲੇ ਹੋਰ ਨਸ਼ਿਆਂ ਦਾ ਇਲਾਜ ਕੀਤਾ ਜਾਂਦਾ ਹੈ। ਇਹ ਗਲਤ ਹੈ ਕਿ ਇਨ੍ਹਾਂ ਕੇਂਦਰਾਂ ਵਿੱਚ ਕੇਵਲ ਨਸ਼ੇ ਦੇ ਟੀਕੇ ਲਗਾਉਣ ਵਾਲਿਆਂ ਦਾ ਇਲਾਜ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਪੱਧਰ ਤੇ ਸਰਕਾਰੀ ਨਸ਼ਾ ਛੁਡਾਊ ਕੇਂਦਰ ਹਨ ਜਿਨ੍ਹਾਂ ਵਿੱਚ ਹਰ ਤਰ੍ਹਾਂ ਦੇ ਨਸ਼ੇ ਦਾ ਇਲਾਜ ਕੀਤਾ ਜਾਂਦਾ ਹੈ। ਸਰਕਾਰੀ ਨਸ਼ਾ ਛੁਡਾਊ ਕੇਂਦਰ ਅਤੇ ਓ.ਓ.ਏ.ਟੀ. ਕਲੀਨਿਕ ਹਸਪਤਾਲਾਂ ਦੇ ਓ.ਪੀ.ਡੀ. ਟਾਈਮ ਅਨੁਸਾਰ ਕੰਮ ਕਰਨਗੇ ਅਤੇ ਇਨ੍ਹਾਂ ਕੇਂਦਰਾਂ ਵਿੱਚ ਦਵਾਈਆਂ ਦਾ ਉਚਿਤ ਪ੍ਰਬੰਧ ਹੈ।

------

## ਲਿੰਕ ਸੜਕਾਂ ਦੇ ਸਾਈਡਾਂ ਤੋਂ ਨਜਾਇਜ਼ ਕਬਜ਼ੇ ਹਟਾਉਣਾ

***2025 (ਸੀ.ਯੂ.). ਸਰਦਾਰ ਫਤਿਹਜੰਗ ਸਿੰਘ ਬਾਜਵਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡਾਂ ਵਿੱਚ ਲਿੰਕ ਸੜਕਾਂ ਦੀਆਂ ਸਾਈਡਾਂ ਦੀਆਂ ਜ਼ਮੀਨਾਂ ਉੱਤੇ ਲੋਕਾਂ ਨੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਨ੍ਹਾਂ ਨਜਾਇਜ਼ ਕਬਜ਼ਿਆਂ ਨੂੰ ਹਟਵਾ ਕੇ ਉਸ ਜਗ੍ਹਾ ਉੱਤੇ ਰੁੱਖ ਲਗਾਉਣ ਦੇ ਯਤਨ ਕਰੇਗੀ?

**ਕੈਪਟਨ ਅਮਰਿੰਦਰ ਸਿੰਘ:** ਜੀ ਹਾਂ। ਲਿੰਕ ਸੜਕਾਂ ਦੀਆਂ ਸਾਈਡਾਂ ਦੀਆਂ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਹਟਵਾਉਣ ਲਈ ਸਰਕਾਰ ਵੱਲੋਂ ਸਬੰਧਤ ਤਹਿਸੀਲਦਾਰ, ਬੀ.ਡੀ.ਪੀ.ਓ., ਐਸ.ਐਚ.ਓ. ਅਤੇ ਐਸ.ਡੀ.ਓ. (ਮੰਡੀ ਬੋਰਡ/ਪੀ.ਡਬਲਿਊ.ਡੀ. ਜਿਨ੍ਹਾਂ ਨਾਲ ਸੜਕ ਸਬੰਧਤ ਹੋਵੇ) ਦੀ ਕਮੇਟੀ ਦਾ ਗਠਨ ਕੀਤਾ ਹੋਇਆ ਹੈ। ਜਿਨ੍ਹਾਂ ਸੜਕਾਂ ਦੀ ਲੈਂਡ ਵਿੱਡਥ 10 ਮੀਟਰ ਜਾਂ ਇਸ ਤੋਂ ਵੱਧ ਉਪਲਬਧ ਹੈ ਉਨ੍ਹਾਂ ਦੇ ਕਿਨਾਰਿਆਂ ਤੇ ਰੁੱਖ ਲਗਾਉਣ ਦੇ ਯਤਨ ਕੀਤੇ ਜਾ ਰਹੇ ਹਨ।

------

## ਬੀ.ਡੀ.ਪੀ.ਓ. ਦੀ ਪੜਤਾਲ ਕਰਵਾਉਣ ਸਬੰਧੀ

***2029 (ਸੀ.ਯੂ.). ਸਰਦਾਰ ਫਤਿਹਜੰਗ ਸਿੰਘ ਬਾਜਵਾ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਾਦੀਆਂ ਹਲਕੇ ਵਿੱਚ ਪੈਂਦੇ ਪਿੰਡ ਨਾਥਪੁਰ, ਪੱਤੀ ਵਿਸ਼ਕਰਮਾ ਵਿਖੇ ਬੀ.ਡੀ.ਪੀ.ਓ. ਨੇ ਇੱਕੋ ਗਲੀ ਨੂੰ ਦੋ ਵਾਰੀ ਗੈਰ ਕਾਨੂੰਨੀ ਢੰਗ ਨਾਲ ਪਾਸ ਕੀਤਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਦੀ ਪੜਤਾਲ ਕਰਵਾ ਕੇ ਕਾਰਵਾਈ ਕੀਤੀ ਜਾਵੇਗੀ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸ਼੍ਰੀਮਾਨ ਜੀ, ਇਸ ਪ੍ਰਸ਼ਨ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਵੀ)-ਕਮ-ਵਧੀਕ ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ, ਗੁਰਦਾਸਪੁਰ ਵੱਲੋਂ ਰਿਪੋਰਟ ਮੰਗੀ ਗਈ ਸੀ। ਉਨ੍ਹਾਂ ਦੀ ਰਿਪੋਰਟ ਅਨੁਸਾਰ ਇਹ ਗਲੀ ਦੋ ਪੰਚਾਇਤਾਂ ਪੱਤੀ ਵਿਸ਼ਕਰਮਾ ਅਤੇ ਗ੍ਰਾਮ ਪੰਚਾਇਤ ਨਾਥਪੁਰ ਦੀ ਸਾਂਝੀ ਹੈ। ਇਸ ਗਲੀ ਤੇ ਦੋਨਾਂ ਪੰਚਾਇਤਾਂ ਦੇ ਘਰ ਹਨ। ਵਿਸ਼ਕਰਮਾ ਪੰਚਾਇਤ ਵੱਲੋਂ ਮਤਾ ਪਾਸ ਕਰਕੇ ਮਗਨਰੇਗਾ ਸਕੀਮ ਅਧੀਨ ਗਲੀ ਦਾ ਕੰਮ ਸ਼ੁਰੂ ਕਰਵਾਇਆ ਗਿਆ ਸੀ ਪਰ ਕੁਝ ਲੋਕਾਂ ਦੀ ਸ਼ਿਕਾਇਤ ਕਰਕੇ ਕੰਮ ਮੁਕੰਮਲ ਨਹੀਂ ਹੋਇਆ ਸੀ। ਗ੍ਰਾਮ ਪੰਚਾਇਤ ਨਾਥਪੁਰ ਵੱਲੋਂ ਕੰਮ ਪਾਸ ਕਰਕੇ ਸ਼ੁਰੂ ਕੀਤਾ ਗਿਆ ਸੀ ਪਰੰਤੂ ਝਗੜੇ ਕਰਕੇ ਕੰਮ ਮੁਕੰਮਲ ਨਹੀਂ ਹੋਇਆ। ਬਾਅਦ ਵਿੱਚ ਪਿੰਡ ਵਾਸੀਆਂ ਵੱਲੋਂ ਸਵੈ-ਇੱਛਤ ਤੌਰ ਤੇ ਕੰਮ ਮੁਕੰਮਲ ਕਰਵਾ ਦਿੱਤਾ ਗਿਆ ਹੈ।

------

## ਸਰਵਿਸ ਲੇਨ ਬਣਾਉਣਾ

***2031 (ਸੀ.ਯੂ.). ਸਰਦਾਰ ਮਨਜੀਤ ਸਿੰਘ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨੈਸ਼ਨਲ ਹਾਈਵੇਅ ਨੂੰ ਬਹੁਤ ਉੱਚੇ ਬਣਾਏ ਜਾਣ ਕਾਰਨ ਪਿੰਡ ਧੂਰਕੋਟ ਕਲਾਂ, ਜ਼ਿਲ੍ਹਾ ਮੋਗਾ ਦੇ ਨਿਵਾਸੀਆਂ ਲਈ ਮੁਸ਼ਕਿਲ ਆ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਉਸ ਦੇ ਨਾਲ ਸਰਵਿਸ ਲੇਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਮਨਜ਼ੂਰਸ਼ੁਦਾ ਪ੍ਰੋਜੈਕਟ ਰਿਪੋਰਟ ਵਿੱਚ ਸਰਵਿਸ ਲੇਨ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ।

------

## ਅਬੋਹਰ ਸ਼ਹਿਰ ਵਿੱਚ ਸਾਲਿਡ ਵੇਸਟ ਟ੍ਰੀਟਮੈਂਟ ਪਲਾਂਟ ਲਗਾਉਣਾ

***2032 (ਸੀ.ਯੂ.). ਸ਼੍ਰੀ ਅਰੁਣ ਨਾਰੰਗ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਬੋਹਰ ਸ਼ਹਿਰ ਵਿੱਚ ਸਾਲਿਡ ਵੇਸਟ ਟ੍ਰੀਟਮੈਂਟ ਪਲਾਂਟ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇੱਥੇ ਇੱਕ ਸਾਲਿਡ ਵੇਸਟ ਟ੍ਰੀਟਮੈਂਟ ਪਲਾਂਟ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਬ੍ਰਹਮ ਮਹਿੰਦਰਾ:** ਨਹੀਂ ਜੀ। ਅਬੋਹਰ ਸ਼ਹਿਰ ਵਿਖੇ ਸਾਲਿਡ ਵੇਸਟ ਟਰੀਟਮੈਂਟ ਲਈ ਸ਼ਹਿਰ ਵਿੱਚ 7 ਥਾਵਾਂ ਤੇ ਕੰਪੋਸਟ ਯੂਨਿਟ ਅਤੇ ਮੈਟੀਰੀਅਲ ਰਿਕਵਰੀ ਫੈਸਿਲਟੀ ਦੀ ਉਸਾਰੀ ਕੀਤੀ ਜਾ ਰਹੀ ਹੈ, ਇਸ ਨਾਲ ਕੰਮ ਦੇ ਟੈਂਡਰ ਲਗਾਏ ਜਾ ਚੁੱਕੇ ਹਨ। ਇਨ੍ਹਾਂ ਵਿੱਚੋਂ 4 ਵੱਖ ਵੱਖ ਥਾਵਾਂ ਤੇ ਕੰਪੋਸਟ ਪਿਟ ਅਤੇ ਮੈਟੀਰੀਅਲ ਰਿਕਵਰੀ ਫੈਸਿਲਟੀ ਦੀ ਉਸਾਰੀ ਮੁਕੰਮਲ ਹੋ ਚੁੱਕੀ ਹੈ ਅਤੇ ਬਾਕੀ 3 ਵੱਖ ਵੱਖ ਥਾਵਾਂ ਉਸਾਰੀ ਅਧੀਨ ਹਨ।

------

### ਅਬੋਹਰ ਸ਼ਹਿਰ ਵਿੱਚ ਅਵਾਰਾ ਪਸ਼ੂਆਂ ਦੀ ਸਮੱਸਿਆ ਦਾ ਹੱਲ ਕਰਨਾ

***2035 (ਸੀ.ਯੂ.). ਸ਼੍ਰੀ ਅਰੁਣ ਨਾਰੰਗ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਬੋਹਰ ਸ਼ਹਿਰ ਵਿੱਚ ਅਵਾਰਾ ਪਸ਼ੂਆਂ ਦੀ ਭਰਮਾਰ ਨੂੰ ਨੱਥ ਪਾਉਣ ਲਈ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਜਾ ਰਹੀ ਹੈ?

**ਸ਼੍ਰੀ ਬ੍ਰਹਮ ਮਹਿੰਦਰਾ:** ਨਗਰ ਨਿਗਮ, ਅਬੋਹਰ ਦੀ ਹਦੂਦ ਅੰਦਰ ਦੋ ਗਊਸ਼ਾਲਾ (ਗਊਸ਼ਾਲਾ ਅਤੇ ਨੰਦੀਸ਼ਾਲਾ) ਚੱਲ ਰਹੀਆਂ ਹਨ। ਇਨ੍ਹਾਂ ਦੋਵਾਂ ਗਊਸ਼ਾਲਾ ਦਾ ਰੱਖ ਰਖਾਵ ਉਨ੍ਹਾਂ ਦੀਆਂ ਮੈਨੇਜਿੰਗ ਕਮੇਟੀਆਂ ਦੁਆਰਾ ਕੀਤਾ ਜਾਂਦਾ ਹੈ। ਨਗਰ ਨਿਗਮ, ਅਬੋਹਰ ਵੱਲੋਂ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪਟਿਆਲਾ ਦੀ ਟੀਮ ਰਾਹੀਂ ਸਾਲ 2016 ਤੋਂ ਹੁਣ ਤੱਕ ਲਗਭਗ 1300 ਅਵਾਰਾ ਪਸ਼ੂ ਫੜ ਕੇ ਨੰਦੀਸ਼ਾਲਾ ਅਬੋਹਰ ਵਿਖੇ ਭੇਜੇ ਜਾ ਚੁੱਕੇ ਹਨ। ਨੇੜੇ ਦੇ ਪਿੰਡਾਂ ਨੂੰ ਹੋਰ ਅਵਾਰਾ ਪਸ਼ੂ ਸ਼ਹਿਰ ਵਿੱਚ ਦਾਖਲ ਹੋ ਜਾਂਦੇ ਹਨ ਜਿਨ੍ਹਾਂ ਨੂੰ ਫੜਨ ਲਈ ਨਗਰ ਨਿਗਮ ਵੱਲੋਂ ਪਸ਼ੂ ਪਾਲਣ ਵਿਭਾਗ ਨਾਲ ਮਿਲ ਕੇ ਸਮੇਂ-ਸਮੇਂ ਤੇ ਕਾਰਵਾਈ ਕੀਤੀ ਜਾਂਦੀ ਹੈ।

------

### ਹੱਡਾ ਰੋੜੀ ਤੇ ਸੁੱਟੇ ਜਾਂਦੇ ਮਰੇ ਹੋਏ ਪਸ਼ੂਆਂ ਦੀ ਡਿਸਪੋਜ਼ਲ ਦਾ ਪੱਕਾ ਪ੍ਰਬੰਧ ਕਰਨਾ

***2036 (ਸੀ.ਯੂ.). ਸ਼੍ਰੀ ਅਰੁਣ ਨਾਰੰਗ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅਬੋਹਰ ਸ਼ਹਿਰ ਵਿੱਚ ਹੱਡਾ ਰੋੜੀ ਤੇ ਸੁੱਟੇ ਜਾਂਦੇ ਮਰੇ ਹੋਏ ਪਸ਼ੂਆਂ ਦੀ ਡਿਸਪੋਜਲ ਦਾ ਕੋਈ ਪੱਕਾ ਪ੍ਰਬੰਧ ਨਾ ਹੋਣ ਕਾਰਨ ਸ਼ਹਿਰ ਵਿੱਚ ਬਦਬੂ ਅਤੇ ਬਿਮਾਰੀ ਫੈਲਣ ਦਾ ਖਤਰਾ ਹੈ; ਜੇਕਰ ਅਜਿਹਾ ਹੋਵੇ ਤਾਂ ਅਬੋਹਰ ਸ਼ਹਿਰ ਵਾਸੀਆਂ ਨੂੰ ਇਸ ਤੋਂ ਨਿਜਾਤ ਦਿਵਾਉਣ ਲਈ ਕੀ ਸਰਕਾਰ ਵੱਲੋਂ ਕੋਈ ਕਾਰਵਾਈ ਕੀਤੀ ਜਾ ਰਹੀ ਹੈ; ਜੇਕਰ ਕੀਤੀ ਜਾ ਰਹੀ ਹੈ ਤਾਂ ਉਸ ਦੇ ਵੇਰਵੇ ਕੀ ਹਨ?

**ਸ਼੍ਰੀ ਬ੍ਰਹਮ ਮਹਿੰਦਰਾ:** ਨਹੀਂ ਜੀ। ਅਬੋਹਰ ਦੀ ਹੱਡਾ ਰੋੜੀ ਲਗਭਗ 50 ਸਾਲ ਤੋਂ ਨਗਰ ਨਿਗਮ, ਅਬੋਹਰ ਦੀ ਆਪਣੀ ਡੰਪਿੰਗ ਸਾਈਟ ਤੇ 5 ਏਕੜ ਦੀ ਜਗ੍ਹਾ ਤੇ ਬਣੀ ਹੋਈ ਹੈ। ਜਿਸ ਦੀ ਚਾਰ ਦੀਵਾਰੀ ਕੀਤੀ ਹੋਈ ਹੈ ਅਤੇ ਲੋਹੇ ਦਾ ਗੇਟ ਲੱਗਿਆ ਹੋਇਆ ਹੈ। ਇਹ ਜਗ੍ਹਾ ਸ਼ਹਿਰ ਤੋਂ ਲਗਭਗ 3 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਮਰੇ ਹੋਏ ਪਸ਼ੂਆਂ ਦੀ ਡਿਸਪੋਜ਼ਲ ਦਾ ਪੱਕਾ ਪ੍ਰਬੰਧ ਹੈ ਅਤੇ ਸ਼ਹਿਰ ਤੋਂ ਦੂਰ ਹੋਣ ਕਰਨ ਬਿਮਾਰੀ ਅਤੇ ਬਦਬੂ ਫੈਂਲਣ ਦਾ ਕੋਈ ਖਤਰਾ ਨਹੀਂ ਹੈ।

------

## ਬੱਬਨਪੁਰ ਤੋਂ ਜੌੜੇ ਪੁਲ ਤੱਕ ਮਾਰਗ ਦਾ ਨਵ-ਨਿਰਮਾਣ ਕਰਨਾ

***2039 (ਸੀ.ਯੂ.). ਸ਼੍ਰੀ ਦਲਵੀਰ ਸਿੰਘ ਗੋਲਡੀ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬੱਬਨਪੁਰ ਤੋਂ ਜੌੜੇ ਪੁਲ ਤੱਕ 26.43 ਕਿਲੋਮੀਟਰ ਲੰਬੀ ਸੜਕ ਦੇ ਨਵ-ਨਿਰਮਾਣ ਲਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਦੇ ਵੇਰਵੇ ਕੀ ਹਨ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, ਬੱਬਨਪੁਰ ਤੋਂ ਜੋੜੇ ਪੁਲ ਸੜਕ (ਐਮ.ਡੀ.ਆਰ.-78) ਦੀ ਕੁੱਲ ਲੰਬਾਈ 26.43 ਕਿਲੋਮੀਟਰ ਹੈ। ਇਸ ਕੰਮ ਦਾ ਟੈਂਡਰ ਲਗਾਉਣ ਉਪਰੰਤ 1176.33 ਲੱਖ ਰੁਪਏ ਦਾ ਅਲਾਟ ਕੀਤਾ ਗਿਆ ਅਤੇ ਏਜੰਸੀ ਵੱਲੋਂ ਕੰਮ ਸ਼ੁਰੂ ਕਰ ਦਿੱਤਾ ਗਿਆ ਸੀ। ਇਹ ਕੰਮ ਲਗਭਗ 35% ਮੁਕੰਮਲ ਹੋ ਚੁੱਕਾ ਹੈ। ਕੁਝ ਰੀਚਾਂ ਉੱਪਰ ਫੋਰੈਸਟ ਕਲੀਅਰੈਂਸ ਨਾ ਹੋਣ ਕਰਕੇ ਕੰਮ ਨਹੀਂ ਕੀਤਾ ਜਾ ਸਕਿਆ। ਵਣ ਵਿਭਾਗ ਦੀ ਮਨਜ਼ੂਰੀ ਪ੍ਰਾਪਤ ਹੋਣ ਤੇ, ਫੋਰੈਸਟ ਕਲੀਅਰੈਂਸ ਹੋਣ ਉਪਰੰਤ ਬਕਾਇਆ ਰਹਿੰਦੇ ਕੰਮ ਨੂੰ ਹੱਥ ਵਿੱਚ ਲੈ ਲਿਆ ਜਾਵੇਗਾ।

------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2040 (ਸੀ.ਯੂ.)**

------

## ਮੰਦਬੁੱਧੀ ਬੱਚਿਆਂ ਦੇ ਹੈਂਡੀਕੈਪਿਡ ਸਰਟੀਫਿਕੇਟ ਜ਼ਿਲ੍ਹਾ ਪੱਧਰ ਤੇ ਬਣਾਉਣ ਲਈ ਉਪਰਾਲੇ ਕਰਨਾ

***2041 (ਸੀ.ਯੂ.). ਸ਼੍ਰੀ ਦਲਵੀਰ ਸਿੰਘ ਗੋਲਡੀ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਸਰਕਾਰ ਮੰਦਬੁੱਧੀ ਬੱਚਿਆਂ ਦੇ ਹੈਂਡੀਕੈਪਿਡ ਦੇ ਸਰਟੀਫਿਕੇਟ ਜ਼ਿਲ੍ਹਾ ਪੱਧਰ ਤੇ ਬਣਾਉਣ ਲਈ ਕੋਈ ਯੋਗ ਉਪਰਾਲਾ ਕਰ ਰਹੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

---

** For Starred Question No. 2040 (C.U.) and reply thereto, please see Appendix to Annexure to this Debates.

(ਅ) ਧੂਰੀ ਵਿਖੇ ਸਥਿਤ ਸਿਵਲ ਹਸਪਤਾਲ ਵਿੱਚ ਅੱਖਾਂ ਦੇ ਮਾਹਿਰ, ਬੱਚਿਆਂ ਦੇ ਮਾਹਿਰ ਡਾਕਟਰਾਂ ਅਤੇ ਐਮਰਜੈਂਸੀ ਡਾਕਟਰਾਂ ਦੀਆਂ 6 ਖਾਲੀ ਅਸਾਮੀਆਂ ਕਦੋਂ ਤੱਕ ਭਰੇ ਜਾਣ ਦੀ ਤਜਵੀਜ਼ ਹੈ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, (ੳ) ਹਾਂ ਜੀ। ਮੰਦਬੁੱਧੀ ਬੱਚਿਆਂ ਦੀ ਡਿਸਏਬਿਲਟੀ ਅਸੈਸ ਕਰਨ ਲਈ ਕਲਿਨੀਕਲ ਸਾਇਕੌਲੋਜਿਸਟ ਦੀ ਲੋੜ ਹੁੰਦੀ ਹੈ। ਹੁਣ ਤੱਕ ਇਸ ਕੰਮ ਲਈ ਰਾਜ ਦੇ ਮੈਡੀਕਲ ਕਾਲਜਾਂ ਤੋਂ ਸਹਾਇਤਾ ਲਈ ਜਾ ਰਹੀ ਸੀ ਪਰੰਤੂ ਹੁਣ ਪੰਜਾਬ ਸਰਕਾਰ ਵੱਲੋਂ ਪਹਿਲ ਕਦਮੀ ਕਰਦੇ ਹੋਏ ਜ਼ਿਲ੍ਹਿਆਂ ਵਿੱਚ ਕਲਿਨੀਕਲ ਸਾਇਕੌਲੋਜਿਸਟ ਤਾਇਨਾਤ ਕੀਤੇ ਜਾ ਰਹੇ ਹਨ ਜਿਸ ਵਾਸਤੇ ਸਾਇਕੌਲੋਜਿਸਟਾਂ ਦੀਆਂ 27 ਅਸਾਮੀਆਂ ਲਈ ਇੰਟਰਵਿਊ ਕੀਤੀ ਜਾ ਚੁੱਕੀ ਹੈ ਅਤੇ ਇਸ ਭਰਤੀ ਦਾ ਨਤੀਜਾ ਜਲਦ ਹੀ ਐਨ.ਐਚ.ਐਮ. ਪੰਜਾਬ ਵੱਲੋਂ ਜਾਰੀ ਕਰਨ ਉਪਰੰਤ ਇਨ੍ਹਾਂ ਸਾਇਕੌਲੋਜਿਸਟਾਂ ਦੀਆਂ ਜ਼ਿਲ੍ਹਿਆਂ ਵਿੱਚ ਤੈਨਾਤੀਆਂ ਕਰ ਦਿੱਤੀਆਂ ਜਾਣਗੀਆਂ।

(ਅ) ਸਬ-ਡਵੀਜ਼ਨਲ ਹਸਪਤਾਲ ਧੂਰੀ ਵਿਖੇ ਸਪੈਸ਼ਲਿਸਟ ਡਾਕਟਰਾਂ ਦੀਆਂ 9 ਮਨਜ਼ੂਰਸ਼ੁਦਾ ਅਸਾਮੀਆਂ ਹਨ ਜਿਨ੍ਹਾਂ ਵਿੱਚ 6 ਅਸਾਮੀਆਂ ਇਸ ਸਮੇਂ ਭਰੀਆਂ ਹੋਈਆਂ ਹਨ। ਜਿਸ ਦਾ ਵੇਰਵਾ ਹੇਠ ਦਰਸਾਏ ਅਨੁਸਾਰ ਹੈ:-

| **ਸੰਸਥਾ** | **ਸਪੈਸ਼ਲਿਟੀ** | **ਮਨਜ਼ੂਰਸ਼ੁਦਾ ਅਸਾਮੀਆਂ** | **ਭਰੀਆਂ ਅਸਾਮੀਆਂ** | **ਖਾਲੀ ਅਸਾਮੀਆਂ** |
|---|---|---|---|---|
| ਸਬ-ਡਵੀਜ਼ਨਲ ਹਸਪਤਾਲ ਧੂਰੀ | Anesthesia | 1 | 1 | 0 |
| | Gynae | 1 | 1 | 0 |
| | Medicine | 1 | 1 | 0 |
| | Ophthalmology | 1 | 0 | 1 |
| | Ortho | 1 | 1 | 0 |
| | Pathology | 1 | 1 | 0 |
| | Peadiatrics | 1 | 0 | 1 |
| | Radiology | 1 | 0 | 1 |
| | Surgery | 1 | 1 | 0 |
| | **ਕੁੱਲ ਜੋੜ** | **9** | **6** | **3** |

ਮੈਡੀਕਲ ਅਫਸਰ (ਜਨਰਲ):- ਸਬ ਡਵੀਜ਼ਨਲ ਹਸਪਤਾਲ ਧੂਰੀ ਵਿਖੇ ਮੈਡੀਕਲ ਅਫਸਰ (ਜਨਰਲ) ਡਾਕਟਰਾਂ ਦੀਆਂ 7 ਮਨਜ਼ੂਰਸ਼ੁਦਾ ਅਸਾਮੀਆਂ ਹਨ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਸੰਸਥਾ | ਮਨਜ਼ੂਰਸ਼ੁਦਾ | ਭਰੀਆਂ | ਖਾਲੀ |
|---|---|---|---|
| ਸਬ-ਡਵੀਜ਼ਨਲ ਹਸਪਤਾਲ ਧੂਰੀ | 7 | 5 | 2 |

ਸਿਹਤ ਵਿਭਾਗ, ਪੰਜਾਬ ਵਿੱਚ ਖਾਲੀ ਪਈਆਂ ਅਸਾਮੀਆਂ ਭਰਨ ਸਬੰਧੀ ਸਰਕਾਰ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾਂਦੇ ਹਨ। ਸਾਲ ਜੁਲਾਈ/ਅਗਸਤ 2018 ਵਿੱਚ ਸਿਹਤ ਵਿਭਾਗ ਪੰਜਾਬ ਵੱਲੋਂ ਮੈਡੀਕਲ ਅਫਸਰ (ਸਪੈਸ਼ਲਿਸਟ) ਦੀਆਂ 513 ਅਸਾਮੀਆਂ ਭਰਨ ਲਈ ਵਾਕ-ਇਨ-ਇੰਟਰਵਿਊ ਕੀਤੀ ਗਈ ਸੀ ਜਿਸ ਵਿੱਚ 216 ਉਮੀਦਵਾਰ ਚੁਣੇ ਗਏ ਸਨ ਜਿਨ੍ਹਾਂ ਵਿੱਚੋਂ 84 ਮੈਡੀਕਲ ਅਫਸਰ (ਸਪੈਸ਼ਲਿਸਟ) ਡਾਕਟਰਾਂ ਵੱਲੋਂ ਆਪਣੀ ਸੇਵਾ ਜੁਆਇਨ ਕਰ ਲਈ ਗਈ ਹੈ। ਬਾਕੀ ਰਹਿੰਦੀਆਂ 429 ਅਸਾਮੀਆਂ ਭਰਨ ਲਈ ਮਿਤੀ 02.03.2019 ਅਤੇ ਮਿਤੀ 03.03.2019 ਦੀ ਵਾਕ-ਇਨ-ਇੰਟਰਵਿਊ ਰੱਖੀ ਗਈ ਹੈ।

ਸਾਲ 2018 ਦੌਰਾਨ ਮੈਡੀਕਲ ਅਫਸਰਾਂ (ਐਮ.ਬੀ.ਬੀ.ਐਸ.) ਦੀਆਂ 255 ਖਾਲੀ ਅਸਾਮੀਆਂ ਵਿਰੁੱਧ ਭਰਤੀ ਕੀਤੀ ਗਈ ਸੀ ਅਤੇ 175 ਹੋਰ ਖਾਲੀ ਅਸਾਮੀਆਂ ਨੂੰ ਭਰਨ ਸਬੰਧੀ ਸਰਕਾਰ ਦੇ ਵਿਚਾਰ ਅਧੀਨ ਹੈ।

------

## ਧੂਰੀ ਵਿਖੇ ਸਪੋਰਟਸ ਸਟੇਡੀਅਮ ਬਣਾਉਣਾ

***2042 (ਸੀ.ਯੂ.). ਸ਼੍ਰੀ ਦਲਵੀਰ ਸਿੰਘ ਗੋਲਡੀ:** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਪੀ.ਸੀ.ਏ. ਸਟੇਡੀਅਮ, ਮੋਹਾਲੀ ਪੰਜਾਬ ਸਰਕਾਰ ਦੇ ਅਧੀਨ ਆਉਂਦਾ ਹੈ ਅਤੇ ਕੀ ਸਟੇਡੀਅਮ ਤੋਂ ਜੋ ਆਮਦਨ ਪੰਜਾਬ ਸਰਕਾਰ ਨੂੰ ਹੁੰਦੀ ਹੈ, ਉਹ ਫੰਡ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਵਰਤਿਆ ਜਾਂਦਾ ਹੈ;

(ਅ) ਕੀ ਸਰਕਾਰ ਧੂਰੀ ਵਿਖੇ ਸਪੋਰਟਸ ਸਟੇਡੀਅਮ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ;

(ੲ) ਕੀ ਧੂਰੀ ਦੇ ਬੈਡਮਿੰਟਨ ਸਟੇਡੀਅਮ ਨੂੰ ਸਿੰਥੈਟਿਕ ਬਣਾਉਣ ਲਈ ਆਉਣ ਵਾਲੇ ਸਮੇਂ ਵਿੱਚ ਸਰਕਾਰ ਵੱਲੋਂ ਕੋਈ ਤਜਵੀਜ਼ ਹੈ?

**ਰਾਣਾ ਗੁਰਮੀਤ ਸਿੰਘ ਸੋਢੀ:** (ੳ) ਪੀ.ਏ.ਸੀ. ਸਟੇਡੀਅਮ, ਮੋਹਾਲੀ, ਪੰਜਾਬ ਸਰਕਾਰ ਦੇ ਅਧੀਨ ਨਹੀਂ ਆਉਂਦਾ ਹੈ। ਇਸ ਸਟੇਡੀਅਮ ਲਈ ਜ਼ਮੀਨ ਲੀਜ਼ ਤੇ ਦਿੱਤੀ ਗਈ ਹੈ ਅਤੇ ਪ੍ਰਾਪਤ ਹੋਣ ਵਾਲੀ ਲੀਜ਼ ਦੀ ਰਾਸ਼ੀ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਹੁੰਦੀ ਹੈ।

(ਅ) ਨਹੀਂ ਜੀ।

(ੲ) ਨਹੀਂ ਜੀ।

------

## ਪਿੰਡ ਨੂੰ ਦੁਬਾਰਾ ਸਟੇਸ਼ਨ ਵਲਟੋਹਾ ਨਾਲ ਜੋੜਨਾ

***2049 (ਸੀ.ਯੂ.). ਸਰਦਾਰ ਸੁਖਪਾਲ ਸਿੰਘ ਖਹਿਰਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਖੇਮਕਰਨ ਦੇ ਪੁਲਿਸ ਥਾਣਾ ਵਲਟੋਹਾ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਪਿੰਡਾਂ ਨੂੰ ਪੁਲਿਸ ਥਾਣਾ ਪੱਟੀ ਨਾਲ ਜੋੜ ਦਿੱਤਾ ਗਿਆ ਹੈ;

(ਅ) ਕੀ ਸਰਕਾਰ ਉਪਰੋਕਤ ਪਿੰਡਾਂ ਨੂੰ ਦੁਬਾਰਾ ਪਹਿਲੀ ਵਿਵਸਥਾ ਅਨੁਸਾਰ ਪੁਲਿਸ ਥਾਣਾ ਵਲਟੋਹਾ ਨਾਲ ਜੋੜਨ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ਅਤੇ ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਕੈਪਟਨ ਅਮਰਿੰਦਰ ਸਿੰਘ:** (ੳ) ਹਾਂ ਜੀ। ਪੰਜਾਬ ਸਰਕਾਰ ਦੀ ਅਧਿਸੂਚਨਾ ਮਿਤੀ 20.03.2018 ਰਾਹੀਂ ਹਲਕਾ ਖੇਮਕਰਨ, ਪੁਲਿਸ ਸਟੇਸ਼ਨ ਵਲਟੋਹਾ ਦੇ 18 ਪਿੰਡ ਪੁਲਿਸ ਥਾਣਾ, ਸਦਰ ਪੱਟੀ ਨਾਲ ਜੋੜੇ ਗਏ ਹਨ।

(ਅ) ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਿਸ ਵਿੱਚ ਹਲਕਾ ਸਿਸਟਮ ਖਤਮ ਕਰਨ ਸਬੰਧੀ ਮਿਤੀ 20.03.2018 ਨੂੰ ਹੋਏ ਗਜ਼ਟ ਨੋਟੀਫਿਕੇਸ਼ਨਾਂ ਸਬੰਧੀ ਆਈਆਂ ਪ੍ਰਤੀ-ਬੇਨਤੀਆਂ ਨੂੰ ਵਿਚਾਰਨ ਲਈ ਵਧੀਕ ਮੁੱਖ ਸਕੱਤਰ (ਗ੍ਰਹਿ) ਦੀ ਪ੍ਰਧਾਨਗੀ ਹੇਠ ਇੱਕ ਉੱਚ ਪੱਧਰੀ ਕਮੇਟੀ ਗਠਿਤ ਕੀਤੀ ਗਈ ਹੈ। ਉਕਤ ਮਾਮਲਾ ਕਮੇਟੀ ਕੋਲ ਲੰਬਿਤ ਹੈ।

------

## ਬੰਦ ਪਏ ਸਾਂਝ ਕੇਂਦਰਾਂ ਨੂੰ ਮੁੜ ਚਾਲੂ ਕਰਨਾ

***2050. (ਸੀ.ਯੂ.). ਸਰਦਾਰ ਮਨਜੀਤ ਸਿੰਘ ਬਿਲਾਸਪੁਰ:** ਕੀ ਪ੍ਰਸ਼ਾਸਨਿਕ ਸੁਧਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਵਿੱਚ ਬੰਦ ਪਏ ਸਾਂਝ ਕੇਂਦਰ ਕਦੋਂ ਤੱਕ ਦੁਬਾਰਾ ਖੋਲ੍ਹੇ ਜਾਣ ਦੀ ਸੰਭਾਵਨਾ ਹੈ?

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** ਪੁਲਿਸ ਵਿਭਾਗ ਨਾਲ ਸਬੰਧਤ ਸਾਰੇ ਸਾਂਝ ਕੇਂਦਰ ਇਸ ਸਮੇਂ ਕੰਮ ਕਰ ਰਹੇ ਹਨ।

------

## ਆਦਰਸ਼ ਸਕੂਲ ਰਣਸੀਂ ਕਲਾਂ ਵਿੱਚ ਲੋੜੀਂਦੀਆਂ ਸੁਵਿਧਾਵਾਂ ਬਾਰੇ

***2051 (ਸੀ.ਯੂ.). ਸਰਦਾਰ ਮਨਜੀਤ ਸਿੰਘ ਬਿਲਾਸਪੁਰ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਾਲ 2008 ਵਿੱਚ ਜ਼ਿਲ੍ਹਾ ਮੋਗਾ ਵਿੱਚ ਖੋਲ੍ਹੇ ਗਏ 12 ਆਦਰਸ਼ ਸਕੂਲਾਂ ਵਿੱਚ ਆਦਰਸ਼ ਸਕੂਲ ਰਣਸੀਂ ਕਲਾਂ ਵੀ ਸ਼ਾਮਲ ਹੈ; ਜੇਕਰ ਅਜਿਹਾ ਹੈ ਤਾਂ ਇਸ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਕੀ ਪ੍ਰਬੰਧ ਕੀਤੇ ਗਏ ਹਨ ਅਤੇ ਕੀ ਇਸ ਸਕੂਲ ਵਿੱਚ ਸਟਾਫ ਪੂਰਾ ਹੈ ਅਤੇ ਲੋੜੀਂਦੀ ਬਿਲਡਿੰਗ ਵੀ ਮੌਜੂਦ ਹੈ; ਜੇਕਰ ਨਹੀਂ ਤਾਂ ਇਸ ਸਬੰਧ ਵਿੱਚ ਕੀ ਕਦਮ ਚੁੱਕੇ ਜਾ ਰਹੇ ਹਨ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਨਹੀਂ ਜੀ। ਸਾਲ 2008 ਦੌਰਾਨ ਜ਼ਿਲ੍ਹਾ ਮੋਗਾ ਵਿੱਚ ਕੇਵਲ 4 ਆਦਰਸ਼ ਸਕੂਲ ਖੋਲ੍ਹਣ ਦੀ ਤਜਵੀਜ਼ ਸੀ ਅਤੇ ਇਨ੍ਹਾਂ ਵਿੱਚ ਆਦਰਸ਼ ਸਕੂਲ ਰਣਸੀਂ ਕਲਾਂ ਵੀ ਸ਼ਾਮਿਲ ਸੀ। ਇਸ ਸਮੇਂ ਸਕੂਲ ਨਿੱਜੀ ਭਾਈਵਾਲ ਪ੍ਰਬੰਧ ਸਕੀਮ ਅਧੀਨ ਸੁੱਖ ਸਾਗਰ ਵੈਲਫੇਅਰ ਐਵੀਨਿਊ ਐਸੋਸੀਏਸ਼ਨ (ਰਜਿਸਟਰਡ) ਵੱਲੋਂ ਚਲਾਇਆ ਜਾ ਰਿਹਾ ਹੈ ਅਤੇ ਗ੍ਰਾਮ ਪੰਚਾਇਤ ਰਣਸੀਂ ਕਲਾਂ ਦੀ ਸ਼ਾਮਲਾਤ ਜ਼ਮੀਨ 9 ਏਕੜ, 6 ਕਨਾਲ 12 ਮਰਲੇ ਜ਼ਮੀਨ 99 ਸਾਲਾਂ ਲਈ 50/- ਰੁਪਏ ਪ੍ਰਤੀ ਏਕੜ ਦੀ ਦਰ ਨਾਲ ਲੀਜ਼ ਤੇ ਦਿੱਤੀ ਗਈ ਹੈ। ਮੈਨੇਜਮੈਂਟ ਵੱਲੋਂ ਲੋੜ ਅਨੁਸਾਰ ਸਟਾਫ ਦੀ ਨਿਯੁਕਤੀ ਕੀਤੀ ਗਈ ਹੈ ਪਰ ਬਿਲਡਿੰਗ ਦੀ ਉਸਾਰੀ ਅਧੂਰੀ ਹੈ। ਫੰਡ ਉਪਲਬਧ ਹੋਣ ਤੇ ਬਿਲਡਿੰਗ ਦੀ ਉਸਾਰੀ ਪੂਰੀ ਕੀਤੀ ਜਾਵੇਗੀ।

------

## ਨੈਸ਼ਨਲ ਹਾਈਵੇਅ 71 ਤੋਂ ਪੈਂਦੇ ਪਿੰਡਾਂ ਵਿਖੇ ਬਾਈਪਾਸਾਂ ਤੇ ਲਾਈਟਾਂ ਤੇ ਸੇਫਟੀ ਕਵਰ ਲਗਾਉਣਾ

***2052 (ਸੀ.ਯੂ.). ਸਰਦਾਰ ਮਨਜੀਤ ਸਿੰਘ ਬਿਲਾਸਪੁਰ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਪਿੰਡ ਮਾਛੀਕੇ, ਜ਼ਿਲ੍ਹਾ ਮੋਗਾ ਨੈਸ਼ਨਲ ਹਾਈਵੇਅ 71 ਤੇ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਹ ਹਾਈਵੇਅ ਪ੍ਰਾਜੈਕਟ ਅਧੀਨ ਆਈ ਜ਼ਮੀਨ ਦੀ ਅਦਾਇਗੀ ਜ਼ਮੀਨ ਦੇ ਮਾਲਕਾਂ ਨੂੰ ਕਰ ਦਿੱਤੀ ਗਈ ਹੈ; ਜੇਕਰ ਨਹੀਂ ਤਾਂ ਕਦੋਂ ਤੱਕ ਕਰ ਦਿੱਤੀ ਜਾਵੇਗੀ;

(ਅ) ਕੀ ਨੈਸ਼ਨਲ ਹਾਈਵੇਅ 71 ਤੇ ਪਿੰਡ ਮਾਛੀਕੇ ਵਿਖੇ ਲਾਈਟਾਂ, ਬਾਈਪਾਸ ਤੇ ਲਾਈਟਾਂ ਅਤੇ ਸੇਫਟੀ ਕਵਰ ਲਗਾਏ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

(ੲ) ਕੀ ਇਹ ਠੀਕ ਹੈ ਕਿ ਨੈਸ਼ਨਲ ਹਾਈਵੇਅ 71 ਤੇ ਪੈਂਦੇ ਪਿੰਡ ਬਿਲਾਸਪੁਰ ਦੇ ਬਾਈਪਾਸ ਤੇ ਚਾਰ ਲੋਕਲ ਸੜਕਾਂ ਪੈਂਦੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਬਾਈਪਾਸ ਤੇ ਲਾਈਟਾਂ ਅਤੇ ਸੇਫਟੀ ਦੀਵਾਰ ਬਣਾਏ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਵਿਜੈ ਇੰਦਰ ਸਿੰਗਲਾ:** (ੳ) ਹਾਂ ਜੀ। ਪਿੰਡ ਮਾਛੀਕੇ, ਜ਼ਿਲ੍ਹਾ ਮੋਗਾ ਨੈਸ਼ਨਲ ਹਾਈਵੇਅ ਤੇ ਪੈਂਦਾ ਹੈ। ਇਸ ਹਾਈਵੇਅ ਪ੍ਰਾਜੈਕਟ ਅਧੀਨ ਆਈ ਜ਼ਮੀਨ ਦੀ ਅਦਾਇਗੀ ਭੋਂ ਪ੍ਰਾਪਤੀ ਕੁਲੈਕਟਰ ਨਿਹਾਲ ਸਿੰਘ ਵਾਲਾ ਵੱਲੋਂ ਜ਼ਿਆਦਾਤਰ ਮਾਲਕਾਂ ਨੂੰ ਕਰ ਦਿੱਤੀ ਗਈ ਹੈ। ਜਿਨ੍ਹਾਂ ਮਾਲਕਾਂ ਦਾ ਹਿੱਸੇ ਸਬੰਧੀ ਕੋਈ ਝਗੜਾ ਹੈ ਉਨ੍ਹਾਂ ਦੀ ਅਦਾਇਗੀ ਨਹੀਂ ਹੋਈ ਹੈ। ਭੋਂ ਪ੍ਰਾਪਤੀ ਕੁਲੈਕਟਰ ਵੱਲੋਂ ਰਿਕਾਰਡ ਘੋਖਣ ਉਪਰੰਤ ਅਦਾਇਗੀ ਕਰ ਦਿੱਤੀ ਜਾਵੇਗੀ।

(ਅ) ਪਿੰਡ ਮਾਛੀਕੇ ਵਿਖੇ ਬਾਈਪਾਸ ਬਣਾਉਣ ਦੀ ਤਜਵੀਜ਼ ਨਹੀਂ ਹੈ। ਪਿੰਡ ਵਿੱਚ ਲਾਈਟਾਂ ਅਤੇ ਸੇਫਟੀ ਕਵਰ ਲਗਾ ਦਿੱਤੇ ਜਾਣਗੇ।

(ੲ) ਪਿੰਡ ਬਿਲਾਸਪੁਰ ਦੇ ਬਾਈਪਾਸ ਤੇ ਚਾਰ ਲੋਕਲ ਸੜਕਾਂ ਪੈਂਦੀਆਂ ਹਨ ਅਤੇ ਇਸ ਉੱਪਰ ਇੱਕ ਵਹੀਕਲ ਅੰਡਰ ਪਾਸ ਉਸਾਰੀ ਅਧੀਨ ਹੈ ਜਿਸ ਤੇ ਮਨਜ਼ੂਰਸ਼ੁਦਾ ਪ੍ਰੋਜੈਕਟ ਰਿਪੋਰਟ ਅਨੁਸਾਰ ਲਾਈਟਾਂ ਲਗਾ ਦਿੱਤੀਆਂ ਜਾਣਗੀਆਂ। ਬਾਕੀ ਦੇ ਬਚਦੇ ਬਾਈਪਾਸ ਤੇ ਲਾਈਟਾਂ ਲਗਾਉਣ ਦੀ ਕੋਈ ਵਿਵਸਥਾ ਨਹੀਂ ਹੈ। ਮਨਜ਼ੂਰਸ਼ੁਦਾ ਪ੍ਰੋਜੈਕਟ ਰਿਪੋਰਟ ਕਿਸੇ ਤਰ੍ਹਾਂ ਦੀ ਸੇਫਟੀ ਦੀਵਾਰ ਬਣਾਏ ਜਾਣ ਦੀ ਕੋਈ ਤਜਵੀਜ਼ ਨਹੀਂ ਹੈ।

------

## ਪਿੰਡ ਬੱਧਨੀ ਕਲਾਂ ਵਿਖੇ ਸੜਕ ਬਣਾਉਣ ਬਾਰੇ

***2053 (ਸੀ.ਯੂ.). ਸਰਦਾਰ ਮਨਜੀਤ ਸਿੰਘ ਬਿਲਾਸਪੁਰ:** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਬੱਧਨੀ ਕਲਾਂ, ਜ਼ਿਲ੍ਹਾ ਮੋਗਾ ਦੇ ਵਾਰਡ ਨੰਬਰ-1 ਵਿੱਚ ਸੜਕ ਬਣਾਉਣ ਦਾ ਕੰਮ ਅਧੂਰਾ ਪਿਆ ਹੈ; ਜੇਕਰ ਅਜਿਹਾ ਹੈ ਤਾਂ ਇਹ ਸੜਕ ਕਦੋਂ ਤੱਕ ਬਣਾਏ ਜਾਣ ਦੀ ਸੰਭਾਵਨਾ ਹੈ?

**ਸਰਦਾਰ ਨਵਜੋਤ ਸਿੰਘ ਸਿੱਧੂ:** ਹਾਂ ਜੀ। ਕੰਮ ਦੇ ਟੈਂਡਰ ਲਗਾਏ ਜਾ ਚੁੱਕੇ ਹਨ। ਮਿਤੀ 13-03-2019 ਨੂੰ ਟੈਂਡਰ ਖੁੱਲ੍ਹਣ ਉਪਰੰਤ ਕੰਮ ਕਰਵਾ ਦਿੱਤਾ ਜਾਵੇਗਾ।

------

## ਕੱਚੇ ਰਸਤੇ ਨੂੰ ਪੱਕਾ ਕਰਨ ਬਾਰੇ

***2055 (ਸੀ.ਯੂ.). ਸਰਦਾਰ ਮਨਜੀਤ ਸਿੰਘ ਬਿਲਾਸਪੁਰ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਬਿਲਾਸਪੁਰ ਵਿੱਚ ਧੱਕਾ ਬਸਤੀ ਟੈਲੀਫੋਨ ਐਕਸਚੇਂਜ ਤੋਂ ਰਾਮਾ ਰੋਡ ਨਾਲ ਸੂਏ ਦੇ ਨਾਲ ਨਾਲ ਲਗਭਗ 2 ਕਿਲੋਮੀਟਰ ਦਾ ਰਸਤਾ ਕੱਚਾ ਹੈ; ਜੇਕਰ ਅਜਿਹਾ ਹੈ ਤਾਂ ਉਸ ਨੂੰ ਕਦੋਂ ਤੱਕ ਪੱਕਾ ਕੀਤੇ ਜਾਣ ਦੀ ਸੰਭਾਵਨਾ ਹੈ?

**ਕੈਪਟਨ ਅਮਰਿੰਦਰ ਸਿੰਘ:** ਹਾਂ ਜੀ। ਹਾਲ ਦੀ ਘੜੀ ਇਸ ਕੱਚੇ ਰਸਤੇ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

------

## ਮੱਖੂ ਸ਼ਹਿਰ ਵਾਲਾ ਫਲਾਈ ਓਵਰ ਬਣਾਉਣਾ

***2056 (ਸੀ.ਯੂ.). ਸਰਦਾਰ ਕੁਲਬੀਰ ਸਿੰਘ ਜੀਰਾ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਬਠਿੰਡਾ ਅੰਮ੍ਰਿਤਸਰ ਸੜਕ ਤੇ ਪੈਂਦੇ ਮੱਖੂ ਸ਼ਹਿਰ ਵਾਲਾ ਫਲਾਈ ਓਵਰ ਅਜੇ ਅਧੂਰਾ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਫਲਾਈ ਓਵਰ ਕਦੋਂ ਤੱਕ ਬਣਾ ਦਿੱਤਾ ਜਾਵੇਗਾ;

(ਅ) ਫਲਾਈ ਓਵਰ ਦੀ ਉਸਾਰੀ ਮੁਕੰਮਲ ਹੋਣ ਤੋਂ ਪਹਿਲਾਂ ਹੀ ਇਸ ਸੜਕ ਤੇ ਟੋਲ ਟੈਕਸ ਲਏ ਜਾਣ ਦੇ ਕੀ ਕਾਰਨ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ:** ਸ਼੍ਰੀਮਾਨ ਜੀ, (ੳ) ਹਾਂ ਜੀ। ਬਠਿੰਡਾ-ਅੰਮ੍ਰਿਤਸਰ ਸੜਕ ਤੇ ਪੈਂਦੇ ਮੁੱਖ ਸ਼ਹਿਰ ਵਾਲਾ ਫਲਾਈ ਓਵਰ ਅਜੇ ਅਧੂਰਾ ਪਿਆ ਹੈ। ਇਸ ਅਧੂਰੇ ਕੰਮ ਨੂੰ ਮੁਕੰਮਲ ਕਰਨ ਲਈ ਕੇਸ ਭਾਰਤ ਸਰਕਾਰ ਦੇ ਸੜਕੀ ਆਵਾਜਾਈ ਅਤੇ ਪਰਿਵਾਹਨ ਮੰਤਰਾਲੇ, ਨਵੀਂ ਦਿੱਲੀ ਨੂੰ ਪ੍ਰਵਾਨਗੀ ਹਿੱਤ ਭੇਜਿਆ ਹੋਇਆ ਹੈ। ਪ੍ਰਵਾਨਗੀ ਪ੍ਰਾਪਤ ਹੋਣ ਤੇ ਫਲਾਈ ਓਵਰ ਦੇ ਕੰਮ ਨੂੰ ਮੁਕੰਮਲ ਕਰ ਦਿੱਤਾ ਜਾਵੇਗਾ।

------

## ਮੱਖੂ ਸ਼ਹਿਰ ਵਿੱਚੋਂ ਲੰਘਦੀ ਡਰੇਨ ਨੂੰ ਪੱਕਾ ਕਰਨਾ

***2057 (ਸੀ.ਯੂ.). ਸਰਦਾਰ ਕੁਲਬੀਰ ਸਿੰਘ ਜੀਰਾ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮੱਖੂ ਸ਼ਹਿਰ ਵਿੱਚ ਦੀ ਲੰਘਦੀ ਡਰੇਨ ਨੂੰ ਪੱਕਾ ਕਰਨ ਅਤੇ ਸ਼ਹਿਰ ਦੇ ਅੰਦਰ ਉੱਪਰੋਂ ਕਵਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਹਾਂ ਜੀ। ਮੱਖੂ ਸ਼ਹਿਰ ਵਿੱਚ ਦੀ ਲੰਘਦੀ ਮੱਖੂ ਡਰੇਨ ਨੂੰ ਪੱਕਾ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਪਰੰਤੂ ਇਸ ਨੂੰ ਕਵਰ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਪ੍ਰੋਜੈਕਟ ਦੀ ਮਨਜ਼ੂਰੀ ਅਤੇ ਲੋੜੀਂਦੇ ਫੰਡਜ਼ ਮਿਲਣ ਉਪਰੰਤ ਇਹ ਕੰਮ ਮੌਕੇ ਤੇ ਕਰਵਾ ਦਿੱਤਾ ਜਾਵੇਗਾ।

------

## ਕੀਮੇ ਵਾਲੀ ਅਤੇ ਜੱਟਾਂ ਵਾਲੀ ਵਿਖੇ ਪੁਲ ਬਣਾਉਣਾ

***2058 (ਸੀ.ਯੂ.). ਸਰਦਾਰ ਕੁਲਬੀਰ ਸਿੰਘ ਜੀਰਾ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਜੀਰਾ ਵਿੱਚ ਰਾਜਸਥਾਨ ਫੀਡਰ ਨਹਿਰ ਤੇ ਕੀਮੇ ਵਾਲੀ ਅਤੇ ਜੱਟਾਂ ਵਾਲੀ ਵਿਖੇ ਬਣੇ ਪੁਲ ਕਿਸ ਸਾਲ ਰੁੜ੍ਹ ਗਏ ਸੀ ਅਤੇ ਇਹ ਪੁਲ ਦੁਬਾਰਾ ਕਦੋਂ ਤੱਕ ਬਣਾ ਦਿੱਤੇ ਜਾਣਗੇ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਰਾਜਸਥਾਨ ਫੀਡਰ ਨਹਿਰ ਦੀ ਬੁਰਜੀ 31765 (ਪਿੰਡ ਜੱਟਾਂਵਾਲੀ) ਅਤੇ ਬੁਰਜੀ 37643 (ਪਿੰਡ ਕੀਮੇਵਾਲੀ) ਤੇ ਬਣੇ ਪੁਲ ਸਾਲ 2015 ਵਿੱਚ ਰੁੜ ਗਏ ਸਨ।

ਇਨ੍ਹਾਂ ਪੁਲਾਂ ਦੀ ਮੁੜ ਉਸਾਰੀ ਲਈ ਰਾਜਸਥਾਨ ਸਰਕਾਰ ਤੋਂ 9.27 ਕਰੋੜ ਰੁਪਏ ਦੀ ਮੰਗ ਕੀਤੀ ਗਈ ਹੈ। ਫੰਡ ਪ੍ਰਾਪਤ ਹੁੰਦੇ ਹੀ ਇਨ੍ਹਾਂ ਪੁਲਾਂ ਦੀ ਮੁੜ ਉਸਾਰੀ ਕਰ ਦਿੱਤੀ ਜਾਵੇਗੀ।

------

## ਮੱਖੂ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਬੱਸ ਅੱਡਾ ਬਣਾਉਣਾ

***2060 (ਸੀ.ਯੂ.). ਸਰਦਾਰ ਕੁਲਬੀਰ ਸਿੰਘ ਜੀਰਾ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਮੱਖੂ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਬੱਸ ਅੱਡਾ ਬਣਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

**ਸ਼੍ਰੀ ਬ੍ਰਹਮ ਮਹਿੰਦਰਾ:** ਹਾਂ ਜੀ। ਨਗਰ ਪੰਚਾਇਤ, ਮੱਖੂ ਵੱਲੋਂ ਮਤਾ ਨੰ: 74(2)(ੳ) ਤੇ (ਅ) ਮਿਤੀ 7.2.2019 ਰਾਹੀਂ ਬੱਸ ਸਟੈਂਡ ਬਣਾਉਣ ਅਤੇ ਜਗ੍ਹਾ ਖਰੀਦ ਕਰਨ ਲਈ ਮਤਾ ਪ੍ਰਵਾਨ ਕੀਤਾ ਗਿਆ ਹੈ। ਨਗਰ ਪੰਚਾਇਤ, ਮੱਖੂ ਪਾਸ ਬੱਸ ਸਟੈਂਡ ਬਣਾਉਣ ਲਈ ਆਪਣੇ ਪੱਧਰ ਤੇ ਫੰਡ ਨਹੀਂ ਹੈ। ਬੱਸ ਸਟੈਂਡ ਬਣਾਉਣ/ ਰਸਤੇ ਵਾਲੀ ਜਗ੍ਹਾ ਖਰੀਦ ਕਰਨ ਤੇ ਅੰਦਾਜ਼ਨ ਖਰਚ 3 ਕਰੋੜ 90 ਲੱਖ ਆਉਣਾ ਹੈ। ਜਗ੍ਹਾ ਖਰੀਦ ਕਰਨ ਲਈ ਡੀ.ਸੀ./ ਕੁਲੈਕਟਰ ਰੇਟਾਂ ਅਨੁਸਾਰ ਜੋ ਤਜਵੀਜ਼/ ਪਰਪੋਜਲ ਬਣਾਈ ਜਾਵੇਗੀ ਉਹ ਪਰਪੋਜਲ ਫੰਡ ਲੈਣ ਲਈ ਵਿੱਤ ਵਿਭਾਗ, ਪੰਜਾਬ ਨੂੰ ਭੇਜ ਦਿੱਤੀ ਜਾਵੇ ਗੀ। ਫੰਡ ਮੁਹੱਈਆ ਹੋਣ ਉਪਰੰਤ ਜਲਦ ਹੀ ਬੱਸ ਸਟੈਂਡ ਬਣਾ ਦਿੱਤਾ ਜਾਵੇਗਾ।

------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2061 (ਸੀ.ਯੂ.)**

------

## ਇਸਤਰੀਆਂ/ਲੜਕੀਆਂ ਲਈ ਖੋਲ੍ਹੇ ਗਏ ਨਸ਼ਾ ਛੁਡਾਊ ਕੇਂਦਰਾਂ ਦਾ ਵੇਰਵਾ

***2062 (ਸੀ.ਯੂ.). ਸਰਦਾਰ ਕੁਲਬੀਰ ਸਿੰਘ ਜੀਰਾ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਜਨਵਰੀ, 2015 ਤੋਂ ਹੁਣ ਤੱਕ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਇਸਤਰੀਆਂ/ਲੜਕੀਆਂ ਲਈ ਕਿੰਨੇ ਨਸ਼ਾ ਛੁਡਾਊ ਕੇਂਦਰ ਖੋਲ੍ਹੇ ਗਏ ਹਨ; ਪੂਰੇ ਵੇਰਵੇ ਦੱਸੇ ਜਾਣ;

(ਅ) ਉਕਤ ਭਾਗ (ੳ) ਵਿੱਚ ਦਰਸਾਏ ਗਏ ਨਸ਼ਾ ਛੁਡਾਊ ਕੇਂਦਰਾਂ ਵਿੱਚ ਉਪਰੋਕਤ ਦੱਸੇ ਸਮੇਂ ਦੌਰਾਨ ਕਿੰਨੀਆਂ ਔਰਤਾਂ/ਲੜਕੀਆਂ ਇਲਾਜ ਲਈ ਆਈਆਂ/ ਦਾਖਲ ਹੋਈਆਂ?

**ਸ਼੍ਰੀ ਬ੍ਰਹਮ ਮਹਿੰਦਰਾ:** ਸ਼੍ਰੀਮਾਨ ਜੀ, (ੳ) ਜ਼ਿਲ੍ਹਾ ਕਪੂਰਥਲਾ ਵਿਖੇ ਖਾਸ ਕਰ ਇਸਤਰੀਆਂ ਲਈ ਨਵੀਂ ਕਿਰਨ ਨਸ਼ਾ ਛੁਡਾਊ ਕੇਂਦਰ 26 ਜੂਨ, 2017 ਨੂੰ ਸ਼ੁਰੂ ਕੀਤਾ ਗਿਆ।

(ਅ) ਉਕਤ ਨਸ਼ਾ ਛੁਡਾਊ ਕੇਂਦਰ ਵਿਖੇ ਹੁਣ ਤੱਕ 34 ਇਸਤਰੀਆਂ ਇਲਾਜ ਲਈ ਦਾਖਲ ਹੋ ਚੁੱਕੀਆਂ ਹਨ।

---

** For Starred Question No. 2061 (C.U.) and reply thereto, please see Appendix to Annexure to this Debates.

ਇਸ ਤੋਂ ਇਲਾਵਾ ਰਾਜ ਵਿੱਚ ਜ਼ਿਲ੍ਹਿਆਂ ਵਿੱਚ ਚੱਲ ਰਹੇ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਕੁੱਲ 217 ਇਸਤਰੀਆਂ ਵੱਲੋਂ ਓ.ਪੀ.ਡੀ. ਅਤੇ ਇਨਡੋਰ ਵਿੱਚ ਇਲਾਜ ਕਰਵਾਇਆ ਗਿਆ। ਜ਼ਿਲ੍ਹਾਵਾਰ ਸੂਚੀ ਅਨੁਲੱਗ-ੳ ਤੇ ਨੱਥੀ ਹੈ।

**ਅਨੁਲੱਗ-ੳ**

**ਸਰਕਾਰੀ ਡੀ-ਅਡਿਕਸ਼ਨ ਸੈਂਟਰਾਂ ਵਿੱਚ ਇਸਤਰੀਆਂ ਦੇ ਇਲਾਜ ਦੀ ਗਿਣਤੀ**

| **ਲੜੀ ਨੰ:** | **ਜ਼ਿਲ੍ਹਾ** | **ਸਰਕਾਰੀ ਡੀ-ਅਡਿਕਸ਼ਨ ਸੈਂਟਰ ਵਿੱਚ ਇਸਤਰੀਆਂ ਦੇ ਇਲਾਜ ਦੀ ਗਿਣਤੀ** | **ਵਿਸ਼ੇਸ਼ ਕਥਨ** |
|---|---|---|---|
| 1 | ਅੰਮ੍ਰਿਤਸਰ | | 35 ਇਸਤਰੀਆਂ ਵੱਲੋਂ ਪ੍ਰਾਈਵੇਟ ਕੇਂਦਰਾਂ ਵਿੱਚ ਇਲਾਜ ਕਰਵਾਇਆ ਗਿਆ। |
| 2 | ਬਰਨਾਲਾ | 0 | |
| 3 | ਬਠਿੰਡਾ | 57 | |
| 4 | ਫਰੀਦਕੋਟ | 7 | |
| 5 | ਫਤਿਹਗੜ੍ਹ ਸਾਹਿਬ | 5 | |
| 6 | ਫਾਜ਼ਿਲਕਾ | | |
| 7 | ਫਿਰੋਜ਼ਪੁਰ | 6 | |
| 8 | ਗੁਰਦਾਸਪੁਰ | 0 | |
| 9 | ਹੁਸ਼ਿਆਰਪੁਰ | 1 | |
| 10 | ਜਲੰਧਰ | | |
| 11 | ਕਪੂਰਥਲਾ | 34 | |
| 12 | ਲੁਧਿਆਣਾ | 25 | |
| 13 | ਮਾਨਸਾ | 3 | |
| 14 | ਮੋਗਾ | 6 | |
| 15 | ਮੁਕਤਸਰ ਸਾਹਿਬ | | |
| 16 | ਪਟਿਆਲਾ | ਓ.ਪੀ.ਡੀ. ਵਿੱਚ 45 ਅਤੇ ਆਈ.ਪੀ.ਡੀ. ਵਿੱਚ 9 | |
| 17 | ਪਠਾਨਕੋਟ | 9 | |
| 18 | ਰੋਪੜ | ਓ.ਪੀ.ਡੀ. ਵਿੱਚ 3 ਅਤੇ ਆਈ.ਪੀ.ਡੀ. ਵਿੱਚ 1 | |
| 19 | ਸੰਗਰੂਰ | 0 | |
| 20 | ਐਸ.ਏ.ਐਸ. ਨਗਰ | 10 | |
| 21 | ਐਸ.ਬੀ.ਐਸ.ਨਗਰ | 0 | |
| 22 | ਤਰਨਤਾਰਨ | ਓ.ਪੀ.ਡੀ. ਵਿੱਚ 20 | |
| | **ਕੁੱਲ ਜੋੜ** | **251** | |

------

## ਪੁਲਿਸ ਵਿਭਾਗ ਵਿੱਚ ਦਰਜਾ-3 ਮੁਲਾਜ਼ਮਾਂ ਲਈ ਜੀ.ਪੀ. ਫੰਡ ਕਢਵਾਉਣ ਦੀ ਪਾਲਿਸੀ

***2064 (ਸੀ.ਯੂ.). ਸਰਦਾਰ ਕੁਲਬੀਰ ਸਿੰਘ ਜੀਰਾ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੁਲਿਸ ਵਿਭਾਗ ਵਿਚ ਦਰਜਾ-3 ਮੁਲਾਜ਼ਮਾਂ ਨੂੰ ਆਪਣਾ ਜੀ.ਪੀ. ਫੰਡ ਕਢਵਾਉਣ ਸਬੰਧੀ ਕੀ ਪਾਲਿਸੀ ਹੈ;

(ਅ) ਬੇਨਤੀ ਪੱਤਰ ਪ੍ਰਾਪਤ ਹੋਣ ਦੀ ਮਿਤੀ ਤੋਂ ਜੀ.ਪੀ. ਫੰਡ ਦਾ ਕਿੰਨੇ ਸਮੇਂ ਵਿੱਚ ਭੁਗਤਾਨ ਕਰ ਦਿੱਤਾ ਜਾਂਦਾ ਹੈ?

**ਕੈਪਟਨ ਅਮਰਿੰਦਰ ਸਿੰਘ:** (ੳ) ਮੁਲਾਜ਼ਮਾਂ ਨੂੰ ਜੀ.ਪੀ. ਫੰਡ ਕਢਵਾਉਣ ਲਈ ਸਰਕਾਰ ਦੀ ਨੀਤੀ ਸਬੰਧੀ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ ਭਾਗ-2 ਵਿਚ ਵਿਸਥਾਰਪੂਰਵਕ ਦੱਸਿਆ ਗਿਆ ਹੈ। ਇਸ ਨੀਤੀ ਦੀਆਂ ਵਿਸ਼ੇਸ਼ਤਾਵਾਂ ਅਨੁਲੱਗ ਵਿੱਚ ਦਿੱਤੀਆਂ ਗਈਆਂ ਹਨ।

(ਅ) ਜੀ.ਪੀ. ਫੰਡ ਕਢਵਾਉਣ ਲਈ ਬੇਨਤੀ ਪੱਤਰ ਪ੍ਰਾਪਤ ਹੋਣ ਦੀ ਮਿਤੀ ਤੋਂ ਆਮ ਤੌਰ ਤੇ ਇੱਕ ਹਫਤੇ ਦੇ ਅੰਦਰ-ਅੰਦਰ ਮਨਜ਼ੂਰ ਕਰ ਦਿੱਤਾ ਜਾਂਦਾ ਹੈ।

**Annexure-II**

**List of the District level officers**

1. SSP/Amritsar
2. SSP/Batala
3. SSP/Bathinda
4. SSP/Faridkot
5. SSP/Fatehgarh Sahib
6. SSP/Ferozepur
7. SSP/Gurdaspur
8. SSP/Hoshiarpur

9. SSP/Jalandhar
10. SSP/Kapurthala
11. SSP/Khanna
12. SSP/Ludhiana
13. SSP/Majitha
14. SSP/Mansa
15. SSP/ Moga
16. SSP/Mukatsar
17. SSP/Nawan Shahar
18. SSP/Patiala
19. SSP/Ropar
20. SSP/Jagraon
21. SSP/Tarn Taran
22. SSP/Barnala
23. Commandant, 7th Bnl, PAP, Jalandhar Cantt.
24. Commandant, 9th Bn. PAP, Amritsar
25. Commandant, 13th Bn., PAP, Chandigarh
26. Commandant, 27th Bn. PAP, Jalandhar Cantt.
27. Commandant, 36th Bn., PAP, Bahadurgarh, Patiala
28. Commandant, 75th Bn., PAP, Jalandhar Cantt.
29. Commandant, 80th Bn., PAP, Jalanadhar Cantt
30. Commandant, 82nd Bn. PAP, Chandigarh
31. Commandant, 1st Commando Bn., Bahadurgarh, Patiala

[Chief Minister]

32. Commandant 2nd Commando Bn., SAS Nagar, Mohali
33. Commandant, 3rd Commando Bn., SAS Nagar, Mohali
34. Commandant, 4th Commando Bn., Bahadurgarh, Patiala
35. Commandant, 5th Commando Bn. Bahadurgarh, Patiala
36. Commandant, 1st IRB, Patiala
37. Commandant, 2nd IRB, Ladda Kothi, Sangrur
38. Commandant, 3rd IRB, Ludhiana
39. Commandant, 4th IRB, Jalandhar Cantt.
40. Commandant, 5th IRB, Amritsar
41. SP/Wireless, Punjab, Chandigarh
42. SP/Finger Print Bureau, Phillaur.

------

**ਆਂਗਣਵਾੜੀ ਵਰਕਰਾਂ ਦਾ ਮਾਣ-ਭੱਤਾ ਵਧਾਉਣਾ**

***2066 (ਸੀ.ਯੂ.). ਸਰਦਾਰ ਕੁਲਬੀਰ ਸਿੰਘ ਜੀਰਾ:** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਆਂਗਣਵਾੜੀ ਵਰਕਰਾਂ ਦਾ ਮਾਣ ਭੱਤਾ ਵਧਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਰੱਖਦੀ ਹੈ ਤਾਂ ਇਹ ਕਦੋਂ ਤੱਕ ਵਧਾ ਦਿੱਤਾ ਜਾਵੇਗਾ?

**ਸ਼੍ਰੀਮਤੀ ਅਰੁਨਾ ਚੌਧਰੀ :** ਹਾਂ ਜੀ, ਆਂਗਣਵਾੜੀ ਵਰਕਰ, ਮਿੰਨੀ ਆਂਗਣਵਾੜੀ ਵਰਕਰ ਅਤੇ ਆਂਗਣਵਾੜੀ ਹੈਲਪਰ ਦੇ ਮਾਣ ਭੱਤੇ ਵਿੱਚ ਕ੍ਰਮਵਾਰ ਰੁਪਏ 1000/-, 500/- ਅਤੇ 500/- ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਾਧੇ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ, ਇਹ ਵਾਧਾ ਮਿਤੀ 1.4.2019 ਤੋਂ ਲਾਗੂ ਹੋਵੇਗਾ।

------

## ਟੈਨਰੀ ਯੂਨਿਟ ਦੀ ਸਥਾਪਨਾ ਲਈ ਪਲਾਟ ਅਲਾਟ ਕਰਨ ਸਬੰਧੀ

***2068 (ਸੀ.ਯੂ.). ਸ਼੍ਰੀ ਪਵਨ ਕੁਮਾਰ ਟੀਨੂ:** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਟੈਨਰੀ ਯੂਨਿਟ ਦੀ ਸਥਾਪਨਾ ਲਈ ਪਲਾਟ ਅਲਾਟ ਕਰਨ ਲਈ ਉਸ ਨੂੰ ਓਪਨ ਟ੍ਰੇਨ ਨਾਲ ਐਫਲੂਐਂਟ ਪਾਣੀ ਦਾ ਨਿਕਾਸ ਕਰਨ ਲਈ ਜੁੜਿਆ ਹੋਣਾ ਮੁਢਲੀ ਜ਼ਰੂਰਤਾਂ ਵਿੱਚੋਂ ਇਕ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਏ ਤਾਂ ਕੀ ਇਸ ਸੂਰਤ ਦੇ ਹੁੰਦੇ ਹੋਏ ਵੀ ਸ਼੍ਰੀ ਈਸ਼ਵਰ ਚੰਦਰ ਮੇਹਅ ਪੁੱਤਰ ਸਵ: ਸ਼੍ਰੀ ਰਾਮ ਚਰਨ ਮਹੇਅ ਨੂੰ 500 ਵ:ਗ: ਦਾ ਇੱਕ ਪਲਾਟ, ਬੂਟਾ ਮੰਡੀ, ਜਲੰਧਰ ਵਿੱਚ 120 ਨੰਬਰ ਦੇ ਵੱਡੇ ਪਲਾਟ ਵਿੱਚੋਂ ਦਿੱਤੇ ਜਾਣ ਦੀ ਕੋਈ ਤਜਵੀਜ਼ ਹੈ ਜਿਸ ਦੇ ਨੇੜੇ ਇੱਕ ਮੰਦਰ ਹੈ ਅਤੇ ਇਹ ਓਪਨ ਡ੍ਰੇਨ ਨਾਲ ਵੀ ਨਹੀਂ ਜੁੜਿਆ ਹੋਇਆ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਵੀ ਹਾਂ ਵਿੱਚ ਹੋਵੇ ਤਾਂ ਪੰਜਾਬ ਸਮਾਲ ਇੰਡਸਟ੍ਰੀਜ਼ ਅਤੇ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ ਵੱਲੋਂ ਉਪਰੋਕਤ ਪ੍ਰਾਰਥੀ ਨੂੰ ਇਹ ਪਲਾਟ ਕਦੋਂ ਤੱਕ ਅਲਾਟ ਕਰ ਦਿੱਤਾ ਜਾਵੇਗਾ?

**ਸ਼੍ਰੀ ਸੁੰਦਰ ਸ਼ਾਮ ਅਰੋੜਾ:** (ੳ) ਹਾਂ ਜੀ।

(ਅ) ਉਦਯੋਗਿਕ ਪਲਾਟ ਨੰ: 120, ਰਕਬਾ 500 ਵ:ਗ: ਲੈਦਰ ਕੰਪਲੈਕਸ, ਜਲੰਧਰ ਵਿਖੇ ਪੰਜਾਬ ਸਮਾਲ ਇੰਡਸਟ੍ਰੀਜ਼ ਅਤੇ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਵੱਲੋਂ ਸ਼੍ਰੀ ਈਸ਼ਵਰ ਚੰਦਰ ਮਹੇਅ ਪੁੱਤਰ ਸਵ: ਸ਼੍ਰੀ ਰਾਮ ਚਰਨ ਮਹੇਅ ਨੂੰ ਮਿਤੀ 16.05.2017 ਨੂੰ ਵੈਜੀਟੇਬਲ ਟੈਨਿੰਗ ਅਤੇ ਕ੍ਰੋਮ ਟੈਨਿੰਗ ਦਾ ਯੂਨਿਟ ਸਥਾਪਿਤ ਕਰਨ ਲਈ ਅਲਾਟ ਕੀਤਾ ਗਿਆ ਹੈ। ਪਲਾਟ ਨੰ: 120 ਦੇ ਪਿਛਲੇ ਪਾਸੇ ਮੰਦਰ ਸਥਿਤ ਹੈ ਅਤੇ ਇਸ ਪਲਾਟ ਨੂੰ ਓਪਨ ਡ੍ਰੇਨ ਨਾਲ ਜੋੜਨ ਦੀ ਕੋਸ਼ਿਸ਼ ਜਾਰੀ ਹੈ।

(ੲ) ਪੰਜਾਬ ਸਮਾਲ ਇੰਡਸਟ੍ਰੀਜ ਅਤੇ ਐਕਸਪੋਰਟ ਕਾਰਪੋਰੇਸ਼ਨ ਲਿਮ: ਵੱਲੋਂ ਇਹ ਪਲਾਟ ਮਿਤੀ 16.5.2017 ਨੂੰ ਸ਼੍ਰੀ ਈਸ਼ਵਰ ਚੰਦਰ ਨੂੰ ਅਲਾਟ ਕਰ ਦਿੱਤਾ ਗਿਆ ਹੈ।

------

## ਬੱਸਾਂ ਦੀ ਸਪੀਡ ਕੰਟਰੋਲ ਕਰਨਾ

***2071 (ਸੀ.ਯੂ.). ਸਰਦਾਰ ਗੁਰਕੀਰਤ ਸਿੰਘ ਕੋਟਲੀ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬੱਸਾਂ ਦੀ ਓਵਰਸਪੀਡ ਕਾਰਨ ਵਾਪਰਦੇ ਹਾਦਸਿਆਂ ਨੂੰ ਰੋਕਣ ਲਈ ਸਰਕਾਰ ਬੱਸਾਂ ਦੀ ਸਪੀਡ ਕੰਟਰੋਲ ਕਰਨ ਸਬੰਧੀ ਕੋਈ ਵਿਚਾਰ ਕਰ ਰਹੀ ਹੈ; ਜੇਕਰ ਕਰ ਰਹੀ ਹੈ ਤਾਂ ਇਸ ਦਾ ਪੂਰਾ ਵੇਰਵਾ ਦਿੱਤਾ ਜਾਵੇ?

**ਸ਼੍ਰੀਮਤੀ ਅਰੁਨਾ ਚੌਧਰੀ:** ਹਾਂ ਜੀ। ਸਵਾਰੀਆਂ ਢੋਣ ਵਾਲੀਆਂ ਬੱਸਾਂ ਦੀ ਵੱਧ ਤੋਂ ਵੱਧ ਸਪੀਡ ਨਿਸ਼ਚਿਤ ਕਰਨ ਤੋਂ ਇਲਾਵਾ ਇਨ੍ਹਾਂ ਬੱਸਾਂ ਵਿੱਚ ਸਪੀਡ ਗਵਰਨਰ ਲਗਾਉਣਾ ਵੀ ਜ਼ਰੂਰੀ ਕੀਤਾ ਗਿਆ ਹੈ?

------

## ਐਕਸਾਈਜ਼ ਡਿਊਟੀ ਤੋਂ ਇਕੱਠੀ ਹੋਈ ਰਕਮ ਦਾ ਵੇਰਵਾ

***2072 (ਸੀ.ਯੂ.): ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ 2016-2017, 2017-2018 ਅਤੇ 2018-2019 ਹੁਣ ਤੱਕ ਦੌਰਾਨ ਰਾਜ ਸਰਕਾਰ ਨੂੰ ਐਕਸਾਈਜ਼ ਡਿਊਟੀ ਤੋਂ ਕਿੰਨੀ ਰਕਮ ਇਕੱਠੀ ਹੋਈ ਹੈ ਅਤੇ ਕੀ ਇਹ ਰਕਮ ਇਨ੍ਹਾਂ ਸਾਲਾਂ ਦੇ ਬਜਟ ਅਨੁਮਾਨਾਂ ਅਨੁਸਾਰ ਹੈ ਜਾਂ ਇਸ ਤੋਂ ਘੱਟ ਹੈ?

**ਕੈਪਟਨ ਅਮਰਿੰਦਰ ਸਿੰਘ :** ਲੋੜੀਂਦੀ ਸੂਚਨਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਵਿੱਤੀ ਸਾਲ | ਬਜਟ ਅਨੁਮਾਨ | ਮਾਲੀਆ ਇਕੱਤਰ |
|---|---|---|---|
| 1 | 2016-2017 | 5440.35 | 4405.73 |
| 2 | 2017-2018 | 5422.06 | 5135.69 |
| 3 | 2018-2019 | 5462.00 | 5073.79 |

-----

## ਹਲਕਾ ਲਹਿਰਾ ਦੇ ਵੱਖ-ਵੱਖ ਸਕੂਲਾਂ ਵਿੱਚ ਅਧਿਆਪਕਾਂ ਅਤੇ ਕਲੈਰੀਕਲ ਸਟਾਫ ਦੀਆਂ ਅਸਾਮੀਆਂ ਦੀ ਗਿਣਤੀ

***2075 (ਸੀ.ਯੂ.). ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਲਹਿਰਾ (ਜ਼ਿਲ੍ਹਾ ਸੰਗਰੂਰ) ਦੇ ਵੱਖ ਵੱਖ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਅਤੇ ਕਲੈਰੀਕਲ ਸਟਾਫ ਦੀਆਂ ਕਿੰਨੀਆਂ ਕਿੰਨੀਆਂ ਮਨਜੂਰਸ਼ੁਦਾ ਅਸਾਮੀਆਂ ਹਨ ਅਤੇ ਇਸ ਵੇਲੇ ਇਨ੍ਹਾਂ ਵਿਚੋਂ ਕਿੰਨੀਆਂ

ਅਸਾਮੀਆਂ ਭਰੀਆਂ ਹੋਈਆਂ ਹਨ ਅਤੇ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ:** (ੳ) ਵਿਧਾਨ ਸਭਾ ਹਲਕਾ ਲਹਿਰਾ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਅਤੇ ਕਲੈਰੀਕਲ ਸਟਾਫ ਦੀਆਂ ਕੁੱਲ 1199 ਮਨਜੂਰਸ਼ੁਦਾ ਅਸਾਮੀਆਂ ਵਿੱਚੋਂ ਇਸ ਸਮੇਂ 369 ਅਸਾਮੀਆਂ ਖਾਲੀ ਹਨ।

(ਅ) ਇਹ ਖਾਲੀ ਅਸਾਮੀਆਂ ਸਿੱਧੀ ਭਰਤੀ, ਤਰੱਕੀਆਂ ਅਤੇ ਰੈਸ਼ਨੇਲਾਈਜੇਸ਼ਨ ਅਧੀਨ ਨੇੜੇ ਭਵਿੱਖ ਵਿੱਚ ਭਰਨ ਦੇ ਉਪਰਾਲੇ ਕੀਤੇ ਜਾਣਗੇ। ਇਸ ਤੋਂ ਇਲਾਵਾ ਵਿਭਾਗ ਵੱਲੋਂ ਬਣਾਈ ਗਈ ਪਾਲਿਸੀ ਅਨੁਸਾਰ ਲੋੜਵੰਦ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਦੇਖਦੇ ਹੋਏ ਆਰਜ਼ੀ ਪ੍ਰਬੰਧ ਕੀਤੇ ਜਾਂਦੇ ਹਨ।

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2084 (ਸੀ.ਯੂ.)****

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2085 (ਸੀ.ਯੂ.)****

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2086. (ਸੀ.ਯੂ.)****

------

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2087. (ਸੀ.ਯੂ.)****

------

** ਸੀ.ਯੂ. ਪ੍ਰਸ਼ਨ ਨੰ: 2084, 2085, 2086, ਤੇ 2087 ਦੇ ਉੱਤਰ ਅਨੈਕਸਚਰ ਦੀ ਫਾਈਨਲ ਛਪਾਈ ਤੱਕ ਪ੍ਰਾਪਤ ਨਹੀਂ ਹੋਇਆ।

## ਸਾਬਕਾ ਫੌਜੀਆਂ ਨੂੰ ਸਟੇਟ ਹਾਈਵੇਜ਼ ਉਪਰ ਟੋਲ ਟੈਕਸ ਮੁਆਫ ਕਰਨਾ

***2088 (ਸੀ.ਯੂ.). ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸਾਬਕਾ ਫੌਜੀਆਂ ਨੂੰ ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ ਵੱਲੋਂ ਟੋਲ ਟੈਕਸ ਮੁਆਫ ਕੀਤਾ ਹੋਇਆ ਹੈ, ਪ੍ਰੰਤੂ ਸਟੇਟ ਹਾਈਵੇਅ ਰੋਡਜ਼ ਉੱਪਰ ਫੌਜੀਆਂ ਨੂੰ ਟੋਲ ਟੈਕਸ ਮੁਆਫ ਨਹੀਂ ਕੀਤਾ ਹੋਇਆ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਸਾਬਕਾ ਫੌਜੀਆਂ ਨੂੰ ਸਟੇਟ ਹਾਈਵੇਜ਼ ਉੱਪਰ ਟੋਲ ਟੈਕਸ ਮੁਆਫ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸ਼੍ਰੀ ਵਿਜੈ ਇੰਦਰ ਸਿੰਗਲਾ :** ਸ਼੍ਰੀਮਾਨ ਜੀ,

(ੳ) ਹਾਂ ਜੀ। ਸਾਬਕਾ ਫੌਜੀਆਂ ਨੂੰ ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ ਵੱਲੋਂ ਰਾਸ਼ਟਰੀ ਰਾਜ ਮਾਰਗਾਂ ਉੱਤੇ ਟੋਲ ਮੁਆਫ ਕੀਤਾ ਹੋਇਆ ਹੈ।

(ਅ) ਸਾਬਕਾ ਫੌਜੀਆਂ ਨੂੰ ਸਟੇਟ ਹਾਈਵੇਜ਼ ਉੱਪਰ ਟੋਲ ਟੈਕਸ ਮੁਆਫ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਪੰਜਾਬ ਸਰਕਾਰ ਦੀ ਟੋਲ ਪਾਲਿਸੀ ਮਿਤੀ 16-07-2004 ਅਤੇ ਮਿਤੀ 05-09-2013 ਅਤੇ ਸਰਕਾਰ ਵੱਲੋਂ ਵੱਖੋ ਵੱਖ ਕੰਨਸੈਸ਼ਨੀਅਰਜ਼ ਨਾਲ ਕੀਤੇ ਗਏ ਇਕਰਾਰਨਾਮਿਆਂ ਮੁਤਾਬਿਕ ਸਾਬਕਾ ਫੌਜੀਆਂ ਨੂੰ ਸਟੇਟ ਹਾਈਵੇ ਰੋਡਜ਼ ਉੱਪਰ ਟੋਲ ਤੋਂ ਛੋਟ ਦੇਣ ਦਾ ਕੋਈ ਉਪਬੰਧ ਨਹੀਂ ਹੈ।

------

## ਲੱਲੂਆਣਾ ਰੋਡ, ਮਾਨਸਾ ਉਪਰ ਪਾਏ ਤਕਨੀਕੀ ਤੌਰ ਤੇ ਗਲਤ ਸੀਵਰ ਨੂੰ ਠੀਕ ਕਰਨਾ

***2089 (ਸੀ.ਯੂ.). ਸਰਦਾਰ ਨਾਜਰ ਸਿੰਘ ਮਾਨਸ਼ਾਹੀਆ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਲੱਲੂਆਣਾ ਰੋਡ (ਕੁਰੜ ਦਾ ਟਿੱਬਾ) 33 ਫੁੱਟ ਰੋਡ, ਮਾਨਸਾ ਉਪਰ ਪਾਇਆ ਗਿਆ ਸੀਵਰ ਤਕਨੀਕੀ ਤੌਰ ਤੇ ਗਲਤ ਹੈ; ਜਿਸ

ਕਰਕੇ ਮੇਨਹੋਲ ਵਿਚੋਂ ਓਵਰਫਲੋਅ ਹੋਣ ਕਰਕੇ ਖਾਲੀ ਪਏ ਨਾਲ ਦੇ ਪਲਾਟ ਪੂਰੀ ਤਰ੍ਹਾਂ ਪਾਣੀ ਨਾਲ ਭਰ ਜਾਂਦੇ ਹਨ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਇਸ ਸੀਵਰ ਨੂੰ ਠੀਕ ਕਰਨ ਦੀ ਸਰਕਾਰ ਦੀ ਕੀ ਤਜਵੀਜ਼ ਹੈ?

**ਸ਼੍ਰੀ ਬ੍ਰਹਮ ਮਹਿੰਦਰਾ :** (ੳ) ਹਾਂ ਜੀ, ਇਹ ਠੀਕ ਹੈ ਕਿ ਲੱਲੂਆਣਾ ਰੋਡ ਕੁਰੜ ਦਾ ਟਿੱਬਾ 33 ਫੁੱਟ ਰੋਡ, ਮਾਨਸਾ ਉਪਰ ਪਾਇਆ ਗਿਆ ਸੀਵਰ ਠੀਕ ਨਹੀਂ ਚੱਲ ਰਿਹਾ ਹੈ।

(ਅ) ਇਸ ਸੀਵਰ ਨੂੰ ਰੀਹੈਬਲੀਟੇਸ਼ਨ ਕਰਨ ਲਈ 82.64 ਲੱਖ ਰੁਪਏ ਦਾ ਤਖਮੀਨਾ ਪ੍ਰਵਾਨ ਹੋ ਚੁੱਕਾ ਹੈ, ਇਹ ਕੰਮ ਅਲਾਟ ਹੋ ਚੁੱਕਾ ਹੈ ਅਤੇ ਪ੍ਰਗਤੀ ਅਧੀਨ ਹੈ। ਇਹ ਕੰਮ ਮਈ, 2021 ਤੱਕ ਮੁਕੰਮਲ ਹੋ ਜਾਵੇਗਾ।

------

## ਪਿੰਡ ਮੁੱਲਾਂਪੁਰ ਗਰੀਬਦਾਸ ਵਿਖੇ ਪਿੰਡ ਦੀ ਫਿਰਨੀ ਨੂੰ ਪੱਕਾ ਕਰਨਾ

***2091 (ਸੀ.ਯੂ.) : ਸਰਦਾਰ ਕੰਵਰ ਸੰਧੂ :** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਪਿੰਡ ਮੁੱਲਾਂਪੁਰ ਗਰੀਬਦਾਸ, ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ ਪਿੰਡ ਦੀ ਬਾਹਰ-ਵਾਰ ਮੇਨ ਫਿਰਨੀ ਦੀ ਹਾਲਤ ਬਹੁਤ ਖਸਤਾ ਹੈ ਜਿਸ ਕਾਰਨ ਲੋਕਾਂ ਦੀਆਂ ਨਾਲੀਆਂ ਦਾ ਪਾਣੀ ਫਿਰਨੀ ਉੱਤੇ ਹੀ ਖੜ੍ਹਾ ਰਹਿੰਦਾ ਹੈ; ਜੇਕਰ ਅਜਿਹਾ ਹੈ ਤਾਂ ਇਸ ਫਿਰਨੀ ਨੂੰ ਪੱਕਾ ਕਰਕੇ ਕਦੋਂ ਤੱਕ ਬਣਾਏ ਜਾਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

(ਅ) ਕੀ ਇਹ ਠੀਕ ਹੈ ਕੀ ਪਿੰਡ ਦੇ ਮੁੱਖ ਤਲਾਬ ਦਾ ਪਾਣੀ ਬਰਸਾਤਾਂ ਦੇ ਦਿਨਾਂ ਵਿਚ ਓਵਰਫਲੋਅ ਹੋਣ ਕਾਰਨ ਅਕਸਰ ਨੇੜੇ ਰਹਿੰਦੇ ਲੋਕਾਂ ਦੇ ਘਰਾਂ ਵਿੱਚ ਵੜ ਜਾਂਦਾ ਹੈ ਜਿਸ ਨਾਲ ਬਹੁਤ ਗੰਦਗੀ ਫੈਲਦੀ ਹੈ ਤੇ ਭਿਆਨਕ ਬਿਮਾਰੀਆਂ ਫੈਲਣ ਦਾ ਵੀ ਡਰ ਬਣਿਆ ਰਹਿੰਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਤਲਾਬ ਦੇ ਕਿਨਾਰਿਆਂ ਨੂੰ ਪੱਕਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸ਼੍ਰੀਮਾਨ ਜੀ,

(ੳ) ਹਾਂ ਜੀ, ਇਹ ਠੀਕ ਹੈ, ਪ੍ਰੰਤੂ ਇਹ ਕੰਮ ਪੀ.ਡਬਲਿਊ.ਡੀ. ਮਹਿਕਮੇ ਵੱਲੋਂ ਕੀਤਾ ਜਾ ਰਿਹਾ ਹੈ।

(ਅ) ਨਹੀਂ ਜੀ, ਇਸ ਛੱਪੜ ਦੇ ਬਰਸਾਤੀ ਓਵਰਫਲੋਅ ਪਾਣੀ ਦੀ ਸਾਲ 2013-14 ਵਿੱਚ ਅੰਡਰ ਗਰਾਉਂਡ ਪਾਈਪਾਂ ਰਾਹੀਂ ਨਿਕਾਸੀ ਕਰ ਦਿੱਤੀ ਗਈ ਸੀ। ਜੇਕਰ ਕਦੇ ਓਵਰਫਲੋਅ ਪਾਣੀ ਦੀ ਸਮੱਸਿਆ ਆਵੇਗੀ ਤਾਂ ਇਸ ਨੂੰ ਪੰਚਾਇਤ ਫੰਡ ਜਾਂ 14ਵੇਂ ਵਿੱਤ ਕਮਿਸ਼ਨ ਅਤੇ ਮਗਨਰੇਗਾ ਸਕੀਮ ਅਧੀਨ ਐਸਟੀਮੇਟ ਲਗਵਾ ਕੇ ਹੱਲ ਕਰ ਦਿੱਤਾ ਜਾਵੇਗਾ।

------

## ਵਰਲਡ ਇਕਨਾਮਿਕ ਫੋਰਮ ਵਿੱਚ ਹਿੱਸਾ ਲੈਣ ਵਾਲੀ ਰਾਜ ਸਰਕਾਰ ਦੀ ਟੀਮ ਤੇ ਹੋਏ ਕੁੱਲ ਖਰਚ ਬਾਰੇ

***2092 (ਸੀ.ਯੂ.) ਸਰਦਾਰ ਕੰਵਰ ਸੰਧੂ :** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਸਰਕਾਰ ਦੁਆਰਾ ਇਸ ਸਾਲ ਵਰਲਡ ਇਕਨਾਮਿਕ ਫੋਰਮ, ਡਵੋਸ ਵਿਚ ਇਸ ਟੀਮ ਦੀ ਸ਼ਿਰਕਤ ਤੇ ਕੁੱਲ ਕਿੰਨਾ ਖਰਚਾ ਕੀਤਾ ਗਿਆ ਅਤੇ ਇਸ ਸਬੰਧ ਵਿੱਚ ਕੀਤੀਆਂ ਗਈਆਂ ਵੱਚਨਬੱਧਤਾਵਾਂ ਜਾਂ ਸੰਭਾਵੀ ਨਿਵੇਸ਼ਕਾਂ ਨਾਲ ਕੀਤੇ ਗਏ ਇਕਰਾਰਨਾਮਿਆਂ ਦੇ ਨਿਰੋਲ ਨਤੀਜੇ ਕੀ-ਕੀ ਹਨ;

(ਅ) ਪਿਛਲੇ ਦੋ ਸਾਲਾਂ ਦੌਰਾਨ ਪੰਜਾਬ ਵਿੱਚ ਸੰਭਾਵੀ ਨਿਵੇਸ਼ਕਾਂ ਦੁਆਰਾ ਕਿੰਨੀਆਂ ਨਵੀਆਂ ਵਚਨਬੱਧਤਾਵਾਂ ਕੀਤੀਆਂ ਗਈਆ ਅਤੇ ਉਨ੍ਹਾਂ ਵਿਚੋਂ ਕਿੰਨੀਆਂ ਜ਼ਮੀਨੀ ਪੱਧਰ ਤੇ ਨਿਵੇਸ਼ ਜਾਂ ਐਮ.ਓ.ਯੂ. ਵਿੱਚ ਤਬਦੀਲ ਹੋਈਆਂ;

(ੲ) ਸ਼੍ਰੋਮਣੀ ਅਕਾਲੀ ਦਲ-ਬੀ.ਜੇ.ਪੀ. ਸਰਕਾਰ ਦੇ ਪਿਛਲੇ 10 ਸਾਲਾਂ ਦੌਰਾਨ ਸੰਭਾਵੀ ਨਿਵੇਸ਼ਕਾਂ ਦੁਆਰਾ ਕੀਤੀਆਂ ਗਈਆਂ ਵਚਨਬੱਧਤਾਵਾਂ ਅਤੇ ਪੰਜਾਬ ਲਈ ਇਨ੍ਹਾਂ ਤੋਂ ਹੋਣ ਵਾਲੇ ਨਿਰੋਲ ਲਾਭ ਦੇ ਵੇਰਵੇ ਕੀ ਹਨ?

**ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ):** (ੳ), (ਅ), (ੲ) ਲੋੜੀਂਦੀ ਸੂਚਨਾ ਨਾਲ ਨੱਥੀ ਸਟੇਟਮੈਂਟ ਅਨੁਸਾਰ ਹੈ-

## ਸਟੇਟਮੈਂਟ

(ੳ) ਵਰਲਡ ਇਕਨਾਮਿਕ ਫੋਰਮ, ਡਵੋਸ ਦੌਰੇ ਦੌਰਾਨ 39,01,759/- ਰੁਪਏ (ਕੇਵਲ ਉਨਤਾਲੀ ਲੱਖ ਇੱਕ ਹਜ਼ਾਰ ਸੱਤ ਸੌ ਉਨਾਹਠ ਰੁਪਏ) ਦਾ ਖਰਚਾ ਹੋਇਆ ਹੈ। ਵਫਦ ਵੱਲੋਂ 40 ਬਿਜ਼ਨਸ ਲੀਡਰਾਂ ਜਨਤਕ ਹਸਤੀਆਂ ਨਾਲ ਸ਼ਹਿਰੀ ਯੋਜਨਾਬੰਦੀ, ਖੇਤੀ-ਨਿਰਯਾਤ, ਹਵਾਬਾਜ਼ੀ, ਕਲੀਨ ਮੋਬੀਲਿਟੀ (ਈ-ਵਹੀਕਲਜ)। ਆਈ.ਟੀ. ਅਤੇ ਆਈ.ਟੀ.ਈ.ਐਸ. ਦੇ ਖੇਤਰਾਂ ਵਿੱਚ ਵਨ-ਟੂ-ਵਨ ਮੀਟਿੰਗਾਂ ਵਿਚਾਰ ਵਟਾਂਦਰੇ ਕਰਕੇ ਸਹਿਯੋਗ ਦੇ ਮੌਕੇ ਤਲਾਸ਼ ਕੀਤੇ ਗਏ। ਵਿੱਤ ਮੰਤਰੀ ਜੀ ਵੱਲੋਂ 6 ਸੈਸ਼ਨਾਂ ਵਿੱਚ ਵੀ ਭਾਗ ਲਿਆ ਗਿਆ ਅਤੇ ਰਾਜ ਦੇ ਮਹੱਤਵਪੂਰਨ ਖੇਤਰਾਂ ਤੇ ਆਪਣੇ ਵਿਚਾਰ ਸਾਂਝੇ ਕੀਤੇ। ਇਨ੍ਹਾਂ ਮੀਟਿੰਗਾਂ ਲੀਡਜ਼ ਦੀ ਫਾਲੋ ਅੱਪ ਕਾਰਵਾਈ ਸ਼ੁਰੂ ਕੀਤੀ ਜਾ ਰਹੀ ਹੈ। ਇਨ੍ਹਾਂ ਮੀਟਿੰਗਾਂ ਦੇ ਫਾਲੋ ਅੱਪ ਕਾਰਵਾਈ ਦੇ ਸਿੱਟੇ ਵੱਜੋਂ ਸਿੰਗਾਪੁਰ ਸਰਕਾਰ (ਸੁਰਬਨਾਂ ਜੁਰੋਂਗ), ਸਪਾਈਸਜੈੱਟ, ਜੇ.ਬੀ.ਐਮ, ਲੁੱਲੂ ਅਤੇ ਡੀ.ਐਸ. ਗਰੁੱਪ ਆਦਿ ਨੇ ਸਹਿਯੋਗ ਲਈ ਦਿਲਚਸਪੀ ਦਿਖਾਈ। ਇਸ ਦੌਰੇ ਦੌਰਾਨ ਕੋਈ ਵੀ ਇਕਰਾਰਨਾਮਾ ਹਸਤਾਖਰ ਨਹੀਂ ਕੀਤਾ ਗਿਆ।

(ਅ) ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ 51,969 ਕਰੋੜ ਰੁਪਏ ਦੇ ਪ੍ਰਸਤਾਵਿਤ ਨਿਵੇਸ਼ ਦੇ 299 ਇਕਰਾਰਨਾਮੇ ਹਸਤਾਖਰ ਕੀਤੇ ਗਏ। ਜਨਵਰੀ, 2019 ਤੱਕ ਪੰਜਾਬ ਬਿਊਰੋ ਆਫ ਇਨਵੈਸਟਮੈਂਟ ਪ੍ਰੋਮੋਸ਼ਨ ਵਿਖੇ 350 ਪ੍ਰੋਜੈਕਟ ਅਰਜ਼ੀਆਂ ਪ੍ਰਾਪਤ ਹੋਈਆਂ, ਜਿਨ੍ਹਾਂ ਦਾ ਪ੍ਰਸਤਾਵਿਤ ਨਿਵੇਸ਼ 36,239 ਕਰੋੜ ਰੁਪਏ ਹੈ ਅਤੇ ਸੰਭਾਵੀ 1,25,174 ਵਿਅਕਤੀਆਂ ਦਾ ਪ੍ਰਸਤਾਵਿਤ ਰੋਜ਼ਗਾਰ ਹੈ।

(ੲ) ਸ਼੍ਰੋਮਣੀ ਅਕਾਲੀ ਦਲ-ਬੀ.ਜੇ.ਪੀ. ਸਰਕਾਰ ਦੇ ਸਮੇਂ ਦੌਰਾਨ 1,87,019 ਕਰੋੜ ਰੁਪਏ ਦੇ ਨਿਵੇਸ਼ ਦੇ 519 ਇਕਰਾਰਨਾਮੇ ਹਸਤਾਖਰ ਕੀਤੇ ਗਏ ਸਨ ਜਿਨ੍ਹਾਂ ਵਿਚੋਂ 52,845 ਕਰੋੜ ਰੁਪਏ ਦੇ ਪ੍ਰਸਤਾਵਿਤ ਨਿਵੇਸ਼ ਦੇ 130 ਇਕਰਾਰਨਾਮੇ ਤਬਦੀਲ ਹੋਏ। ਇਸ ਤੋਂ ਇਲਾਵਾ ਸਾਲ 2013-17 ਦੌਰਾਨ 18,354 ਕਰੋੜ ਰੁਪਏ ਦੇ ਪ੍ਰਸਤਾਵਿਤ ਨਿਵੇਸ਼ ਦੀਆਂ 352 ਪ੍ਰੋਜੈਕਟ ਅਰਜ਼ੀਆਂ ਪੰਜਾਬ ਬਿਊਰੋ ਆਫ ਇੰਵੈਸਟਮੈਂਟ ਪ੍ਰੋਮੋਸ਼ਨ ਵਿਖੇ ਪ੍ਰਾਪਤ ਹੋਈਆਂ। ਸਾਲ 2007-2013 ਦੌਰਾਨ 53,408 ਕਰੋੜ ਰੁਪਏ ਦੇ ਪ੍ਰਸਤਾਵਿਤ ਨਿਵੇਸ਼ ਦੇ 103 ਮੈਗਾ ਪ੍ਰੋਜੈਕਟ, ਉਦਯੋਗ ਤੇ ਕਮਰਸ ਵਿਭਾਗ ਵਿਖੇ ਇੰਪਾਵਰਡ ਕਮੇਟੀ ਵੱਲੋਂ ਪ੍ਰਵਾਨ ਕੀਤੇ ਗਏ।

------

## ਮੰਡੀ ਖੁਰਦ ਮਾਈਨਰ ਨੂੰ ਪੱਕਾ ਕਰਕੇ ਚਾਲੂ ਕਰਨਾ

***2093 (ਸੀ.ਯੂ.). ਸਰਦਾਰ ਜਗਦੇਵ ਸਿੰਘ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਠੀਕ ਹੈ ਕਿ ਪਿੰਡਾਂ (ਮੰਡੀ ਖੁਰਦ, ਕੁੱਤੀਵਾਲ ਕਲਾਂ, ਕੁੱਤੀਵਾਲ ਖੁਰਦ, ਭੈਣੀਚੂਹੜ ਆਦਿ) ਨੂੰ ਪਾਣੀ ਦੇਣ ਵਾਲੀ ਮੰਡੀ ਖੁਰਦ ਮਾਈਨਰ ਨੂੰ ਫਿਰ ਤੋਂ ਬੰਦ ਕਰ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਮਾਈਨਰ ਨੂੰ ਪੱਕਾ ਕਰਕੇ ਕਿੰਨੇ ਸਮੇਂ ਵਿੱਚ ਚਾਲੂ ਕਰ ਦਿੱਤਾ ਜਾਵੇਗਾ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ:** ਨਹੀਂ ਜੀ। ਪਿੰਡ ਮੰਡੀ ਖੁਰਦ, ਕੁੱਤੀਵਾਲ ਕਲਾਂ, ਕੁੱਤੀਵਾਲ ਖੁਰਦ ਅਤੇ ਭੈਣੀਚੂਹੜ ਜੋਗਾ ਰਜਬਾਹੇ ਦੇ ਮਾਈਨਰ ਨੰ: 1 ਅਧੀਨ ਪੈਂਦੇ ਹਨ। ਇਹ ਮਾਈਨਰ ਜਨਵਰੀ, 2019 ਦੇ ਦੂਸਰੇ ਹਫਤੇ ਤੱਕ ਚਾਲੂ ਅਵਸਥਾ ਵਿੱਚ ਨਹੀਂ ਸੀ ਕਿਉਂਕਿ ਇਹ ਮਾਈਨਰ ਬੁਰਜ ਢਿੱਲਵਾਂ ਦੇ ਕਿਸਾਨਾਂ ਵੱਲੋਂ ਮਿਤੀ 07/09/2018 ਨੂੰ ਢਾਹ ਦਿੱਤੀ ਗਈ ਸੀ। ਇਸ ਸਬੰਧੀ ਇਕ ਕੋਰਟ ਕੇਸ ਡਿਸਟ੍ਰਿਕ ਕੋਰਟ ਮਾਨਸਾ ਵਿਖੇ ਪੈਂਡਿੰਗ ਸੀ। ਜਿਸ ਦਾ ਫੈਸਲਾ ਮਿਤੀ 03/01/2019 ਨੂੰ ਹੋਣ ਤੋਂ ਬਾਅਦ ਇਸ ਮਾਈਨਰ ਵਿੱਚ ਪਾਣੀ ਦੀ ਸਪਲਾਈ 15/01/2019 ਨੂੰ ਚਾਲੂ ਕਰ ਦਿੱਤੀ ਗਈ, ਹੁਣ ਇਹ ਮਾਈਨਰ ਚਾਲੂ ਅਵਸਥਾ ਵਿੱਚ ਹੈ ਅਤੇ ਹਿੱਸੇਦਾਰਾਂ ਨੂੰ ਉਨ੍ਹਾਂ ਦੀ ਮੰਗ ਅਨੁਸਾਰ ਪਾਣੀ ਦਿੱਤਾ ਜਾ ਰਿਹਾ ਹੈ।

------

## ਬੇਘਰੇ ਅਤੇ ਬੇਜ਼ਮੀਨੇ ਲੋਕਾਂ ਨੂੰ ਘਰ ਮੁਹੱਈਆ ਕਰਵਾਉਣਾ

***2095 (ਸੀ.ਯੂ.) ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਵਿੱਚ ਸਾਰੇ ਬੇਘਰਿਆਂ ਨੂੰ ਘਰ ਮੁਹੱਈਆ ਕਰਾਉਣ ਦੀ ਸਕੀਮ ਤਹਿਤ ਰਾਜ ਸਰਕਾਰ ਵੱਲੋਂ 1 ਅਪ੍ਰੈਲ, 2017 ਤੋਂ ਹੁਣ ਤੱਕ ਕਿੰਨੀ ਰਾਸ਼ੀ ਦਿੱਤੀ ਗਈ ਹੈ ਅਤੇ ਅੱਗੇ ਲਈ ਕਿੰਨੇ ਲਾਭਪਾਤਰੀਆਂ ਨੂੰ ਇਸ ਸਕੀਮ ਅਧੀਨ ਵਿੱਤੀ ਸਹਾਇਤਾ ਦੇਣ ਲਈ ਚੋਣ ਕੀਤੀ ਗਈ ਹੈ;

(ਅ) ਅਜਿਹੇ ਬੇਘਰਿਆਂ ਅਤੇ ਬੇਜ਼ਮੀਨੇ ਲੋਕ ਜੋ ਬਿਲਕੁਲ ਬਾਹਰ ਤੰਬੂਆਂ ਵਿੱਚ ਗੁਜ਼ਾਰਾ ਕਰ ਰਹੇ ਹਨ, ਉਨ੍ਹਾਂ ਨੂੰ ਘਰ ਬਣਾਉਣ ਲਈ ਕੋਈ ਪਲਾਟ ਵਗੈਰਾ ਦੇਣ ਲਈ ਸਰਕਾਰ ਕੀ ਉਪਰਾਲੇ ਕਰ ਰਹੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸ਼੍ਰੀਮਾਨ ਜੀ,

(ੳ) ਰਾਜ ਵਿੱਚ ਸਾਰੇ ਬੇਘਰਿਆਂ ਨੂੰ ਘਰ ਮੁਹੱਈਆ ਕਰਾਉਣ ਦੀ ਸਕੀਮ ਤਹਿਤ ਰਾਜ ਸਰਕਾਰ ਵੱਲੋਂ 1 ਅਪ੍ਰੈਲ, 2017 ਤੋਂ ਹੁਣ ਤੱਕ ਕੁੱਲ 146.28 ਕਰੋੜ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਅੱਗੇ ਲਈ ਆਉਣ ਵਾਲੇ ਵਿੱਤੀ ਸਾਲ 2019-20 ਲਈ ਕੇਂਦਰ ਸਰਕਾਰ ਤੋਂ 10,000 ਘਰਾਂ ਦੇ ਟੀਚੇ ਦੀ ਮੰਗ ਕੀਤੀ ਗਈ ਹੈ ਜਿਸ ਵਿੱਚੋਂ ਸਮੂਹ ਜ਼ਿਲ੍ਹਿਆਂ ਵੱਲੋਂ ਪੀ.ਐਮ.ਏ.ਵਾਈ. (ਜੀ) ਦੀ ਸਥਾਈ ਉਡੀਕ ਸੂਚੀ ਵਿੱਚੋਂ ਅਜੇ ਤੱਕ ਲਗਭਗ 6,000 ਲਾਭਪਾਤਰੀਆਂ ਨੂੰ ਇਸ ਸਕੀਮ ਅਧੀਨ ਵਿੱਤੀ ਸਹਾਇਤਾ ਦੇਣ ਲਈ ਚੋਣ ਕੀਤੀ ਗਈ ਅਤੇ ਬਾਕੀ 4,000 ਲਾਭਪਾਤਰੀਆਂ ਦੀ ਚੋਣ ਲਈ ਦੁਬਾਰਾ ਤੋਂ ਪੜਤਾਲ ਜਾਰੀ ਹੈ।

(ਅ) ਸਰਕਾਰ ਵੱਲੋਂ ਪੇਂਡੂ ਖੇਤਰ ਵਿੱਚ ਬੇਘਰੇ ਬੇਜ਼ਮੀਨੇ ਪਰਿਵਾਰਾਂ ਨੂੰ 5 ਮਕਾਨ ਬਣਾਉਣ ਲਈ 5-5 ਮਰਲੇ ਦੇ ਪਲਾਟ ਦੇਣ ਸਬੰਧੀ ਮਿਤੀ 17.4.2001 ਨੂੰ ਸਕੀਮ ਬਣਾਈ ਗਈ ਸੀ। ਇਸ ਸਕੀਮ ਸਬੰਧੀ ਮਿਤੀ 31 ਦਸੰਬਰ, 2019 ਨੂੰ ਵੱਖ ਵੱਖ ਅਖ਼ਬਾਰਾਂ ਵਿੱਚ ਇਸ਼ਤਿਹਾਰ ਵੀ ਦਿੱਤਾ ਗਿਆ ਸੀ। ਰਾਜ ਦੇ ਸਮੂਹ ਜ਼ਿਲ੍ਹਿਆਂ ਵਿੱਚ ਸਾਲ 2018-19 ਦੌਰਾਨ 3,41,780 ਦਰਖਾਸਤਾਂ ਪ੍ਰਾਪਤ ਹੋਈਆਂ ਹਨ। ਚੋਣਾਂ ਦੌਰਾਨ ਗ੍ਰਾਮ ਪੰਚਾਇਤਾਂ ਭੰਗ ਹੋਣ ਕਾਰਨ ਕੰਮ ਵਿੱਚ ਖੜੋਤ ਆ ਗਈ ਸੀ। ਹੁਣ ਨਵੀਆਂ ਗ੍ਰਾਮ ਪੰਚਾਇਤਾਂ ਹੋਂਦ ਵਿੱਚ ਆ ਗਈਆਂ ਹਨ ਅਤੇ ਯੋਗ ਪਾਏ ਜਾਣ ਵਾਲੇ ਲਾਭਪਾਤਰੀਆਂ ਨੂੰ ਪਲਾਟ ਅਲਾਟ ਕਰ ਦਿੱਤੇ ਜਾਣਗੇ।

------

## ਸ.ਸ.ਸ. ਸਕੂਲ ਨੂਰਮਹਿਲ ਦੀ ਨਵੀਂ ਬਿਲਡਿੰਗ ਦੀ ਉਸਾਰੀ

***2097 (ਸੀ.ਯੂ.). ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨੂਰਮਹਿਲ (ਜ਼ਿਲ੍ਹਾ ਜਲੰਧਰ) ਦੀ ਨਵੀਂ ਬਿਲਡਿੰਗ ਤਿੰਨ ਸਾਲਾਂ ਤੋਂ ਉਸਾਰੀ ਅਧੀਨ ਹੋਣ ਕਾਰਨ ਇਸ ਸਕੂਲ ਦੇ ਵਿਦਿਆਰਥੀਆਂ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨੂਰਮਹਿਲ (ਲੜਕੀਆਂ) ਜਿਸ ਦੀ ਬਿਲਡਿੰਗ ਛੋਟੀ ਹੈ ਤੇ ਰਿਹਾਇਸ਼ੀ ਇਲਾਕੇ ਵਿੱਚ ਸਥਿਤ ਹੈ, ਵਿੱਚ ਸ਼ਿਫਟ ਕੀਤਾ ਹੋਇਆ ਹੈ;

[ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ]

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਕੂਲ ਦੀ ਬਿਲਡਿੰਗ ਨੂੰ ਨੇਪਰੇ ਚਾੜ੍ਹਨ ਲਈ ਰਾਜ ਸਰਕਾਰ ਨੇ ਕਿੰਨੇ ਲੋੜੀਂਦੇ ਫੰਡਜ਼ ਰਿਲੀਜ਼ ਕੀਤੇ ਸਨ, ਹੁਣ ਤੱਕ ਇਸ ਬਿਲਡਿੰਗ ਤੇ ਕਿੰਨਾ ਖਰਚਾ ਕੀਤਾ ਜਾ ਚੁੱਕਾ ਹੈ ਅਤੇ ਸਕੂਲ ਦੀ ਬਿਲਡਿੰਗ ਨੂੰ ਕਦੋਂ ਤੱਕ ਮੁਕੰਮਲ ਕਰ ਦਿੱਤਾ ਜਾਵੇਗਾ?

**ਸ਼੍ਰੀ ਵਿਜੈ ਇੰਦਰ ਸਿੰਗਲਾ:**

(ੳ) ਹਾਂ ਜੀ, ਜਨਵਰੀ, 2005 ਵਿੱਚ ਲੜਕੇ ਅਤੇ ਲੜਕੀਆਂ ਦਾ ਸਕੂਲ Merge ਕਰ ਦਿੱਤਾ ਗਿਆ ਸੀ।

(ਅ) ਸਿੱਖਿਆ ਵਿਭਾਗ ਵੱਲੋਂ ਇਸ ਸਕੂਲ ਦੀ ਉਸਾਰੀ ਲਈ ਪੰਜਾਬ ਸਿੱਖਿਆ ਵਿਕਾਸ ਬੋਰਡ ਤੋਂ ਫੰਡ ਲੈ ਕੇ ਲੋਕ ਨਿਰਮਾਣ ਵਿਭਾਗ ਨੂੰ 1,14,31,000/- ਰੁਪਏ ਦੋ ਕਿਸ਼ਤਾਂ ਵਿੱਚ ਦੇਣ ਦੀ ਤਜਵੀਜ਼ ਸੀ। ਪਹਿਲੀ ਕਿਸ਼ਤ ਵਜੋਂ 57,15,500/- ਰੁਪਏ ਜਾਰੀ ਕਰ ਦਿੱਤੇ ਗਏ ਸਨ ਅਤੇ ਪਹਿਲੇ ਪੜਾਅ ਦਾ ਕੰਮ ਪੂਰਾ ਕਰਵਾ ਲਿਆ ਗਿਆ ਸੀ। ਡਿਪਟੀ ਕਮਿਸ਼ਨਰ, ਜਲੰਧਰ ਨੂੰ ਦੂਜੇ ਪੜਾਅ ਦੀ ਕਿਸ਼ਤ (57,15,500) ਰੁਪਏ ਪ੍ਰਾਪਤ ਕਰਨ ਲਈ ਇਹ ਮਸਲਾ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਜਾਂ ਵਿੱਤ ਵਿਭਾਗ, ਪੰਜਾਬ ਨਾਲ ਟੇਕਅੱਪ ਕਰਨ ਲਈ ਲਿਖਿਆ ਗਿਆ ਸੀ। ਇਸ ਉਪਰੰਤ ਭਾਰਤੀ ਪੁਰਾਤਤਵ ਸਰਵੇਖਣ, ਭਾਰਤ ਸਰਕਾਰ ਵੱਲੋਂ ਨੋਟਿਸ ਕੱਢਿਆ ਗਿਆ ਅਤੇ ਉਸਾਰੀ ਤੇ ਰੋਕ ਲਗਾ ਦਿੱਤੀ ਗਈ।

------

**Appendix**
**to**
**Annexure**
**to**
**PUNJAB VIDHAN SABHA**
**DEBATES**

*Monday, the 25th Februrary, 2019*

Vol. VII-No. 9

------

## UNSTARRED QUESTIONS (CONVERTED AS SUCH FROM BEING STARRED QUESTIONS) AND ANSWERS

### ਗੜ੍ਹਸੰਕਰ ਦੇ ਮੁਹੱਲਾ ਸੈਨੀਟੇਸ਼ਨ ਵਰਕਰਾਂ ਨੂੰ ਡੀ.ਸੀ. ਰੇਟ ਤੇ ਅਦਾਇਗੀ ਕਰਨਾ

***1737 (ਸੀ.ਯੂ.). ਸਰਦਾਰ ਜੈ ਕ੍ਰਿਸ਼ਨ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਮੁਹੱਲਾ ਸੈਨੀਟੇਸ਼ਨ ਵਰਕਰਾਂ ਨੂੰ ਕੇਵਲ 2400/- ਰੁਪਏ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕਿ ਇਨ੍ਹਾਂ ਨੂੰ ਡੀ.ਸੀ. ਰੇਟ ਤੇ ਅਦਾਇਗੀ ਕਰਨ ਦਾ ਕੋਈ ਪ੍ਰਸਤਾਵ ਸਰਕਾਰ ਦੇ ਵਿਚਾਰ ਅਧੀਨ ਹੈ?

**ਸ਼੍ਰੀ ਬ੍ਰਹਮ ਮਹਿੰਦਰਾ :** ਨਗਰ ਕੌਂਸਲ, ਗੜ੍ਹਸ਼ੰਕਰ ਵਲੋਂ ਮਿਤੀ 1-6-2020 ਤੋਂ ਇਨ੍ਹਾਂ ਮੁਹੱਲਾ ਸਫਾਈ ਕਰਮਚਾਰੀਆਂ ਨੂੰ ਡੀ.ਸੀ. ਰੇਟ ਤੇ 9576/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਤਨਖਾਹ ਦੀ ਅਦਾਇਗੀ ਕੀਤੀ ਜਾ ਰਹੀ ਹੈ।

------

### ਮਾਲਵਾ ਕਾਟਨ ਬੈਲਟ ਖੇਤਰ ਵਿੱਚ ਦਿੱਤੀ ਗਈ ਸਬਸਿਡੀ ਦਾ ਵੇਰਵਾ

***1881 (ਸੀ.ਯੂ.). ਸ਼੍ਰੀਮਤੀ ਰੁਪਿੰਦਰ ਕੌਰ ਰੂਬੀ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਮਾਲਵਾ ਕਾਟਨ ਬੈਲਟ ਦੇ ਖੇਤਰ ਵਿੱਚ ਨਰਮੇ ਦੀ ਖੇਤੀ ਨੂੰ ਪ੍ਰਫੁੱਲਿਤ ਕਰਨ ਲਈ ਕੋਈ ਸਬਸਿਡੀ ਦਿੱਤੀ ਜਾਂਦੀ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ 17 ਮਾਰਚ, 2017 ਤੋਂ 31 ਦਸੰਬਰ, 2018 ਤੱਕ ਮਾਲਵਾ ਕਾਟਨ ਖੇਤਰ ਵਿੱਚ ਦਿੱਤੀ ਗਈ ਸਬਸਿਡੀ ਦੇ ਵੇਰਵੇ ਕੀ ਹਨ?

**ਕੈਪਟਨ ਅਮਰਿੰਦਰ ਸਿੰਘ :** (ੳ) ਨਹੀਂ।

(ਅ) ਲਾਗੂ ਨਹੀਂ।

------

**ਵੱਖ ਵੱਖ ਭਲਾਈ ਸਕੀਮਾਂ ਦਾ ਲਾਭ ਪ੍ਰਾਪਤ ਕਰਨ ਲਈ ਆਮਦਨ ਦੀ ਹੱਦ**

*1903 **(ਸੀ.ਯੂ.). 1. ਡਾ. ਰਾਜ ਕੁਮਾਰ ਚੱਬੇਵਾਲ**
**2. ਡਾ. ਸੁਖਵਿੰਦਰ ਕੁਮਾਰ** **:** ਕੀ ਭਲਾਈ ਮੰਤਰੀ

ਕਿਰਪਾ ਕਰਕੇ ਦੱਸਣਗੇ ਕਿ :-

(ੳ) ਰਾਜ ਵਿੱਚ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਗਰੀਬੀ ਰੇਖਾ ਤੋਂ ਹੇਠਲੇ ਲਾਭਪਾਤਰੀਆਂ ਅਤੇ ਇਨ੍ਹਾਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਭਲਾਈ ਸਕੀਮਾਂ ਲਈ ਵੱਖ ਵੱਖ ਭਲਾਈ ਸਕੀਮਾਂ ਅਧੀਨ ਲਾਭ/ਸਹੂਲਤਾਂ ਪ੍ਰਾਪਤ ਕਰਨ ਵਾਸਤੇ ਮੌਜੂਦਾ ਆਮਦਨ ਦੀ ਹੱਦ ਕਿੰਨੀ ਹੈ;

(ਅ) ਕੀ ਸਰਕਾਰ ਹੋਰ ਗਰੀਬ ਲੋਕਾਂ ਨੂੰ ਇਨ੍ਹਾਂ ਸਕੀਮਾਂ ਅਧੀਨ ਲਿਆਉਣ ਵਾਸਤੇ ਇਸ ਆਮਦਨ ਦੀ ਹੱਦ ਵਿੱਚ ਵਾਧਾ ਕਰੇਗੀ?

**ਡਾਕਟਰ ਬਲਜੀਤ ਕੌਰ:** (ੳ)

| **ਲੜੀ** | **ਸਕੀਮ ਦਾ ਨਾਮ (ਸਾਲਾਨਾ)** | **ਆਮਦਨ ਹੱਦ ਨੰ:** |
|---|---|---|
| 1 | ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਐਸ.ਸੀ. ਸਟੂਡੈਂਟਸ | 2.50 ਲੱਖ ਰੁਪਏ |
| 2. | ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਓ.ਬੀ.ਸੀ., ਈ.ਬੀ.ਸੀ., ਅਤੇ ਡੀ.ਐਨ.ਟੀ. ਸਟੂਡੈਂਟਸ | 2.50 ਲੱਖ ਰੁਪਏ |
| 3. | ਟੋਪ ਕਲਾਸ ਕਾਲਜ ਐਜੂਕੇਸਨ ਫਾਰ ਓ.ਬੀ.ਸੀ., ਈ.ਬੀ.ਸੀ. ਅਤੇ ਡੀ.ਐਨ.ਟੀ. ਸਟੂਡੈਂਟਡਸ | 2.50 ਲੱਖ ਰੁਪਏ |
| 4. | ਡਾ. ਅੰਬੇਦਕਰ ਐਸ.ਸੀ. ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ | 4.00 ਲੱਖ ਰੁਪਏ |
| 5. | ਸ਼ਗਨ ਸਕੀਮ | 32,790/-(ਰੁਪਏ) |
| 6. | 24 ਟਰੇਨਿੰਗ-ਕਮ-ਪ੍ਰੋਡਕਸ਼ਨ ਸੈਂਟਰਾਂ ਦੀ ਸਕੀਮ | 67,049/-ਰੁਪਏ ਪੇਂਡੂ ਖੇਤਰਾਂ ਲਈ 88,756/-ਰੁਪਏ (ਸ਼ਹਿਰੀ ਖੇਤਰਾਂ ਲਈ) |

| | | |
|---|---|---|
| 7. | 108 ਕਮਿਊਨਿਟੀ ਸੈਂਟਰਾਂ ਦੀ ਸਕੀਮ | 67,049/-ਰੁਪਏ ਪੇਂਡੂ ਖੇਤਰਾਂ ਲਈ 88,756/-ਰੁਪਏ (ਸ਼ਹਿਰੀ ਖੇਤਰਾਂ ਲਈ) |
| 8. | ਸੈਟਿੰਗ ਅੱਪ ਆਫ ਇੰਸਟੀਚਿਊਟ ਫਾਰ ਟ੍ਰੇਨਿੰਗ ਇੰਨ ਟਾਈਪੰਗ ਐਂਡ ਸਟੈਨੋਗ੍ਰਾਫੀ ਟੂ ਬਿਲੋਅ ਪਾਵਰਟੀ ਸਕੀਮ | 67,049/-ਰੁਪਏ ਪੇਂਡੂ ਖੇਤਰਾਂ ਲਈ 88,756/-ਰੁਪਏ (ਸ਼ਹਿਰੀ ਖੇਤਰਾਂ ਲਈ) |
| 9. | ਸੈਟਿੰਗ ਅੱਪ ਆਫ ਇੰਸਟੀਚਿਊਟ ਫਾਰ ਪ੍ਰੀ ਐਗਜਾਮੀਨੇਸ਼ਨ ਅੰਬੇਦਕਰ ਇੰਸਟੀਚਿਊਟ ਫਾਰ ਕੈਰੀਅਰ ਐਂਡ ਕੋਰਸਿਜ਼, ਮੋਹਾਲੀ, ਐਂਡ ਅਲਾਈਡ ਅਸਿਸਟੈਂਸ ਫਾਰ ਵੀਕਰ ਸੈਕਸ਼ਨ ਇਨਕਲੂਡਿੰਗ ਐੱਸ.ਸੀਜ਼, ਓ.ਬੀ.ਸੀਜ਼ ਐਂਡ ਮਾਇਨਾਰਟੀਜ਼ | 3.00 ਲੱਖ ਰੁਪਏ |
| 10. | ਸਿੱਧਾ ਕਰਜ਼ਾ ਸਕੀਮ | 3.00 ਲੱਖ ਰੁਪਏ |
| 11. | ਨੈਸ਼ਨਲ ਅਨੁਸੂਚਿਤ ਜਾਤੀਆਂ ਵਿੱਚ ਅਤੇ ਵਿਕਾਸ ਕਾਰਪੋਰੇਸ਼ਨ ਦੀ ਕਰਜ਼ਾ ਸਕੀਮ | 3.00 ਲੱਖ ਰੁਪਏ |
| 12. | ਬੈਂਕ ਟਾਈ-ਅੱਪ ਸਕੀਮ | 67,648/-ਰੁਪਏ ਪੇਂਡੂ ਖੇਤਰਾਂ ਲਈ 88,756/-ਰੁਪਏ (ਸ਼ਹਿਰੀ ਖੇਤਰਾਂ ਲਈ) |
| 13. | ਸ਼ੇਅਰ ਕੈਪੀਟਲ ਕੰਟਰੀਬਿਊਸ਼ਨ ਟੂ ਪੰਜਾਬ ਬੈਕਵਰਡ ਕਲਾਸਿਜ਼ ਲੈਂਡ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ | 1.00 ਲੱਖ ਰੁਪਏ |
| 14. | ਮਾਰਜਿਨ ਮਨੀ ਟੂ ਬੈਂਕਫਿੰਕੋ ਟੂ ਰੇਜ਼ ਟਰਮ ਲੋਨ ਫਰਾਮ ਐਨ.ਬੀ.ਸੀ.ਐਫ.ਡੀ.ਸੀ. | 3.00 ਲੱਖ ਰੁਪਏ |
| 15. | ਮਾਰਜਿਨ ਮਨੀ ਟੂ ਬੈਕਵਰਡ ਕਲਾਸਜ਼ ਫਾਈਨੈਂਸੀਅਲ ਕਾਰਪੋਰੇਸ਼ਨ ਅੰਡਰ ਨੈਸ਼ਨਲ ਮਾਇਨਾਰਟੀ ਡਿਵੈਲਪਮੈਂਟ ਐਂਡ ਫਾਈਨਾਂਸ ਕਾਰਪੋਰੇਸ਼ਨ | 6.00 ਲੱਖ ਰੁਪਏ |

(ਅ) ਅਜਿਹਾ ਕੋਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

------

## ਪਿੰਡ ਘੁੱਦਾ ਜ਼ਿਲ੍ਹਾ ਬਠਿੰਡਾ ਦੇ ਕਮਿਊਨਿਟੀ ਹਾਲ ਦੀ ਮੁਰੰਮਤ ਕਰਵਾਉਣਾ

***2018 (ਸੀ.ਯੂ.). ਸ਼੍ਰੀਮਤੀ ਰੁਪਿੰਦਰ ਕੌਰ ਰੂਬੀ :** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਪਿੰਡ ਘੁੱਦਾ, ਜ਼ਿਲ੍ਹਾ ਬਠਿਡਾ ਵਿਖੇ ਕਮਿਊਨਿਟੀ ਹਾਲ ਦੇ ਦਰਵਾਜ਼ੇ ਅਤੇ ਖਿੜਕੀਆਂ ਨਾ ਹੋਣ ਅਤੇ ਖਸਤਾ ਹਾਲਤ ਹੋਣ ਕਾਰਨ ਗਰੀਬ ਲੋਕਾਂ ਨੂੰ ਆਪਣੇ ਪ੍ਰੋਗਰਾਮ ਕਰਨ ਵਿੱਚ ਬਹੁਤ ਦਿੱਕਤ ਆਉਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਉਕਤ ਕਮਿਊਨਿਟੀ ਹਾਲ ਦੇ ਲੋੜੀਂਦੇ ਕੰਮ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਹਾਂ ਜੀ, ਪਰ ਅਜੇ ਕਮਿਊਨਟੀ ਸੈਂਟਰਾਂ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

------

## ਪੰਜਾਬ ਸਟੇਟ ਟਿਊਬਵੈੱਲ ਕਾਰਪੋਰੇਸ਼ਨ ਦੇ ਖਾਲਾਂ ਰਾਹੀਂ ਨਹਿਰੀ ਪਾਣੀ ਕਿਸਾਨਾਂ ਤੱਕ ਪਹੁੰਚਾਉਣਾ

*** 2040 (ਸੀ.ਯੂ.). ਸ਼੍ਰੀ ਦਲਵੀਰ ਸਿੰਘ ਗੋਲਡੀ :** ਕੀ ਜਲ ਸਰੋਤ ਮੰਤਰੀ ਕਿਰਪਾ ਦਸਣਗੇ ਕਿ–

(ੳ) ਕੀ ਧੂਰੀ ਹਲਕੇ ਦੇ ਡਾਰਕ ਜ਼ੋਨ ਏਰੀਏ, ਜਿੱਥੇ ਪੀ.ਐਸ.ਟੀ.ਸੀ. ਦੇ ਟਿਊਬਵੈੱਲ ਵੀ ਸੁੱਕ ਚੁੱਕੇ ਹਨ; ਦੇ ਕਿਸਾਨਾਂ ਨੂੰ ਸਿੰਜਾਈ ਲਈ ਨਹਿਰੀ ਪਾਣੀ ਦੇਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਦੇ ਵੇਰਵੇ ਕੀ ਹਨ;

(ਅ) ਬਰਸਾਤਾਂ ਸਮੇਂ ਵਾਧੂ ਨਹਿਰੀ ਪਾਣੀ ਨੂੰ ਜਮ੍ਹਾਂ ਕਰਕੇ ਵਾਟਰ ਰਿਚਾਰਜ ਸਿਸਟਮ ਰਾਹੀਂ ਧਰਤੀ ਵਿੱਚ ਪਾਉਣ ਨਾਲ ਧਰਤੀ ਦੇ ਹੇਠਲੇ ਪਾਣੀ ਦੇ ਸ੍ਰੋਤ ਨੂੰ ਬਚਾਉਣ ਅਤੇ ਵਧਾਉਣ ਲਈ ਕੀ ਸਰਕਾਰ ਕੋਈ ਯੋਗ ਉਪਰਾਲਾ ਕਰ ਰਹੀ ਹੈ?

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :**

(ੳ) ਧੂਰੀ ਹਲਕੇ ਦੇ ਡਾਰਕ ਜ਼ੋਨ ਏਰੀਏ, ਜਿੱਥੇ ਪੀ.ਐਸ.ਟੀ.ਸੀ. ਦੇ ਟਿਊਬਵੈੱਲ ਵੀ ਸੁੱਕ ਚੁੱਕੇ ਹਨ, ਦੇ ਕਿਸਾਨਾਂ ਨੂੰ ਸਿੰਜਾਈ ਲਈ ਨਹਿਰੀ ਪਾਣੀ ਦੇਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

(ਅ) ਪੰਜਾਬ ਵਿੱਚ ਹੇਠਲੇ ਪਾਣੀ ਦੇ ਡਿਗਦੇ ਪੱਧਰ ਨੂੰ ਰੋਕਣ ਲਈ 13 ਜ਼ਿਲ੍ਹਿਆਂ ਦੇ 39 ਓਵਰ ਐਕਸਪਲਾਆਇਟਿੱਡ ਬਲਾਕਾਂ ਵਿੱਚ ਮੌਨਸੂਨ ਦੌਰਾਨ ਉਪਲਬਧ

ਵਾਧੂ ਨਹਿਰੀ ਪਾਣੀ ਦੀ ਵਰਤੋਂ ਕਰਕੇ ਆਰਟੀਫਿਸ਼ੀਅਲ ਰੀਚਾਰਜ ਸਕੀਮਾਂ ਦੀ ਤਜਵੀਜ਼ ਤਿਆਰ ਕਰਨ ਉਪਰੰਤ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ (P M K S Y) ਦੇ ਅਧੀਨ ਨੋਡਲ ਏਜੰਸੀ ਖੇਤੀਬਾੜੀ ਵਿਭਾਗ, ਪੰਜਾਬ ਨੂੰ ਭੇਜੀ ਗਈ ਸੀ। ਇਹ ਸਕੀਮ ਡਿਸਟ੍ਰਿਕਟ ਇਰੀਗੇਸ਼ਨ ਪਲਾਨ (ਡੀ.ਆਈ.ਪੀ.) ਅਤੇ ਸਟੇਟ ਇਰੀਗੇਸ਼ਨ ਪਲਾਨ (ਐਸ.ਆਈ.ਪੀ.) ਇਰੀਗੇਸ਼ਨ ਪਲਾਨ (ਐਸ.ਆਈ.ਪੀ.) ਦਾ ਹਿੱਸਾ ਨੂੰ ਸਟੇਟ ਲੈਵਲ ਸੈਂਕਸ਼ਨਿੰਗ ਕਮੇਟੀ (ਐਸ.ਐਲ.ਐਸ.ਸੀ.) ਦੁਆਰਾ ਮਿਤੀ 08.06.2017 ਨੂੰ ਹੋਈ ਮੀਟਿੰਗ ਵਿੱਚ ਅਪਰੂਵ ਕੀਤਾ ਜਾ ਚੁੱਕਾ ਹੈ। ਇਸ ਸਕੀਮ ਤੇ ਲਗਭਗ 429.45 ਕਰੋੜ ਰੁਪਏ ਦਾ ਖਰਚਾ ਆਵੇਗਾ ਅਤੇ ਇਹ ਲਗਭਗ 5 ਸਾਲਾਂ ਵਿੱਚ ਲਾਗੂ ਕੀਤੀ ਜਾਵੇਗੀ।

ਜਲ ਸਰੋਤ ਵਿਭਾਗ, ਪੰਜਾਬ ਐਸ.ਏ.ਐਸ. ਨਗਰ ਵੱਲੋਂ ਇਸ ਬਾਰੇ ਸੈਂਟਰਲ ਵਾਟਰ ਕਮਿਸ਼ਨ ਅਤੇ ਸੈਂਟਰਲ ਗਰਾਊਂਡ ਵਾਟਰ ਬੋਰਡ ਨਾਲ ਤਾਲਮੇਲ ਕੀਤਾ ਗਿਆ, ਉਨ੍ਹਾਂ ਨੇ ਸੂਚਿਤ ਕੀਤਾ ਹੈ ਕਿ ਸੈਂਟਰਲ ਵਾਟਰ ਕਮਿਸ਼ਨ ਅਤੇ ਸੈਂਟਰਲ ਗਰਾਊਂਡ ਵਾਟਰ ਬੋਰਡ ਕੋਲ ਇਸ ਸਕੀਮ ਲਈ ਕੋਈ ਫੰਡ ਉਪਲਬਧ ਨਹੀਂ ਹੈ।

------

## ਹਲਕਾ ਜੀਰਾ ਦੀ ਮੱਲਾਂਵਾਲਾ ਨਗਰ ਪੰਚਾਇਤ ਵਿੱਚ ਸੀਵਰੇਜ ਪਾਉਣਾ

* **2061. (ਸੀ.ਯੂ.). ਸਰਦਾਰ ਕੁਲਬੀਰ ਸਿੰਘ ਜੀਰਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਜੀਰਾ ਦੀ ਮੱਲਾਂਵਾਲਾ ਨਗਰ ਪੰਚਾਇਤ ਵਿੱਚ ਸੀਵਰੇਜ ਪਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਤਜਵੀਜ਼ ਕਦੋਂ ਤੱਕ ਅਮਲ ਵਿੱਚ ਲਿਆਂਦੀ ਜਾਵੇਗੀ?

**ਸ਼੍ਰੀ ਬ੍ਰਹਮ ਮਹਿੰਦਰਾ :** ਜੀ ਹਾਂ, ਮੱਲਾਂਵਾਲਾ ਟਾਊਨ ਵਿੱਚ ਸੀਵਰੇਜ ਦੀ ਸਹੂਲਤ ਉਪਲਬਧ ਨਹੀਂ ਹੈ। ਸੀਵਰੇਜ ਸਕੀਮ ਮੱਲਾਂਵਾਲਾ ਦੀ ਡਿਟੇਲਡ ਪ੍ਰੋਜੈਕਟ ਰਿਪੋਰਟ 40.14 ਕਰੋੜ ਦੀ ਤਿਆਰ ਕੀਤੀ ਗਈ ਹੈ ਜਿਸ ਵਿਚ 40.44 ਕਿਲੋਮੀਟਰ ਸੀਵਰ, 6855 ਨੰਬਰ ਹਾਊਸ ਕਨੈਕਸ਼ਨ, 4 ਮਿਲੀਅਨ ਲੀਟਰ ਪ੍ਰਤੀ ਦਿਨ ਕਪੈਸਿਟੀ ਦਾ 1 ਨੰਬਰ ਸੀਵੇਜ ਟਰੀਟਮੈਂਟ ਪਲਾਂਟ ਅਤੇ 1 ਨੰਬਰ ਮੇਨ ਪੰਪਿੰਗ ਸਟੇਸ਼ਨ ਦੀ ਪ੍ਰੋਵੀਜ਼ਨ ਕੀਤੀ ਗਈ ਹੈ, ਪ੍ਰੰਤੂ ਇਸ ਪ੍ਰੋਜੈਕਟ ਦੇ ਵਿਰੁੱਧ ਕੋਈ ਵੀ ਫੰਡਜ਼ ਪ੍ਰਪਤ ਨਹੀਂ ਹੋਏ ਹਨ। ਫੰਡਜ਼ ਪ੍ਰਾਪਤ ਹੋਣ ਤੇ ਮੱਲਾਂਵਾਲਾ ਟਾਊਨ ਵਿੱਚ ਸੀਵਰੇਜ ਦੀ ਸਹੂਲਤ ਮੁੱਹਈਆ ਕਰਵਾ ਦਿੱਤੀ ਜਾਵੇਗੀ।

------

©2019

Published under the authority of the Punjab Vidhan Sabha and type-setting & printed by the Controller, Printing & Stationery, Punjab at the Government Press, S.A.S. Nagar.

PGP, Mohali /10519/02-2019/230 Copies.